ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

5-11 ਮਾਰਚ 2025

ਸਾਲ 16ਵਾਂ - ਅੰਕ 10

email : info@sadelok.com

Ph. : 510-706-1300

Fax : 925-373-1300

## ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵਾਂ ਮਹਾਨ ਨਗਰ ਕੀਰਤਨ ਐਤਵਾਰ 9 ਮਾਰਚ 2025 ਨੂੰ



(ਦੇਖੋ ਸਫ਼ਾ 36-42 'ਤੇ)

## ਮੋਗਾ ਅਦਾਲਤ ਵੱਲੋਂ ਬਰਤਾਨਵੀ ਨਾਗਰਿਕ ਸ੍ਰ. ਜੱਗੀ ਜੌਹਲ ਬਰੀ

ਮੋਗਾ : ਪੰਜਾਬ ਵਿੱਚ ਟਾਰਗੇਟ ਕਿਲਿੰਗ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੌਹਲ ਉਰਫ਼ ਜੱਗੀ ਜੌਹਲ ਨੂੰ ਮੋਗਾ ਦੀ ਅਦਾਲਤ ਨੇ ਇੱਥੇ ਚਲਦੇ ਇੱਕ ਕੇਸ ਵਿੱਚੋਂ ਬਰੀ ਕਰ ਦਿੱਤਾ ਹੈ। ਜੱਗੀ ਜੌਹਲ ਤੇ ਉਸ ਦੇ ਤਿੰਨ ਸਾਥੀਆਂ ਨੂੰ ਤਿਹਾੜ ਜੇਲ੍ਹ ਵਿੱਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਸੀ। ਜੱਗੀ ਜੌਹਲ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ



(ਦੇਖੋ ਸਫ਼ਾ 3 'ਤੇ)

## ਪੰਜਾਬ 'ਚ ਨਸ਼ਿਆਂ ਖਿਲਾਫ਼ ਯੂ.ਪੀ. ਦਾ ਯੋਗੀ ਮਾਡਲ ਲਾਗੂ



(ਦੇਖੋ ਸਫ਼ਾ 21 'ਤੇ)

# ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 9 ਮਾਰਚ ਨੂੰ

## ਸਿੱਖ ਪੰਚਾਇਤ ਅਤੇ ਸਿੱਖ ਸੰਗਤ ਬੇ ਏਰੀਆ ਦੀਆਂ ਦੋ ਸਲੇਟਾਂ ਚੋਣ ਮੈਦਾਨ 'ਚ

ਫਰੀਮਾਂਟ/ਕੈਲੀਫੋਰਨੀਆ, (ਸਾਡੇ ਲੋਕ) : ਅਮਰੀਕਾ 'ਚ ਸਿੱਖਾਂ ਦੀ ਧੜੱਲੇਦਾਰ ਅਵਾਜ਼ ਸਮਝੇ ਜਾਂਦੇ ਗੁਰੂਘਰ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਇਸ ਆਉਣ ਵਾਲੇ ਐਤਵਾਰ 9 ਮਾਰਚ 2025 ਨੂੰ ਹੋ ਰਹੀਆਂ ਹਨ ਜਿਸ ਦੀਆਂ ਮੁਕੰਮਲ ਤਿਆਰੀਆਂ ਹੋ ਚੁੱਕੀਆਂ ਹਨ। ਇਸ ਵਾਰ ਸਿੱਧਾ ਮੁਕਾਬਲਾ ਸਿੱਖ ਪੰਚਾਇਤ ਜੋ ਕਿ ਇਸ ਸਮੇਂ ਗੁਰੂਘਰ ਦਾ ਪ੍ਰਬੰਧ ਸੰਭਾਲ ਰਹੀ ਹੈ ਸਿੱਖ ਸੰਗਤ ਬੇਏਰੀਆ ਨਾਲ ਹੋਵੇਗਾ। ਜਿਨ੍ਹਾਂ ਵਲੋਂ ਚੋਣ ਮੈਦਾਨ 'ਚ ਉਤਾਰੇ ਨੌਜਵਾਨ ਸਿੱਖ ਕਰਮਵਾਰ ਇਸ ਤਰ੍ਹਾਂ ਹਨ : ਸਿੱਖ ਪੰਚਾਇਤ ਸਲੇਟ

ਦੇਖੋ ਸਫ਼ਾ 26 'ਤੇ



(ਫਾਈਲ ਫੋਟੋ)

# ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਪੁਲਿਸ ਨੇ ਚੰਡੀਗੜ੍ਹ ਜਾਣ ਤੋਂ ਰੋਕੇ



ਚੰਡੀਗੜ੍ਹ-ਪੰਜਾਬ ਸਰਕਾਰ ਵਿਰੁੱਧ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੂੰ ਸੰਗਰੂਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਜੋਗਿੰਦਰ ਸਿੰਘ ਉਗਰਾਹਾਂ ਪਿੰਡ ਘਰਾਚੋਂ ਦੀ ਅਨਾਜ ਮੰਡੀ ਵਿੱਚ ਪਹੁੰਚ ਰਹੇ ਸਨ ਜਿੱਥੇ ਵੱਡੀ ਗਿਣਤੀ ਦੇ ਵਿੱਚ ਕਿਸਾਨ ਇਕੱਠੇ ਹੋਏ ਸਨ। ਉੱਥੇ ਪਹੁੰਚਣ ਤੋਂ ਪਹਿਲਾਂ ਹੀ

ਦੇਖੋ ਸਫ਼ਾ 25 'ਤੇ

## 'ਆਪ' ਦੀ ਸਰਕਾਰ ਐਨੀ ਕਮਜ਼ੋਰ ਨਹੀਂ ਕਿ ਕਿਸਾਨ ਸਰਕਾਰ ਦੀ ਗਰਦਨ 'ਤੇ ਗੋਡਾ ਰੱਖ ਕੇ ਮੰਗਾਂ ਮਨਵਾ ਲੈਣ

### ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਦੀ ਕਿਸਾਨਾਂ ਨੂੰ ਚਿਤਾਵਨੀ



ਦੇਖੋ ਸਫ਼ਾ 31 'ਤੇ

## ਹਰ ਫੈਸਲਾ ਲਾਗੂ ਕਰਵਾਉਣ ਲਈ ਵਚਨਬੱਧ ਹਾਂ : ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਉਹ ਜਿੰਨਾ ਚਿਰ ਅਹੁਦੇ 'ਤੇ ਹਨ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਦਿੱਤੇ ਹਰ ਫੈਸਲੇ ਨੂੰ ਲਾਗੂ ਕਰਵਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਵੀ ਤਿਆਰ ਹਨ। ਇਕ ਗੱਲਬਾਤ ਦੌਰਾਨ ਜਦੋਂ ਜਥੇਦਾਰ ਰਘਬੀਰ ਸਿੰਘ ਤੋਂ ਅਸਤੀਫ਼ੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਜਾਂਦਾ ਹੈ ਤਾਂ ਉਹ ਇਸ ਲਈ ਪਹਿਲਾਂ ਹੀ ਤਿਆਰ ਹਨ। ਜੇ ਹਟਾਇਆ ਗਿਆ ਤਾਂ ਕੱਪੜੇ ਬੈਗ ਵਿਚ ਪੈਕ ਹਨ ਤੇ ਗੁਰੂਆਂ ਦੇ ਆਦੇਸ਼ ਦਾ ਪਾਲਣ ਕਰਾਂਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹਰਜਿੰਦਰ ਸਿੰਘ ਧਾਮੀ ਨੂੰ ਆਪਣਾ ਅਸਤੀਫ਼ਾ ਵਾਪਸ ਲੈਣ ਲਈ ਸਬੰਧੀ ਉਨ੍ਹਾਂ ਸਪਸ਼ਟ ਕੀਤਾ ਕਿ ਉਹ ਪ੍ਰਧਾਨ ਧਾਮੀ ਨੂੰ



**ਅਸਤੀਫ਼ੇ ਲਈ ਵੀ ਤਿਆਰ ਹਾਂ, ਕੱਪੜੇ ਬੈਗ ਵਿਚ ਪੈਕ ਹਨ : ਜਥੇਦਾਰ**

(ਦੇਖੋ ਸਫ਼ਾ 23 'ਤੇ)

**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

**CJ Singh**
Broker License # 24012019
206-295-5993
Cjs@realtorcjs.com
HOMESMART ONE REALTY
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

**BIBA INSURANCE**
1.800.221.4187
Specializing in Truck Insurance for Owner Operators and Trucking Companies
License #0F71937
ਟਰੱਕਾਂ ਦੀ ਸਸਤੀ ਅਤੇ ਵਧੀਆ ਇੰਸ਼ੋਰੈਂਸ ਕਰਾਉਣ ਲਈ ਭਰੋਸੇਮੰਦ ਅਤੇ ਜ਼ੁੰਮੇਵਾਰ ਕੰਪਨੀ
ਬੀਬਾ ਇੰਸ਼ੋਰੈਂਸ
ਨੂੰ ਅੱਜ ਹੀ ਕਾਲ ਕਰੋ

**Punjabi International Services Inc**
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਮੋਗਾ ਅਦਾਲਤ ਵੱਲੋਂ ਬਰਤਾਨਵੀ ਨਾਗਰਿਕ ਜੱਗੀ ਜੌਹਲ ਬਰੀ

ਮੋਗਾ : ਪੰਜਾਬ ਵਿੱਚ ਟਾਰਗੇਟ ਕਿਲਿੰਗ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੌਹਲ ਉਰਫ਼ ਜੱਗੀ ਜੌਹਲ ਨੂੰ ਮੋਗਾ ਦੀ ਅਦਾਲਤ ਨੇ ਇੱਥੇ ਚਲਦੇ ਇੱਕ ਕੇਸ ਵਿੱਚੋਂ ਬਰੀ ਕਰ ਦਿੱਤਾ ਹੈ। ਜੱਗੀ ਜੌਹਲ ਤੇ ਉਸ ਦੇ ਤਿੰਨ ਸਾਥੀਆਂ ਨੂੰ ਤਿਹਾੜ ਜੇਲ੍ਹ ਵਿੱਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਸੀ। ਜੱਗੀ ਜੌਹਲ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਜਿਹੜੇ ਤਿੰਨ ਵਿਅਕਤੀਆਂ ਨੂੰ ਸਜ਼ਾ ਹੋਈ ਹੈ ਉਹਨਾਂ ਦੇ ਫੈਸਲੇ ਖਿਲਾਫ ਉਹ ਉੱਚ ਅਦਾਲਤ ਵਿੱਚ ਅਪੀਲ ਕਰਨਗੇ।

ਜ਼ਿਕਰਯੋਗ ਹੈ ਕਿ ਹਿੰਦੂ ਸੰਗਠਨਾਂ ਨਾਲ ਜੁੜੇ ਨਾਮੀ ਲੋਕਾਂ ਦੇ ਕਤਲ ਮਾਮਲੇ 'ਚ ਫੜੇ ਗਏ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੱਗੀ ਨੂੰ 4 ਨਵੰਬਰ 2017 ਨੂੰ ਪੰਜਾਬ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਜੌਹਲ ਦੀ ਗ੍ਰਿਫ਼ਤਾਰੀ ਉਸ ਦੇ ਵਿਆਹ ਤੋਂ ਕਰੀਬ 15 ਦਿਨਾਂ ਬਾਅਦ ਹੋਈ ਸੀ। ਜ਼ਿਕਰਯੋਗ ਹੈ ਕਿ ਉਸ ਦੀ ਗ੍ਰਿਫ਼ਤਾਰੀ ਵਿਰੁੱਧ ਕਈ ਦੇਸ਼ਾਂ ਵਿਚ ਪੰਜਾਬੀ ਭਾਈਚਾਰੇ ਵੱਲੋਂ ਵਿਰੋਧ ਪ੍ਰਦਰਸ਼ਨ ਵੀ ਕੀਤੇ ਗਏ ਸਨ। ਪੁਲਿਸ ਵੱਲੋਂ ਉਸ ਖ਼ਿਲਾਫ਼ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੈਂਬਰ ਹੋਣ ਦਾ ਦਾਅਵਾ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਇੰਗਲੈਂਡ ਦੇ ਖਿੱਤੇ ਸਕਾਟਲੈਂਡ ਦੇ ਰਹਿਣ ਵਾਲੇ ਜਗਤਾਰ ਸਿੰਘ ਨੂੰ 2017 ਵਿੱਚ ਭਾਰਤੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਸ ਵੇਲੇ ਤੋਂ ਲੈ ਕੇ ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹਨ।

36 ਸਾਲਾ ਜਗਤਾਰ ਸਿੰਘ ਜੌਹਲ ਸਿੱਖਾਂ ਦੇ ਮਨੁੱਖੀ ਹੱਕਾਂ ਦੇ ਕਾਰਕੁਨ ਸਨ, ਉਹ ਅਕਤੂਬਰ 2017 ਨੂੰ ਭਾਰਤ ਵਿੱਚ ਵਿਆਹ ਕਰਵਾਉਣ ਲਈ ਆਏ ਸਨ।

ਇਸ ਮੌਕੇ ਗੱਲਬਾਤ ਕਰਦਿਆਂ ਜਗਤਾਰ ਸਿੰਘ ਜੱਗੀ ਜੌਹਲ ਦੇ ਸਹੁਰਾ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਪਤਨੀ ਨਾਲ ਬਾਜ਼ਾਰ ਵਿੱਚ ਖ਼ਰੀਦਦਾਰੀ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਆਮ ਕੱਪੜਿਆਂ ਵਿੱਚ ਆਈ ਪੰਜਾਬ ਪੁਲਿਸ ਵੱਲੋਂ ਆਪਣੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਬਲਜਿੰਦਰ ਸਿੰਘ ਨੇ ਅੱਜ ਦੇ ਫੈਸਲੇ ਉਪਰ ਟਿੱਪਣੀ ਕਰਦੀਆਂ ਕਿਹਾ ਕਿ ਉਨਾਂ ਨੂੰ ਇਸ ਗੱਲ ਦਾ ਯਕੀਨ ਸੀ ਕਿ ਜੱਗੀ ਜੌਹਲ ਬਿਲਕੁਲ ਬੇਗੁਨਾਹ ਹੈ ਅਤੇ ਪੁਲਿਸ



ਵੱਲੋਂ ਉਹਨਾਂ ਨੂੰ ਕਥਿਤ ਤੌਰ 'ਤੇ ਝੂਠੇ ਕੇਸਾਂ ਵਿੱਚ ਫਸਾਇਆ ਗਿਆ ਹੈ। ਉਨਾਂ ਕਿਹਾ ਕਿ ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ ਹੈ ਅਤੇ ਇੱਕ ਦਿਨ ਅਜਿਹਾ ਆਵੇਗਾ ਕਿ ਜੱਗੀ ਜੌਹਲ ਸੁਰਖਰੂ ਹੋ ਕੇ ਬਾਹਰ ਆਉਣਗੇ।

ਇਸ ਮੌਕੇ ਜੱਗੀ ਜੌਹਲ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਬਾਜਾਖਾਨਾ ਵਿਚ ਦਰਜ ਐਫਆਈਆਰ ਨੰਬਰ 51 ਜੋ ਕਿ ਡੇਰਾ ਪ੍ਰੇਮੀ ਗੁਰਦੇਵ ਸਿੰਘ ਦੇ ਕਤਲ ਨਾਲ ਸੰਬੰਧਿਤ ਸੀ ਅਤੇ ਬਾਘਾਪੁਰਾਣਾ ਵਿੱਚ ਇੱਕ ਅਸਲਾ ਐਕਟ ਦੀ ਮਾਮਲਾ ਦਰਜ ਕੀਤਾ ਗਿਆ ਸੀ।

ਮੰਝਪੁਰ ਨੇ ਦੱਸਿਆ ਕਿ ਇਸ ਵਿੱਚ ਜੱਗੀ ਜੌਹਲ ਸਮੇਤ ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਸੀ ਪਰ ਪੁਲਿਸ ਉਸ ਬਾਰੇ ਕੋਈ ਪੁਖ਼ਤਾ ਸਬੂਤ ਪੇਸ਼ ਨਹੀਂ ਕਰ ਸਕੀ ਸੀ, ਜਿਸ ਤੋਂ ਬਾਅਦ ਅਦਾਲਤ ਨੇ ਜੱਗੀ ਜੌਹਲ ਸਮੇਤ ਪੰਜ ਜਣਿਆਂ ਨੂੰ ਬਰੀ ਕਰ ਦਿੱਤਾ।

ਇਸ ਮੌਕੇ ਜਗਤਾਰ ਸਿੰਘ ਜੱਗੀ ਜੌਹਲ ਦੇ ਨਾਲ ਇਸ ਕੇਸ ਵਿੱਚੋਂ ਬਰੀ ਹੋਏ ਲੁਧਿਆਣਾ ਸ਼ਹਿਰ ਦੇ ਵਸਨੀਕ ਅਰੁਣ ਕੁਮਾਰ ਕਾਲਾ ਨੇ ਕਿਹਾ ਕਿ ਉਹ ਅਦਾਲਤ ਦੇ ਫੈਸਲੇ ਤੋਂ ਬੇਹੱਦ ਖੁਸ਼ ਹਨ। ਉਹਨਾਂ ਕਿਹਾ ਕਿ ਉਹਨਾਂ ਦੇ ਸੱਤ ਸਾਲ ਜੇਲ੍ਹ ਵਿੱਚ ਖਰਾਬ ਹੋਏ ਹਨ ਜਿਸ ਕਰ ਉਹਨਾਂ ਦਾ ਪਰਿਵਾਰ ਵਿੱਚ ਉਥਲ ਮੱਚ ਗਈ ਹੈ। ਅਨਿਲ ਕੁਮਾਰ ਕਾਲਾ ਨੇ ਕਿਹਾ ਕਿ ਉਹਨਾਂ ਦਾ ਰੁਜ਼ਗਾਰ ਖੁੱਸ ਗਿਆ ਹੈ।

ਉਹਨਾਂ ਦਾਅਵਾ ਕੀਤਾ ਕਿ ਉਹ ਜਗਤਾਰ ਸਿੰਘ ਜੱਗੀ ਜੌਹਲ ਨੂੰ ਜਾਣਦੇ ਤੱਕ ਨਹੀਂ ਸਨ ਪਰ ਪੁਲਿਸ ਨੇ ਫਿਰ ਵੀ ਉਹਨਾਂ ਨੂੰ ਉਹਨਾਂ ਦੇ ਨਾਲ ਕੇਸ ਵਿੱਚ ਨਾਮਜ਼ਦ ਕਰ ਦਿੱਤਾ ਸੀ।






# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

# 326ਵੇਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ




ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਦੇਸ਼-ਵਿਦੇਸ਼ ਵਿਚ ਨੈਸ਼ਨਲ ਸਿੱਖ-ਡੇਅ ਵੱਜੋਂ ਸਥਾਪਤ ਕਰਨ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

# 8th ਨੈਸ਼ਨਲ ਸਿਖ ਡੇਅ ਪਰੇਡ (ਯੂ.ਐਸ.ਏ.)

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥

SCCEC SIKH COORDINATION COMMITTEE EAST COAST, USA

## SIKH FREEDOM MARCH
## Washington, D.C.

**ਸ਼ਨਿਚਰਵਾਰ 5 ਅਪ੍ਰੈਲ 2025 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ 20th Street & Constitution Ave ਉੱਪਰ - ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ, ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ। ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ। ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ।**









## ਸਹਿਯੋਗੀ ਸੰਸਥਾਵਾਂ ਤੇ ਗੁਰਦੁਆਰਾ ਸਾਹਿਬਾਨ

ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਰਿਚਮੰਡ ਹਿੱਲ ਨਿਊਯਾਰਕ
ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਨਿਊਯਾਰਕ ਇੰਕ. ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ ਨਿਊਯਾਰਕ
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਨਿਊਯਾਰਕ
ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਨਿਊਯਾਰਕ
ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਮਿਡ ਹਡਸਨ ਸਿੱਖ ਕਲਚਰਲ ਸੋਸਾਇਟੀ, ਵਾਪਿੰਗਰਜ਼ ਫ਼ਾਲਜ਼ ਨਿਊਯਾਰਕ
ਗੁਰਦੁਆਰਾ ਸਿੱਖ ਸਾਗਰ, ਰੋਚੈਸਟਰ ਨਿਊਯਾਰਕ
ਹਡਸਨ ਵੈਲੀ ਸਿੱਖ ਸੁਸਾਇਟੀ, ਮਿਡਲਟਾਊਨ ਨਿਊਯਾਰਕ
ਸਿੱਖ ਐਸੋਸੀਏਸ਼ਨ ਆਫ ਸਟੇਟਨ ਆਈਲੈਂਡ, ਨਿਊਯਾਰਕ
ਗੁਰਦੁਆਰਾ ਮਾਤਾ ਸਾਹਿਬ ਕੌਰ, ਗਲੈਨ ਕੋਵ ਨਿਊਯਾਰਕ
ਗੁਰਦੁਆਰਾ ਬਾਬਾ ਮਾਝਾ ਸਿੰਘ ਕਰਮਜੋਤ ਸਿੱਖ ਸੈਂਟਰ, ਨਿਊਯਾਰਕ
ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਨਿਊਯਾਰਕ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਊਹਾਈਡ ਪਾਰਕ ਨਿਊਯਾਰਕ
ਗੁਰਦੁਆਰਾ ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਵਿਦਾਸ ਟੈਂਪਲ, ਵੁੱਡਸਾਈਡ ਨਿਊਯਾਰਕ
ਗੁਰਦੁਆਰਾ ਸ਼ਹੀਦਾਂ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਾਮਗੜ੍ਹੀਆ ਸਿੱਖ ਸੋਸਾਇਟੀ, ਹੋਲਿਸ ਨਿਊਯਾਰਕ
ਗੁਰੂਦੁਆਰਾ ਗੁਰੂ ਤੇਗ ਬਹਾਦਰ ਜੀ, ਨਿਊਹਾਈਡ ਪਾਰਕ ਨਿਊਯਾਰਕ

ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਵਰਜੀਨੀਆ, ਮਾਨਾਸਜ਼ ਵਰਜੀਨੀਆਂ.
ਸਿੱਖ ਫਾਊਂਡੇਸ਼ਨ ਆਫ ਵਰਜੀਨੀਆਂ, ਫੇਅਰਫੈਕਸ ਸਟੇਸ਼ਨ ਵਰਜੀਨੀਆਂ
ਗੁਰਦੁਆਰਾ ਸਿੱਖ ਸੰਗਤ ਆਫ ਵਰਜੀਨੀਆਂ, ਸ਼ੈਂਟਿਲੀ ਵਰਜੀਨੀਆਂ
ਰਾਜ ਖਾਲਸਾ ਗੁਰਦੁਆਰਾ, ਸਟਰਲਿੰਗ ਵਰਜੀਨੀਆਂ
ਸਿੱਖ ਮਿਸ਼ਨ ਆਫ ਵਰਜੀਨੀਆਂ, ਵਾਰੈਨਟਨ ਵਰਜੀਨੀਆਂ
ਸਿੱਖ ਗੁਰਦੁਆਰਾ ਆਫ ਡੀ.ਸੀ., ਵਾਸ਼ਿੰਗਟਨ ਡੀ.ਸੀ.

ਸਿੱਖ ਗੁਰਦੁਆਰਾ ਆਫ ਪਾਈਨ ਹਿੱਲ, ਨਿਊਜਰਸੀ
ਗੁਰਦੁਆਰਾ ਦਸ਼ਮੇਸ਼ ਦਰਬਾਰ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਖਾਲਸਾ ਦਰਬਾਰ, ਬਰਲਿੰਗਟਨ ਨਿਊਜਰਸੀ
ਸ੍ਰੀ ਗੁਰੂ ਸਿੰਘ ਸਭਾ, ਗਲੈਨਰਾਕ ਨਿਊਜਰਸੀ
ਗਾਰਡਨ ਸਟੇਟ ਸਿੱਖ ਐਸੋਸੀਏਸ਼ਨ, ਬ੍ਰਿਜਵਾਟਰ, ਨਿਊਜਰਸੀ
ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਓਕਲੈਂਡ ਨਿਊਜਰਸੀ
ਗੁਰੂ ਨਾਨਕ ਸਿੱਖ ਸੁਸਾਇਟੀ ਆਫ ਡੇਲਾਵੇਅਰ ਵੈਲੀ, ਨਿਊਜਰਸੀ
ਗੁਰਦੁਆਰਾ ਸਿੰਘ ਸਭਾ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਨਾਨਕ ਨਾਮ ਜਹਾਜ, ਨਿਊਜਰਸੀ
ਸਾਊਥ ਜਰਸੀ ਸਿੱਖ ਸੁਸਾਇਟੀ, ਵਾਈਨਲੈਂਡ ਨਿਊਜਰਸੀ

ਸਿੱਖ ਸੈਂਟਰ ਆਫ ਡੈਲਵੇਅਰ, ਨਿਊ ਕੈਸਲ ਡੈਲਵੇਅਰ
ਗੁਰੂਦੁਆਰਾ ਆਫ ਡੈਲਵੇਅਰ, ਮਿਡਲਟਾਊਨ ਡੈਲਵੇਅਰ

ਬਾਲਟੀਮੋਰ ਸਿੱਖ ਸੁਸਾਇਟੀ, ਡਨਡਾਲਕ ਮੈਰੀਲੈਂਡ
ਗੁਰਦੁਆਰਾ ਸਿੰਘ ਸਭਾ ਆਫ ਮੈਰੀਲੈਂਡ, ਡਨਡਾਲਕ ਮੈਰੀਲੈਂਡ
ਗੁਰਦੁਆਰਾ ਵਾਸ਼ਿੰਗਟਨ ਸਿੱਖ ਸੈਂਟਰ, ਗੇਦਰਜਬਰਗ ਮੈਰੀਲੈਂਡ
ਸ੍ਰੀ ਹਰਿਮੰਦਰ ਸਾਹਿਬ ਅਕੈਡਮੀ, ਮੈਰੀਲੈਂਡ
ਗੁਰਦੁਆਰਾ ਗੁਰ ਗਿਆਨ ਸਾਗਰ, ਬਰਟਨਜਵਿਲ ਮੈਰੀਲੈਂਡ
ਗੁਰੂ ਨਾਨਕ ਫਾਊਂਡੇਸ਼ਨ ਆਫ ਅਮਰੀਕਾ, ਸਿਲਵਰ ਸਪਰਿੰਗ ਮੈਰੀਲੈਂਡ
ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ, ਰੈਂਡਲਸਟਾਊਨ ਮੈਰੀਲੈਂਡ
ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਰੌਕਵਿਲ ਮੈਰੀਲੈਂਡ

ਗੁਰਦੁਆਰਾ ਫਿਲਾਡਲਫੀਆ ਸਿੱਖ ਸੁਸਾਇਟੀ, ਅੱਪਰ-ਡਰਬੀ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸੁਸਾਇਟੀ ਹੈਰਿਸਬਰਗ, ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੀਹਾਈ-ਵੈਲੀ, ਨੈਜ਼ਰਥ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸਾਧ ਸੰਗਤ, ਈਸਟਨ ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੁਸਾਇਟੀ ਅੱਪਰ-ਡਰਬੀ ਪੈਨਸਿਲਵੇਨੀਆਂ

ਗੁਰੂ ਨਾਨਕ ਸਿੱਖ ਸੁਸਾਇਟੀ ਆਫ ਬਲੂ-ਮਾਊਂਟੇਨ, ਪੈਨਸਿਲਵੇਨੀਆਂ
ਸੇਪਾ ਸਿੱਖ ਗੁਰਦੁਆਰਾ, ਪੌਟਸਟਾਊਨ ਪੈਨਸਿਲਵੇਨੀਆਂ
ਗੁਰਦੁਆਰਾ ਆਫ ਲੈਂਕੈਸਟਰ ਕਾਊਂਟੀ, ਪੈਨਸਿਲਵੇਨੀਆਂ
ਟ੍ਰਾਈ ਸਟੇਟ ਸਿੱਖ ਕਲਚਰਲ ਸੁਸਾਇਟੀ, ਮੌਨਰੋਵਿਲ ਪੈਨਸਿਲਵੇਨੀਆਂ

ਗੁਰਦੁਆਰਾ ਨਾਨਕ ਦਰਬਾਰ, ਸਾਊਥਿੰਗਟਨ ਕਨੈਕਟੀਕਟ
ਗੁਰਦੁਆਰਾ ਗੁਰੂ ਤੇਗ ਬਹਾਦਰ ਫਾਊਂਡੇਸ਼ਨ, ਨੌਰਵਾਕ ਕਨੈਕਟੀਕਟ
ਗੁਰਦੁਆਰਾ ਸੱਚਖੰਡ ਦਰਬਾਰ, ਹੈਮਡਨ ਕਨੈਕਟੀਕਟ
ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਦਰਬਾਰ, ਵਿੰਡਸਰ ਕਨੈਕਟੀਕਟ
ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਕਨੈਕਟੀਕਟ

ਗੁਰਦੁਆਰਾ ਸਿੱਖ ਸੰਗਤ ਐਵਰੇਟ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਗੁਰੂ ਨਾਨਕ ਦਰਬਾਰ ਮੈਡਫੋਰਡ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਨਿਊ-ਇੰਗਲੈਂਡ ਸਿੱਖ ਸਟੱਡੀ ਸਰਕਲ, ਵੈਸਟਬੋਰੋ ਮੈਸਾਚਿਊਸਟਸ

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਗ੍ਰੀਨਵੁੱਡ ਇੰਡਿਆਨਾਂ
ਗੁਰੂਦੁਆਰਾ ਗੁਰ ਨਾਨਕ ਦਰਬਾਰ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਮਿਸ਼ਾਵਾਕਾ ਇੰਡਿਆਨਾਂ
ਦਸਮੇਸ਼ ਸਿੱਖ ਗੁਰੂਦੁਆਰਾ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਖਾਲਸਾ ਦਰਬਾਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਸਿੱਖ ਸੈਂਟਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ, ਇੰਡੀਆਨਾਪੋਲਿਸ ਇੰਡਿਆਨਾਂ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੋਬਿੰਦ ਮਾਰਗ, ਇੰਡਿਆਨਾਂ
ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਦੱਖਣੀ ਮੋੜ ਇੰਡਿਆਨਾਂ

**ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ**

ਗੁਰੂਦੁਆਰਾ ਜੋਤ ਅੰਮ੍ਰਿਤ ਪ੍ਰਕਾਸ਼, ਮੈਕਕਾਰਡਸਵਿਲੇ ਇੰਡਿਆਨਾਂ
ਗੁਰੂ ਗ੍ਰੰਥ ਸਿੱਖ ਸੋਸਾਇਟੀ, ਮੈਕਕਾਰਡਸਵਿਲੇ ਇੰਡਿਆਨਾਂ
ਸਿੱਖ ਰਿਲੀਜੀਅਸ ਸੋਸਾਇਟੀ ਆਫ਼ ਇੰਡੀਆਨਾ, ਕਰਾਊਨ ਪੁਆਇੰਟ ਇੰਡਿਆਨਾਂ
ਗੁਰੂਦੁਆਰਾ ਸਿੱਖ ਸਤਿਸੰਗ, ਇੰਡੀਆਨਾਪੋਲਿਸ ਇੰਡਿਆਨਾਂ
ਗੁਰਦੁਆਰਾ ਗੁਰੂ ਨਾਨਕ ਸੰਗਤ ਸੇਵਾ, ਨਿਊ ਵਾਈਟਲੈਂਡ ਇੰਡਿਆਨਾਂ
ਗੁਰਦੁਆਰਾ ਸਾਹਿਬ ਪ੍ਰੇਮ ਪ੍ਰਕਾਸ਼, ਫਰੈਂਕਲਿਨ ਇੰਡਿਆਨਾਂ

ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ, ਔਹਾਇਓ
ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ, ਔਹਾਇਓ
ਸਿੱਖ ਰਿਲਿਜੀਅਸ ਸੈਂਟਰ, ਡੇਟਨ ਔਹਾਇਓ
ਸਿੱਖ ਸੁਸਾਇਟੀ ਆਫ ਡੇਟਨ, ਔਹਾਇਓ
ਗੁਰੂ ਨਾਨਕ ਰਿਲਿਜੀਅਸ ਸੁਸਾਇਟੀ, ਔਹਾਇਓ
ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ, ਔਹਾਇਓ
ਗੁਰਦੁਆਰਾ ਸਾਹਿਬ ਆਫ ਕੋਲੰਬੀਆ ਔਹਾਇਓ
ਗੁਰੂ ਰਾਮਦਾਸ ਆਸ਼ਰਮ, ਔਹਾਇਓ

ਸਿੱਖ ਟੈਂਪਲ ਆਫ ਵਿਸਕੌਨਸਿਨ, ਓਕ-ਕਰੀਕ ਵਿਸਕੌਨਸਿਨ
ਗੁਰਦੁਆਰਾ ਸਾਹਿਬ ਆਫ ਸ਼ਿਕਾਗੋ, ਇਲਿਨੌਏਅ
ਗੁਰਦੁਆਰਾ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ ਇਲਿਨੌਏਅ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸ਼ਿਕਾਗੋ, ਪੈਲਾਟਾਈਨ ਇਲਿਨੌਏਅ
ਗੁਰੂਦੁਆਰਾ ਸਿੱਖ ਟੈਂਪਲ, ਸਿਲਵਿਸ ਇਲਿਨੌਏਅ
ਨਾਨਕਸਰ ਗੁਰੂਦੁਆਰਾ ਸਾਹਿਬ, ਰੌਕਫੋਰਡ ਇਲਿਨੌਏਅ
ਗੁਰੂਦੁਆਰਾ ਸਿੱਖ ਸੋਸਾਇਟੀ ਆਫ ਕੈਨਟਕੀ, ਲੁਈਸਵਿਲ ਕੈਨਟਕੀ
ਗੁਰੂਦੁਆਰਾ ਸਿੱਖ ਟੈਂਪਲ ਆਫ ਬਲੂਗ੍ਰਾਸ, ਲੈਕਸਿੰਗਟਨ ਕੈਨਟਕੀ
ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਨਟਨ ਮਿਸ਼ੀਗਨ
ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਮਿਸ਼ੀਗਨ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਨਟਨ ਮਿਸ਼ੀਗਨ
ਸਿੱਖ ਟੈਂਪਲ ਡਾਊਨ ਰਿਵਰ, ਬ੍ਰਾਊਨਸਟਾਊਨ ਟਾਊਨਸ਼ਿਪ ਮਿਸ਼ੀਗਨ
ਮਾਤਾ ਤ੍ਰਿਪਤਾ ਜੀ ਗੁਰਦੁਆਰਾ (ਹਿਡਨ ਫਾਲਸ), ਪਲੀਮਥ ਮਿਸ਼ੀਗਨ

ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਰੋਚੈਸਟਰ ਹਿੱਲਜ਼, ਮਿਸ਼ੀਗਨ
ਗੁਰਦੁਆਰਾ ਖਾਲਸਾ ਸਿੱਖ ਸੈਂਟਰ, ਗ੍ਰੈਂਡ ਬਲੈਂਕ ਮਿਸ਼ੀਗਨ
ਗੁਰੂ ਨਾਨਕ ਸਿੱਖ ਸੈਂਟਰ, ਲੈਂਸਿੰਗ ਮਿਸ਼ੀਗਨ
ਸਿੱਖ ਸੋਸਾਇਟੀ ਆਫ ਵੈਸਟ ਮਿਸ਼ੀਗਨ, ਫੋਰੈਸਟ ਹਿਲਸ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ, ਗ੍ਰੈਂਡ ਰੈਪਿਡਜ਼ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ ਆਫ਼ ਕਾਲਮਾਜ਼ੂ, ਮਿਸ਼ੀਗਨ
ਗੁਰਦੁਆਰਾ ਸਿੱਖ ਟੈਂਪਲ, ਬੈਟਲ ਕਰੀਕ ਮਿਸ਼ੀਗਨ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸਾਊਥਵੈਸਟ ਮਿਸ਼ੀਗਨ, ਬੈਂਟਨ ਹਾਰਬਰ ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਨਿਵਾਸ, ਮੁਸਕੇਗਨ ਮਿਸ਼ੀਗਨ
ਗੁਰਦੁਆਰਾ ਮਿਡ-ਮਿਸ਼ੀਗਨ ਸਿੰਘ ਸਭਾ, ਸਾਗਿਨਾਵ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਮਿਸ਼ੀਗਨ, ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਮਿਸ਼ੀਗਨ
ਗੁਰਦੁਆਰਾ ਗੁਰੂ ਰਾਮਦਾਸ ਆਸ਼ਰਮ, ਮਿਸ਼ੀਗਨ

ਅਦਾਰਾ ਟੀਵੀ-84 ਨਿਊਯਾਰਕ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ
ਸਿੱਖ ਯੂਥ ਆਫ ਅਮਰੀਕਾ
ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਆਫ ਹਰਿਆਣਾ, ਨਿਊਯਾਰਕ
ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ
ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ
ਸਿੱਖਸ ਫਾਰ ਜਸਟਿਸ
ਪੰਥਕ ਸਿੱਖ ਸੋਸਾਇਟੀ
ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
ਸ਼ਹੀਦ ਊਧਮ ਸਿੰਘ ਸੋਸਾਇਟੀ
ਦੋਆਬਾ ਸਿੱਖ ਐਸੋਸੀਏਸ਼ਨ
ਭਾਈ ਲਾਲੋ ਜੀ ਸੋਸਾਇਟੀ
ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਸੋਸਾਇਟੀ
ਧੰਨ ਧੰਨ ਬਾਬਾ ਦੀਪ ਸਿੰਘ ਸਿੱਖ ਸੋਸਾਇਟੀ

## ਪਰੇਡ ਵਿੱਚ ਕਿਸੇ ਵੀ ਤਰਾਂ ਦੀ ਲੰਗਰ ਆਦਿਕ ਜਾਂ ਹੋਰ ਸੇਵਾਵਾਂ ਲਈ ਅਤੇ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ:

| Himmat Singh (NY) | Kewal Singh Sidhu (PA) | Harjinder Singh (NJ) | Veer Singh Mangat (CT) | Devinder Singh Deo (VA) |
|---|---|---|---|---|
| Coordinator | Treasurer | Media Spokesman | Member | Member |
| 646-358-7745 | 215-264-5037 | 609-374-7249 | 203-919-3988 | 703-626-2561 |

**New York:**
Jatinder Singh Boparai
Gurdev Singh Kang
Rajinder Singh
Makhan Singh
Harminder Singh Ahluwalia
Baljinder Singh

**Virginia:**
Balwinder S Chatha
Mehtab S Kahlon
Narinder Singh
Bakhshish Singh
Udham Singh

**Maryland:**
Bakhshish Singh
Shwinder Singh
Harbans Singh
Manvir Singh Baltimore
Sukhdev Singh Chatha

**New Jersey:**
Inderjit Singh
Barjinder Singh Brar
Gurdawar Singh
Kewal Singh
Jasbir Singh
Joga Singh

**Pennsylvania:**
Bhagat Singh
Harcharan Singh
Navtej Singh Teji
Jasvir Singh

**Indiana:**
Santokh Singh
Subash Singh
Jagdish Singh
Japhi Singh

**Massachusetts:**
Karam Singh
Jagjit Singh

**Connecticut:**
Swaranjit Singh
Kuljeet Singh

# ਐਲੋਨ ਮਸਕ ਵਿਰੁੱਧ ਟੇਸਲਾ ਸ਼ੋਅਰੂਮ ਬਾਹਰ ਵਿਰੋਧ ਪ੍ਰਦਰਸ਼ਨ

## ਨੌਕਰੀਆਂ 'ਚੋਂ ਕੱਢਣ 'ਤੇ ਲੋਕਾਂ ਵਿਚ ਮਸਕ ਵਿਰੁੱਧ ਰੋਸ




ਬੋਸਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੰਘੀ ਖ਼ਰਚਿਆਂ ਵਿਚ ਕਟੌਤੀ ਕਰਨ ਦੇ ਯਤਨਾਂ ਦੇ ਹਿੱਸੇ ਵਜੋਂ ਅਰਬਪਤੀ ਕਾਰੋਬਾਰੀ ਐਲੋਨ ਮਸਕ ਦੁਆਰਾ ਕੀਤੀਆਂ ਗਈਆਂ ਕਾਰਵਾਈਆਂ ਵਿਰੁਧ ਦੇਸ਼ ਭਰ ਵਿਚ ਟੇਸਲਾ ਸਟੋਰਾਂ ਦੇ ਬਾਹਰ ਪ੍ਰਦਰਸ਼ਨਕਾਰੀਆਂ ਨੇ ਪ੍ਰਦਰਸ਼ਨ ਕੀਤਾ।

ਲਿਬਰਲ ਸਮੂਹ ਹਫ਼ਤਿਆਂ ਤੋਂ ਟੇਸਲਾ ਵਿਰੁਧ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਤਾਂ ਜੋ ਕਾਰ ਕੰਪਨੀ ਦੀ ਵਿਕਰੀ 'ਤੇ ਨਕਾਰਾਤਮਕ ਪ੍ਰਭਾਵ ਪਾਇਆ ਜਾ ਸਕੇ ਅਤੇ ਮਸਕ ਦੀ ਸਰਕਾਰੀ ਕੁਸ਼ਲਤਾ ਮੁਹਿੰਮ ਦਾ ਵਿਰੋਧ ਵਧਾਇਆ ਜਾ ਸਕੇ ਅਤੇ ਨਾਲ ਹੀ ਟਰੰਪ ਦੀ ਨਵੰਬਰ ਦੀ ਰਾਸ਼ਟਰਪਤੀ ਜਿੱਤ ਤੋਂ ਨਿਰਾਸ਼ ਡੈਮੋਕ੍ਰੇਟਿਕ ਪਾਰਟੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਸਨਿਚਰਵਾਰ ਨੂੰ ਬੋਸਟਨ ਵਿਚ ਵਿਰੋਧ ਕਰਨ ਵਾਲੇ ਮੈਸੇਚਿਉਸੇਟਸ ਦੇ 58 ਸਾਲਾ ਵਾਤਾਵਰਣ ਵਿਗਿਆਨੀ ਨਾਥਨ ਫਿਲਿਪਸ ਨੇ ਕਿਹਾ, 'ਅਸੀਂ ਐਲਨ ਤੋਂ ਬਦਲਾ ਲੈ ਸਕਦੇ ਹਾਂ। ਅਸੀਂ ਹਰ ਜਗ੍ਹਾ ਸ਼ੋਅਰੂਮਾਂ ਵਿਚ ਜਾ ਕੇ ਅਤੇ ਟੇਸਲਾ ਦਾ ਬਾਈਕਾਟ ਕਰ ਕੇ ਕੰਪਨੀ ਨੂੰ ਸਿੱਧਾ ਆਰਥਿਕ ਨੁਕਸਾਨ ਪਹੁੰਚਾ ਸਕਦੇ ਹਾਂ।'

ਮਸਕ ਟਰੰਪ ਦੇ ਇਸ਼ਾਰੇ 'ਤੇ ਸੰਘੀ ਖ਼ਰਚਿਆਂ ਅਤੇ ਕਰਮਚਾਰੀਆਂ ਵਿਚ ਡੂੰਘੀ ਕਟੌਤੀ ਲਈ ਜ਼ੋਰ ਦੇ ਰਿਹਾ ਹੈ ਅਤੇ ਦਲੀਲ ਦਿੰਦਾ ਹੈ ਕਿ ਟਰੰਪ ਦੀ ਜਿੱਤ ਰਾਸ਼ਟਰਪਤੀ ਅਤੇ ਉਨ੍ਹਾਂ ਨੂੰ ਅਮਰੀਕੀ ਸਰਕਾਰ ਦਾ ਪੁਨਰਗਠਨ ਕਰਨ ਦਾ ਆਦੇਸ਼ ਦਿੰਦੀ ਹੈ। 'ਟੇਸਲਾ ਟੇਕਡਾਊਨ' ਵੈੱਬਸਾਈਟ ਨੇ ਸ਼ਨੀਵਾਰ ਨੂੰ 50 ਤੋਂ ਵੱਧ ਪ੍ਰਦਰਸ਼ਨਾਂ ਦੀ ਸੂਚੀ ਦਿਤੀ, ਜਿਨ੍ਹਾਂ ਵਿਚੋਂ ਹੋਰ ਮਾਰਚ ਵਿਚ ਕਰਨ ਦੀ ਯੋਜਨਾ ਹੈ।

# ਟਰੰਪ ਨੇ 2 ਅਪ੍ਰੈਲ ਤੋਂ ਭਾਰਤ ਅਤੇ ਚੀਨ ਦੇ ਖ਼ਿਲਾਫ਼ ਪਰਸਪਰ ਟੈਕਸ ਦਾ ਐਲਾਨ ਕੀਤਾ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਸਤਖ਼ਤ ਕਰਨ ਮਗਰੋਂ ਪਰਸਪਰ ਟੈਕਸ ਵਾਲਾ ਕਾਰਜਕਾਰੀ ਹੁਕਮ ਦਿਖਾਉਂਦੇ ਹੋਏ।

ਨਿਊਯਾਰਕ/ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਅਤੇ ਚੀਨ ਸਮੇਤ ਹੋਰ ਦੇਸ਼ਾਂ ਵੱਲੋਂ ਲਾਏ ਗਏ ਉੱਚੇ ਟੈਕਸ ਦੀ ਆਲੋਚਨਾ ਕਰਦਿਆਂ ਇਸ ਨੂੰ ਬਹੁਤ ਹੀ ਬੇਇਨਸਾਫ਼ੀ ਕਰਾਰ ਦਿੱਤਾ ਅਤੇ ਅਗਲੇ ਮਹੀਨੇ ਤੋਂ ਪਰਸਪਰ ਟੈਕਸ ਲਾਗੂ ਕਰਨ ਦਾ ਐਲਾਨ ਕੀਤਾ। ਅਮਰੀਕੀ ਕਾਂਗਰਸ ਦੇ ਇੱਕ ਸੰਯੁਕਤ ਸੈਸ਼ਨ ਦੇ ਰਾਸ਼ਟਰਪਤੀ ਨੇ ਕਿਹਾ ਕਿ ਪਰਸਪਰ ਟੈਕਸ 2 ਅਪ੍ਰੈਲ ਤੋਂ ਸ਼ੁਰੂ ਹੋਣਗੇ। ਉਨ੍ਹਾਂ ਕਿਹਾ, "ਦੂਜੇ ਦੇਸ਼ਾਂ ਨੇ ਦਹਾਕਿਆਂ ਤੋਂ ਸਾਡੇ ਵਿਰੁੱਧ ਟੈਕਸ ਦੀ ਵਰਤੋਂ ਕੀਤੀ ਹੈ ਅਤੇ ਹੁਣ ਸਾਡੀ ਵਾਰੀ ਹੈ। ਯੂਰਪੀਅਨ ਯੂਨੀਅਨ, ਚੀਨ, ਬ੍ਰਾਜ਼ੀਲ, ਭਾਰਤ, ਮੈਕਸੀਕੋ ਅਤੇ ਕੈਨੇਡਾ ਸਾਡੇ ਮੁਕਾਬਲੇ ਉਚ ਦਰਾਂ 'ਤੇ ਟੈਕਸ ਵਸੂਲੀ ਕਰਦੇ ਹਨ, ਕੀ ਤੁਸੀਂ ਉਨ੍ਹਾਂ ਦੇ ਬਾਰੇ ਵਿੱਚ ਸੁਣਿਆ ਹੈ? ਇਹ ਬਹੁਤ ਹੀ ਨਾਜਾਇਜ਼ ਹੈ।"

ਟਰੰਪ ਦਾ ਮੰਗਲਵਾਰ ਨੂੰ ਕਾਂਗਰਸ ਦੇ ਸੰਯੁਕਤ ਸੈਸ਼ਨ ਨੂੰ ਸੰਬੋਧਨ ਵਾਈਟ ਹਾਊਸ 'ਚ ਉਨ੍ਹਾਂ ਦੇ ਦੂਜੇ ਕਾਰਜਕਾਲ ਦਾ ਪਹਿਲਾ ਸੰਬੋਧਨ ਸੀ। ਇਸ ਦੌਰਾਨ ਉਨ੍ਹਾਂ ਕਿਹਾ, "ਭਾਰਤ ਸਾਡੇ ਤੋਂ 100 ਫੀਸਦੀ ਤੋਂ ਵੱਧ ਆਟੋ ਟੈਕਸ ਵਸੂਲਦਾ ਹੈ।"

ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਨੂੰ ਵਾਸ਼ਿੰਗਟਨ ਦੇ ਪਰਸਪਰ ਟੈਕਸ ਤੋਂ ਬਖਸ਼ਿਆ ਨਹੀਂ ਜਾਵੇਗਾ ਅਤੇ ਜ਼ੋਰ ਦਿੱਤਾ ਕਿ ਟੈਕਸ ਢਾਂਚੇ 'ਤੇ "ਕੋਈ ਵੀ ਮੇਰੇ ਨਾਲ ਬਹਿਸ ਨਹੀਂ ਕਰ ਸਕਦਾ। ਉਨ੍ਹਾਂ ਕਿਹਾ, "ਸਾਡੇ ਉਤਪਾਦਾਂ 'ਤੇ ਚੀਨ ਦਾ ਔਸਤ ਟੈਕਸ ਦੁੱਗਣਾ ਹੈ ਅਤੇ ਦੱਖਣੀ ਕੋਰੀਆ ਦਾ ਔਸਤ ਟੈਕਸ ਚਾਰ ਗੁਣਾ ਵੱਧ ਹੈ।

ਫਰਵਰੀ ਵਿੱਚ ਰਾਸ਼ਟਰਪਤੀ ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਦਾ ਪ੍ਰਸ਼ਾਸਨ ਜਲਦ ਹੀ ਭਾਰਤ ਅਤੇ ਚੀਨ ਵਰਗੇ ਦੇਸ਼ਾਂ 'ਤੇ ਪਰਸਪਰ ਟੈਕਸ ਲਗਾਏਗਾ। ਟਰੰਪ ਨੇ ਅੱਗੇ ਕਿਹਾ ਕਿ 2 ਅਪ੍ਰੈਲ ਤੋਂ ਪਰਸਪਰ ਟੈਕਸ ਸ਼ੁਰੂ ਹੋ ਜਾਣਗੇ ਅਤੇ ਜੋ ਵੀ "ਉਹ ਸਾਡੇ, ਦੂਜੇ ਦੇਸ਼ਾਂ 'ਤੇ ਟੈਕਸ ਲਗਾਉਂਦੇ ਹਨ, ਅਸੀਂ ਉਨ੍ਹਾਂ 'ਤੇ ਟੈਕਸ ਲਗਾਵਾਂਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਆਜ਼ਾਦ ਪ੍ਰਭੂਸੱਤਾ ਕਾਇਮ ਰੱਖਣ ਵਾਸਤੇ ਬਰਤਾਨੀਆ ਦੇ ਸਿੱਖਾਂ ਵਲੋਂ ਪੰਥਕ ਇਕੱਤਰਤਾ

ਲੰਡਨ : ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਅਜ਼ਾਦ ਪ੍ਰਭੂਸੱਤਾ ਕਾਇਮ ਰੱਖਣ ਵਾਸਤੇ ਬਰਤਾਨੀਆ ਦੇ ਸਿੱਖਾਂ ਵੱਲੋਂ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਪੰਥਕ ਇਕੱਤਰਤਾ ਕੀਤੀ ਗਈ। ਜਿਸ ਵਿੱਚ ਇੰਗਲੈਂਡ ਦੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਹੋਏ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਕੁਲਦੀਪ ਸਿੰਘ ਦਿਓਲ ਨੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਭਾਈ ਰਾਜਮਨਵਿੰਦਰ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਲੈਸਟਰ ਨੇ ਸਿੱਖ ਇਤਿਹਾਸ ਦੇ ਹਵਾਲੇ ਦਿੰਦਿਆਂ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਕਾਇਮ ਰੱਖਣ ਦੀ ਗੱਲ ਕੀਤੀ, ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਇਸ ਮੌਕੇ ਸਿੱਖ ਕੌਮ ਨੂੰ ਇਕੱਠੇ ਹੋ ਕੇ ਜਥੇਦਾਰ ਸਾਹਿਬ ਨਾਲ ਖੜ੍ਹਨਾ ਚਾਹੀਦਾ ਹੈ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਭਾਈ ਕੁਲਦੀਪ ਸਿੰਘ ਚਹੇੜੂ ਨੇ ਸਰਬਸੰਮਤੀ ਨਾਲ ਮਤਿਆਂ ਦੀ ਪ੍ਰਵਾਨਗੀ ਲਈ ਜਿਸ ਵਿੱਚ ਕਿਹਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਆਜ਼ਾਦ ਪ੍ਰਭੂਸੱਤਾ ਵਾਸਤੇ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ ਜਿਸ ਵਿੱਚ ਵਿਸ਼ਵ ਭਰ ਦੇ ਸਿੱਖਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਆਏ ਆਦੇਸ਼ਾਂ ਨੂੰ ਇੰਨ ਬਿੰਨ ਮੰਨਣ ਅਤੇ ਲਾਗੂ ਕਰਵਾਉਣ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਗਈ। 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਆਏ ਇਤਿਹਾਸਕ ਆਦੇਸ਼ਾਂ ਦੀ ਅੱਜ ਦੇ ਪੰਥਕ ਇਕੱਠ ਵਿੱਚ ਯੂ.ਕੇ. ਦੀਆਂ ਸਮੁੱਚੀਆਂ ਸੰਗਤਾਂ ਵੱਲੋਂ ਸ਼ਲਾਘਾ ਕੀਤੀ ਅਤੇ ਨਾਲ ਹੀ ਇਹਨਾਂ ਆਦੇਸ਼ਾਂ ਤੋਂ ਬਾਅਦ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿੱਜੀ ਤੌਰ ਤੇ ਕਿਰਦਾਰਕੁਸ਼ੀ ਕਰਨ ਦੀ ਸਖ਼ਤ ਨਿੰਦਾ ਕੀਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸਮੇਂ ਦੀ ਨਿਜ਼ਾਕਤ ਨੂੰ ਪਹਿਚਾਣਦਿਆਂ ਵਿਸ਼ਵ ਸਿੱਖ ਸੰਮੇਲਨ ਸੱਦਣ ਦੀ ਅਪੀਲ ਕੀਤੀ ਅਤੇ ਇਹ ਵੀ ਐਲਾਨ ਕੀਤਾ ਗਿਆ ਕਿ ਜੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹਟਾਇਆ ਗਿਆ ਤਾਂ ਵਿਸ਼ਵ ਭਰ ਦੇ ਸਿੱਖਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾਵੇਗਾ। ਭਾਈ ਕਪਤਾਨ ਸਿੰਘ, ਭਾਈ ਗੁਰਨਾਮ ਸਿੰਘ ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਲੈਸਟਰ, ਜਸਪਾਲ ਸਿੰਘ ਨਿੱਜਰ ਪ੍ਰਧਾਨ ਸੈਜਲੀ ਸਟਰੀਟ ਵੁਲਵਰਹੈਂਪਟਨ, ਰਘਬੀਰ ਸਿੰਘ ਪ੍ਰਧਾਨ ਗੁਰਦੁਆਰਾ ਬਾਬਾ ਸੰਗ, ਰਜਿੰਦਰ ਸਿੰਘ ਚਿੱਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਡਾ: ਸਾਧੂ ਸਿੰਘ, ਤਰਸੇਮ ਸਿੰਘ ਦਿਉਲ ਬ੍ਰਿਟਸ਼ ਸਿੱਖ ਕੌਂਸਲ, ਭਾਈ ਚਰਨ ਸਿੰਘ ਪ੍ਰਧਾਨ ਗੁਰੂ ਹਰਗੋਬਿੰਦ ਸਾਹਿਬ, ਸ: ਗੁਰਦੇਵ ਸਿੰਘ ਚੌਹਾਨ, ਭਾਈ ਬਲਦੇਵ ਸਿੰਘ ਸਪਰੀਮ ਸਿੱਖ ਕੌਂਸਲ, ਭਾਈ ਬਲਵਿੰਦਰ ਸਿੰਘ, ਰਘਵੀਰ ਸਿੰਘ ਅਵਾਜੇ ਕੌਮ, ਦਰਸ਼ਨ ਸਿੰਘ ਲੋਟੇ, ਭਾਈ ਜਸਵਿੰਦਰ ਸਿੰਘ ਮੱਖਣ ਸ਼ਾਹ ਲੁਬਾਣਾ ਟਰੱਸਟ ਯੂ ਕੇ ਆਦਿ ਨੇ ਵੀ ਸੰਬੋਧਨ ਕੀਤਾ।



# ਟਰੰਪ ਨੇ ਯੂਕਰੇਨ ਨੂੰ ਹਰ ਤਰ੍ਹਾਂ ਦੀ ਅਮਰੀਕੀ ਫੌਜੀ ਸਹਾਇਤਾ ਰੋਕੀ

## ਓਵਲ ਦਫ਼ਤਰ ਵਿੱਚ ਜ਼ੇਲੈਂਸਕੀ ਨਾਲ ਤਲਖ਼ੀ ਮਗਰੋਂ ਅਮਰੀਕੀ ਰਾਸ਼ਟਰਪਤੀ ਨੇ ਲਿਆ ਫ਼ੈਸਲਾ

ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਹਰ ਤਰ੍ਹਾਂ ਦੀ ਅਮਰੀਕੀ ਫੌਜੀ ਸਹਾਇਤਾ ਦੀ ਸਪਲਾਈ ਤੁਰੰਤ ਅਸਥਾਈ ਤੌਰ 'ਤੇ ਰੋਕ ਦਿੱਤੀ ਹੈ। ਟਰੰਪ ਦਾ ਇਹ ਫ਼ੈਸਲਾ ਅਮਰੀਕੀ ਰਾਸ਼ਟਰਪਤੀ ਦੇ ਓਵਲ ਦਫ਼ਤਰ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨਾਲ ਤਲਖ਼ੀ ਮਗਰੋਂ ਆਇਆ ਹੈ।

'ਨਿਊਯਾਰਕ ਟਾਈਮਜ਼' ਦੀ ਰਿਪੋਰਟ ਵਿੱਚ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਟਰੰਪ ਨੇ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਹਰ ਤਰ੍ਹਾਂ ਦੀ ਅਮਰੀਕੀ ਫੌਜੀ ਸਹਾਇਤਾ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਹੈ ਅਤੇ ਇਹ ਆਦੇਸ਼ ਫੌਰੀ ਲਾਗੂ ਹੋ ਗਿਆ ਹੈ। ਇਸ ਨਾਲ ਇੱਕ ਅਰਬ ਅਮਰੀਕੀ ਡਾਲਰ ਤੋਂ ਵੱਧ ਮੁੱਲ ਦੇ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਸਪਲਾਈ ਪ੍ਰਭਾਵਿਤ ਹੋਵੇਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫੌਜੀ ਸਹਾਇਤਾ ਰੋਕਣ ਸਬੰਧੀ ਟਰੰਪ ਦਾ ਫੈਸਲਾ ਅਮਰੀਕੀ ਨੇਤਾ ਅਤੇ ਉਨ੍ਹਾਂ ਦੇ ਕੌਮੀ ਸੁਰੱਖਿਆ ਨਾਲ ਸਬੰਧਤ ਸੀਨੀਅਰ ਸਹਿਯੋਗੀਆਂ ਵਿਚਕਾਰ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ) ਵਿੱਚ ਕਈ ਦੌਰ ਦੀਆਂ ਮੀਟਿੰਗਾਂ ਮਗਰੋਂ ਲਿਆ ਗਿਆ। ਅਧਿਕਾਰੀ ਨੇ ਕਿਹਾ ਕਿ ਇਹ ਹੁਕਮ ਉਦੋਂ ਤੱਕ ਲਾਗੂ ਰਹੇਗਾ, ਜਦੋਂ ਤੱਕ ਟਰੰਪ ਇਹ ਨਿਰਧਾਰਤ ਨਹੀਂ ਕਰ ਲੈਂਦੇ ਕਿ ਯੂਕਰੇਨ ਨੇ ਰੂਸ ਨਾਲ ਸ਼ਾਂਤੀ ਵਾਰਤਾ ਪ੍ਰਤੀ ਵਚਨਬੱਧ ਹੈ। ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ, ਰੂਸ ਵੱਲੋਂ 24 ਫਰਵਰੀ 2022 ਨੂੰ ਯੂਕਰੇਨ 'ਤੇ ਹਮਲੇ ਮਗਰੋਂ ਅਮਰੀਕਾ ਨੇ 65.9 ਅਰਬ ਅਮਰੀਕੀ ਡਾਲਰ ਦੀ ਫੌਜੀ ਸਹਾਇਤਾ ਦਿੱਤੀ ਹੈ ਅਤੇ 2014 ਵਿੱਚ ਰੂਸ ਵੱਲੋਂ ਯੂਕਰੇਨ 'ਤੇ ਸ਼ੁਰੂਆਤੀ ਹਮਲੇ ਮਗਰੋਂ ਲਗਪਗ 69.2 ਅਰਬ ਅਮਰੀਕੀ ਡਾਲਰ ਦੀ ਫੌਜੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਯੂਕਰੇਨ ਲਈ ਇਹ ਤਾਜ਼ਾ ਝਟਕਾ ਟਰੰਪ ਅਤੇ ਉਪ ਰਾਸ਼ਟਰਪਤੀ ਜੇਡੀ ਵਾਂਸ ਦੀ ਜ਼ੇਲੈਂਸਕੀ ਨਾਲ ਤਿੱਖੀ ਬਹਿਸ ਤੋਂ ਕੁਝ ਦਿਨ ਮਗਰੋਂ ਸਾਹਮਣੇ ਆਇਆ ਹੈ।



ਰਾਸ਼ਟਰਪਤੀ ਡੋਨਲਡ ਟਰੰਪ ਵਾਸ਼ਿੰਗਟਨ ਵਿੱਚ ਤਾਇਵਾਨੀ ਸੈਮੀਕੰਡਕਟਰ ਨਿਰਮਾਣ ਕੰਪਨੀ ਦੇ ਸੀਈਓ ਸੀਸੀ ਵੇਈ ਨੂੰ ਮਿਲਦੇ ਹੋਏ।

# ਜੋ ਅਸੀਂ 43 ਦਿਨਾਂ 'ਚ ਕੀਤਾ, ਉਹ ਦੂਜੀਆਂ ਸਰਕਾਰਾਂ 43 ਸਾਲਾਂ ਚ ਨਹੀਂ ਕਰ ਸਕੀਆਂ : ਡੋਨਾਲਡ ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕੀਤਾ ਅਤੇ ਅਰਥਵਿਵਸਥਾ, ਇਮੀਗ੍ਰੇਸ਼ਨ ਅਤੇ ਵਿਦੇਸ਼ ਨੀਤੀ ਨੂੰ ਮੁੜ ਨਿਰਦੇਸ਼ਤ ਕਰਨ ਲਈ ÷ਤੇਜ਼ ??ਅਤੇ ਨਿਰੰਤਰ ਕਾਰਵਾਈ÷ ਦਾ ਸਿਹਰਾ ਆਪਣੇ ਸਿਰ ਲਿਆ। ਆਪਣੇ ਸੰਬੋਧਨ ਵਿੱਚ ਟਰੰਪ ਨੇ ਕਾਂਗਰਸ ਅਤੇ ਦੇਸ਼ ਦੇ ਲੋਕਾਂ ਨੂੰ ਆਪਣੇ ਕਾਰਜਕਾਲ ਦੇ ਸ਼ੁਰੂਆਤੀ ਹਫ਼ਤਿਆਂ ਵਿੱਚ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਦਿੱਤੀ। ਵ?ਹਾਈਟ ਹਾਊਸ ਨੇ ਕਿਹਾ ਕਿ ਟਰੰਪ ਦੇ ਭਾਸ਼ਣ ਦਾ ਵਿਸ਼ਾ 'ਅਮਰੀਕੀ ਸੁਪਨੇ ਦਾ ਨਵੀਨੀਕਰਨ' ਸੀ, ਜਿਸ ਵਿੱਚ ਉਨ੍ਹਾਂ ਨੇ ਆਪਣੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਨਾਲ ਹੀ ਕਾਂਗਰਸ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਹਮਲਾਵਰ ਇਮੀਗ੍ਰੇਸ਼ਨ ਮੁਹਿੰਮ ਨੂੰ ਵਿੱਤ ਦੇਣ ਲਈ ਹੋਰ ਫੰਡ ਮੁਹੱਈਆ ਕਰਵਾਏ। ਟਰੰਪ ਨੇ ਕਿਹਾ, "ਇਹ ਕੁਝ ਹੋਰ ਨਹੀਂ ਸਗੋਂ ਤੇਜ਼ ਅਤੇ ਅਣਥੱਕ ਕਾਰਵਾਈ ਰਹੀ। ਲੋਕਾਂ ਨੇ ਮੈਨੂੰ ਕੰਮ ਕਰਨ ਲਈ ਚੁਣਿਆ ਹੈ ਅਤੇ ਮੈਂ ਇਹ ਕਰ ਰਿਹਾ ਹਾਂ।" ਇਸ ਦੌਰਾਨ, ਉਨ੍ਹਾਂ ਨੇ ਇਮੀਗ੍ਰੇਸ਼ਨ, ਆਰਥਿਕਤਾ ਅਤੇ ਸੁਰੱਖਿਆ ਵੱਲ ਚੁੱਕੇ ਗਏ ਕਦਮਾਂ 'ਤੇ ਚਰਚਾ ਕੀਤੀ, ਅਤੇ ਇਹ ਵੀ ਕਿਹਾ ਕਿ ਅਮਰੀਕਾ ਦਾ ਵਿਸ਼ਵਾਸ ਅਤੇ ਸਤਿਕਾਰ ਵਾਪਸ ਆ ਗਿਆ ਹੈ। ਅਸੀਂ 43 ਦਿਨਾਂ ਵਿੱਚ ਉਹ ਕਰ ਦਿਖਾਇਆ ਹੈ ਜੋ ਹੋਰ ਸਰਕਾਰਾਂ 43 ਸਾਲਾਂ ਵਿੱਚ ਨਹੀਂ ਕਰ ਸਕੀਆਂ। ਇਹ ਤਾਂ ਸਿਰਫ਼ ਸ਼ੁਰੂਆਤ ਹੈ। ਅਮਰੀਕਾ ਫਿਰ ਤੋਂ ਮਹਾਨ ਬਣਨ ਲੱਗਾ ਹੈ। ਡੈਮੋਕ੍ਰੇਟਿਕ ਪਾਰਟੀ ਨੇ ਟਰੰਪ ਦੇ ਭਾਸ਼ਣ ਦੀ ਸ਼ੁਰੂਆਤ ਵਿੱਚ ਲਗਾਤਾਰ ਵਿਘਨ ਪਾਇਆ। ਟੈਕਸਾਸ ਤੋਂ ਪ੍ਰਤੀਨਿਧੀ ਸਭਾ ਦੇ ਮੈਂਬਰ ਏ. ਗ੍ਰੀਨ ਖੜ੍ਹੇ ਹੋ ਕੇ ਉੱਚੀ ਆਵਾਜ਼ ਵਿਚ ਕਿਹਾ ਕਿ ਟਰੰਪ ਦਿਸ਼ਾਹੀਣ ਹਨ। ਲਗਾਤਾਰ ਰੁਕਾਵਟਾਂ ਤੋਂ ਬਾਅਦ ਹਾਊਸ ਸਪੀਕਰ ਮਾਈਕ ਜੌਹਨਸਨ ਨੇ ਦਖਲ ਦਿੱਤਾ ਅਤੇ ਹਾਊਸ ਵਿੱਚ ਸ਼ਿਸ਼ਟਾਚਾਰ ਬਹਾਲ ਕਰਨ ਦੀ ਅਪੀਲ ਕੀਤੀ। ਬਾਅਦ ਵਿੱਚ ਉਨ੍ਹਾਂ ਨੇ ਗ੍ਰੀਨ ਨੂੰ ਸਦਨ ਤੋਂ ਬਾਹਰ ਕੱਢਣ ਦਾ ਹੁਕਮ ਦੇ ਦਿੱਤਾ।

# ਗੋਲਡ ਕਾਰਡ ਦੀ ਬਜਾਏ ਯੋਗਤਾ ਅਧਾਰਤ ਪ੍ਰਵਾਸ ਪ੍ਰਣਾਲੀ ਦੀ ਲੋੜ : ਸਾਂਸਦ ਆਰਓ ਖੰਨਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਡੈਮੋਕਰੇਟਿਕ ਸਾਂਸਦ ਆਰ ਓ ਖੰਨਾ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸਤਾਵਿਤ "ਗੋਲਡ ਕਾਰਡ" ਪ੍ਰੋਗਰਾਮ ਦਾ ਜੋਰਦਾਰ ਵਿਰੋਧ ਕੀਤਾ ਹੈ ਜਿਸ ਤਹਿਤ 50 ਲੱਖ ਡਾਲਰ ਦੇ ਵਿਦੇਸ਼ੀ ਨਿਵੇਸ਼ ਬਦਲੇ ਅਮਰੀਕੀ ਨਾਗਰਿਕਤਾ ਦੀ ਪੇਸ਼ਕਸ਼ ਕੀਤੀ ਗਈ ਹੈ। ਸਾਂਸਦ ਖੰਨਾ ਨੇ "ਨਿਊਜਵੀਕ" ਨਾਲ ਇਕ ਮੁਲਾਕਾਤ ਦੌਰਾਨ ਕਿਹਾ ਕਿ "ਅਮਰੀਕਾ ਵਿਚ ਸਫਲ ਕੰਪਨੀ ਬਣਾਉਣ ਲਈ ਤੁਹਾਡੇ ਬੈਂਕ ਖਾਤੇ ਵਿਚ 50 ਲੱਖ ਡਾਲਰ ਹੋਣੇ ਜਰੂਰੀ ਨਹੀਂ ਹਨ। ਸਰਗੀ ਬ੍ਰਿਨ, ਸੁੰਦਰ ਪਿਚਾਈ ਜਾਂ ਸਤਿਆ ਨੇਡੈਲਾ ਦੀ ਉਦਾਹਰਣ ਸਾਹਮਣੇ ਹੈ।" ਉਨ੍ਹਾਂ ਨੇ ਗੁਣਵੱਤਾ ਅਧਾਰਤ ਪ੍ਰਵਾਸ ਵਿਵਸਥਾ ਉਪਰ ਜੋਰ ਦਿੱਤਾ ਜਿਸ ਤਹਿਤ ਕੁਸ਼ਲ ਵਰਕਰਾਂ ਨੂੰ ਪਹਿਲ ਦਿੱਤੀ ਜਾਵੇ ਤੇ ਇਸ ਦੇ ਨਾਲ ਹੀ ਸ਼ੋਸ਼ਣ ਵਿਰੁੱਧ ਸੁਰੱਖਿਆ ਵਜੋਂ ਐਚ-1ਬੀ ਵੀਜਾ ਪ੍ਰੋਗਰਾਮ ਵਿਚ ਸੁਧਾਰ ਕੀਤਾ ਜਾਵੇ। ਉਨਾਂ ਕਿਹਾ ਕਿ "ਸਾਨੂੰ ਕੁਸ਼ਲ ਵਰਕਰਾਂ ਦਾ ਸਵਾਗਤ ਕਰਨਾ ਚਾਹੀਦਾ ਹੈ ਜੋ ਸਿਰਜਨਾਤਮਿਕ ਤੇ ਉਸਾਰੂ ਯੋਗਤਾ ਰਖਦੇ ਹਨ। ਇਨਾਂ ਵਰਕਰਾਂ ਦਾ ਸ਼ੋਸ਼ਣ ਨਾ ਹੋਵੇ ਜਿਸ ਵਾਸਤੇ ਐਚ-1ਬੀ ਪ੍ਰੋਗਰਾਮ ਵਿਚ ਫੇਰਬਦਲ ਦੀ ਲੋੜ ਹੈ। ਜਿਕਰਯੋਗ ਹੈ ਕਿ ਟਰੰਪ ਨੇ ਅਮੀਰ ਵਿਦੇਸ਼ੀਆਂ ਲਈ "ਗਲੋਡ ਕਾਰਡ" ਪ੍ਰੋਗਰਾਮ ਦਾ ਐਲਾਨ ਕੀਤਾ ਹੈ ਜਿਸ ਤਹਿਤ 50 ਲੱਖ ਅਮਰੀਕੀ ਡਾਲਰ ਫੀਸ ਦੇ ਬਦਲੇ ਉਨਾਂ ਨੂੰ ਅਮਰੀਕਾ ਵਿਚ ਰਹਿਣ ਤੇ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ



ਅਤੇ ਅਮਰੀਕੀ ਨਾਗਰਿਕਤਾ ਦਿੱਤੀ ਜਾਵੇਗੀ। ਕਾਰਡਾਂ ਦੀ ਵਿਕਰੀ ਛੇਤੀ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਨਾਂ ਕਾਰਡਾਂ ਦੀ ਕੋਈ ਗਿਣਤੀ ਨਿਰਧਾਰਤ ਨਹੀਂ ਕੀਤੀ ਗਈ ਹੈ। ਟਰੰਪ ਨੂੰ ਆਸ ਹੈ ਕਿ ਇਸ ਨਾਲ ਅਮੀਰ ਵਿਦੇਸ਼ੀ ਅਮਰੀਕਾ ਵੱਲ ਰੁਖ ਕਰਨਗੇ ਜਿਸ ਨਾਲ ਅਮਰੀਕੀ ਅਰਥ ਵਿਵਸਥਾ ਮਜਬੂਤ ਹੋਵੇਗੀ। ਵਣਜ ਸਕੱਤਰ ਹਾਵਰਡ ਲੁਟਨਿਕ ਅਨੁਸਾਰ ਮੌਜੂਦਾ ਈ ਬੀ-5 ਵੀਜਾ ਤਹਿਤ ਗਰੀਨ ਕਾਰਡ ਲੈਣ ਲਈ ਬਹੁਤ ਘੱਟ ਕੀਮਤ ਰਖੀ ਗਈ ਹੈ। ਈ ਬੀ-5 ਵੀਜਾ ਪ੍ਰੋਗਰਾਮ ਤਹਿਤ ਬਿਨੇਕਾਰ ਨੂੰ 8 ਲੱਖ ਡਾਲਰ ਤੋਂ 10 ਲੱਖ ਡਾਲਰ ਦੇ ਦਰਮਿਆਨ ਨਿਵੇਸ਼ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ 1 ਲੱਖ ਡਾਲਰ ਤੋਂ 2 ਲੱਖ ਡਾਲਰ ਤੱਕ ਕਵਰਿੰਗ ਫੀਸ ਦੇਣੀ ਪੈਂਦੀ ਹੈ ਤੇ ਘੱਟੋ ਘੱਟ 10 ਅਮਰੀਕੀਆਂ ਨੂੰ ਕੰਮ 'ਤੇ ਰਖਣਾ ਪੈਂਦਾ ਹੈ। ਇਸੇ ਦੌਰਾਨ ਇਮੀਗ੍ਰੇਸ਼ਨ ਨੀਤੀ ਮਾਹਿਰਾਂ ਨੇ ਕਿਹਾ ਹੈ ਕਿ ਰਾਸ਼ਟਰਪਤੀ ਕੋਲ ਨਵੀਂ ਵੀਜਾ ਸ਼੍ਰੇਣੀ ਬਣਾਉਣ ਜਾਂ ਈ ਬੀ-5 ਪ੍ਰੋਗਰਾਮ ਨੂੰ ਖਤਮ ਕਰਨ ਦਾ ਅਧਿਕਾਰ ਨਹੀਂ ਹੈ, ਇਹ ਅਧਿਕਾਰ ਅਮਰੀਕੀ ਕਾਂਗਰਸ ਕੋਲ ਹੈ।

# ਕੈਲੀਫੋਰਨੀਆ ਅਮਰੀਕਾ ਵਿੱਚ ਹੋਏ ਇਕ ਸੜਕ ਕਾਰ ਹਾਦਸੇ 'ਚ ਭਾਰਤੀ ਵਿਦਿਆਰਥਣ ਕੋਮਾ 'ਚ

## ਮਾਪਿਆਂ ਨੇ ਐਮਰਜੈਂਸੀ ਵੀਜ਼ਾ ਲਈ ਕੇਂਦਰ ਸਰਕਾਰ ਤੋਂ ਕੀਤੀ ਅਪੀਲ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨੀਂ ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਵਿੱਚ ਹੋਏ ਇੱਕ ਸੜਕ ਹਾਦਸੇ ਤੋਂ ਬਾਅਦ ਇਕ ਭਾਰਤੀ ਵਿਦਿਆਰਥਣ ਨੀਲਮ ਸ਼ਿੰਦੇ (35) ਦੀ ਹਾਲਤ ਗੰਭੀਰ ਬਣੀ ਹੋਈ ਹੈ ਅਤੇ ਜਿਸ ਕਾਰ ਵਿੱਚ ਉਹ ਸਫ਼ਰ ਕਰ ਰਹੀ ਸੀ, ਉਹ ਇਸ ਮਹੀਨੇ ਦੀ 14 ਤਰੀਕ ਨੂੰ ਇੱਕ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਉਦੋਂ ਤੋਂ ਉਹ ਆਈਸੀਯੂ ਵਿੱਚ ਹੈ। ਅਜਿਹੀਆਂ ਖ਼ਬਰਾਂ ਹਨ ਕਿ ਉਹ ਇਸ ਸਮੇਂ ਕੋਮਾ ਵਿੱਚ ਦਾਖਲ ਹੈ। ਵਿਦਿਆਰਥਣ ਨੀਲਮ ਸ਼ਿੰਦੇ ਜੋ ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਦੀ ਰਹਿਣ ਵਾਲੀ ਹੈ। ਮਹਾਰਾਸ਼ਟਰ ਲੋਕ ਸਭਾ ਮੈਂਬਰ ਸੁਪ੍ਰੀਆ ਸੁਲੇ ਨੇ ਇਸ ਘਟਨਾਕ੍ਰਮ 'ਤੇ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕੇਂਦਰ ਨੂੰ ਅਪੀਲ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਮਾਪਿਆਂ ਨੂੰ ਉਨ੍ਹਾਂ ਦੀ ਧੀ ਨੂੰ ਦੇਖਣ ਲਈ ਐਮਰਜੈਂਸੀ ਵੀਜ਼ਾ ਦਿੱਤਾ ਜਾਵੇ। ਇਸ ਹੱਦ ਤੱਕ, ਐਕਸ ਨੇ ਟਵਿੱਟਰ ਰਾਹੀਂ ਅਪੀਲ ਕੀਤੀ। ਇਸ ਦੌਰਾਨ, ਪੁਲਿਸ ਨੇ ਹਾਦਸੇ ਦਾ ਕਾਰਨ ਬਣਨ ਵਾਲੀ ਕਾਰ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। 16 ਫਰਵਰੀ ਨੂੰ ਵਾਪਰੇ



ਹਾਦਸੇ 'ਚ ਉਸ ਦੇ ਮਾਪੇ ਉਹ ਉਦੋਂ ਤੋਂ ਹੀ ਵੀਜ਼ਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਉਸਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਅਜੇ ਤੱਕ ਵੀਜ਼ਾ ਨਹੀਂ ਮਿਲਿਆ। ਐਨਸੀਪੀ (ਸਪਾ) ਸੰਸਦ ਮੈਂਬਰ ਸੁਪ੍ਰੀਆ ਸੁਲੇ ਨੇ ਇਹ ਕਹਿ ਕੇ ਜਵਾਬ ਦਿੱਤਾ ਕਿ ਉਸਨੇ ਆਪਣੇ ਮਾਪਿਆਂ ਲਈ ਵੀਜ਼ਾ ਦਿਵਾਉਣ ਲਈ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਸੰਪਰਕ ਕਰ ਰਹੇ ਹਨ ਅਤੇ ਕਾਰ ਹਾਦਸੇ ਵਿੱਚ ਪੀੜਤ ਦੀਆਂ ਲੱਤਾਂ ਅਤੇ ਬਾਹਾਂ ਵੀ ਟੁੱਟ ਗਈਆਂ ਸਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਸਿਰ ਵਿੱਚ ਸੱਟ ਲੱਗਣ ਕਾਰਨ ਉਹ ਕੋਮਾ ਵਿੱਚ ਚਲੀ ਗਈ ਹੈ। ਨੀਲਮ ਸ਼ਿੰਦੇ ਪਿਛਲੇ ਚਾਰ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੀ ਹੈ ਅਤੇ ਉਸ ਦੀ ਇਸ ਸਾਲ ਪੜ੍ਹਾਈ ਪੂਰੀ ਹੋਣ ਵਾਲੀ ਸੀ ਅਤੇ ਇਸ ਦੌਰਾਨ ਇਹ ਹਾਦਸਾ ਵਾਪਰ ਗਿਆ।

# ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਵਿਆਪਕ ਤੌਰ 'ਤੇ ਕੰਮ ਤੋਂ ਹਟਾਉਣਾ ਗੈਰ ਕਾਨੂੰਨੀ : ਅਦਾਲਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸੈਨਫਰਾਂਸਿਸਕੋ ਵਿਚ ਇਕ ਸੰਘੀ ਜੱਜ ਨੇ ਆਪਣੇ ਇਕ ਆਦੇਸ਼ ਵਿਚ ਕਿਹਾ ਹੈ ਕਿ ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਕੰਮ ਤੋਂ ਸਮੂਹਿਕ ਤੌਰ 'ਤੇ ਫਾਰਗ ਕਰਨਾ ਕਾਨੂੰਨੀ ਨਹੀਂ ਹੈ। ਜੱਜ ਦੇ ਇਸ ਆਦੇਸ਼ ਨਾਲ ਲੇਬਰ ਯਨੀਅਨਾਂ ਤੇ ਸੰਗਠਨਾਂ ਦੇ ਗਠਜੋੜ ਨੂੰ ਆਰਜੀ ਰਾਹਤ ਮਿਲੀ ਹੈ ਜਿਨ੍ਹਾਂ ਨੇ ਦਾਇਰ ਪਟੀਸ਼ਨ ਵਿਚ ਮੰਗ ਕੀਤੀ ਹੈ ਕਿ ਟਰੰਪ ਪ੍ਰਸ਼ਾਸਨ ਨੂੰ ਸੰਘੀ ਕਾਮਿਆਂ ਨੂੰ ਸਮੂਹਿਕ ਤੌਰ 'ਤੇ ਨੌਕਰੀ ਤੋਂ ਹਟਾਉਣ ਤੋਂ ਰੋਕਿਆ ਜਾਵੇ। ਯੂ ਐਸ ਡਿਸਟ੍ਰਿਕਟ ਜੱਜ ਵਿਲੀਅਮ ਐਲਸਪ ਨੇ ਪ੍ਰਸੋਨਲ ਮੈਨਜਮੈਂਟ ਦੇ ਦਫਤਰ ਨੂੰ ਆਦੇਸ਼ ਦਿੱਤਾ ਹੈ ਕਿ ਵਿਸ਼ੇਸ਼ ਸੰਘੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਵੇ ਕਿ ਉਨਾਂ ਨੂੰ ਰਖਿਆ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਪ੍ਰੋਬੇਸ਼ਨਰੀ ਮੁਲਾਜ਼ਮਾਂ ਨੂੰ ਕੰਮ ਤੋਂ ਹਟਾਉਣ ਦਾ ਕੋਈ ਅਧਿਕਾਰ ਨਹੀਂ ਹੈ। ਜੱਜ ਨੇ ਕਿਹਾ ਹੈ ਕਿ ਪ੍ਰਸੋਨਲ ਮੈਨਜਮੈਂਟ ਦਫਤਰ ਕਿਸੇ ਵੀ ਵਿਵਸਥਾ ਤਹਿਤ ਮੁਲਾਜ਼ਮਾਂ ਨੂੰ ਹਟਾ ਨਹੀਂ ਸਕਦਾ।

# ਜ਼ੇਲੈਂਸਕੀ ਅਮਨ ਨਹੀਂ ਚਹੁੰਦਾ ਉਹ ਤੀਸਰਾ ਵਿਸ਼ਵ ਯੁੱਧ ਚਹੁੰਦਾ ਹੈ : ਟਰੰਪ

- ਰਾਸ਼ਟਰਪਤੀ ਟਰੰਪ ਤੇ ਜ਼ੇਲੈਂਸਕੀ ਵਿਚਾਲੇ ਮੀਟਿੰਗ ਦੌਰਾਨ ਹੋਈ ਤਕਰਾਰ ਉਪਰੰਤ ਜ਼ੇਲੈਂਸਕੀ ਨੂੰ ਵਾਈਟ ਹਾਊਸ ਵਿਚੋਂ ਚਲੇ ਜਾਣ ਲਈ ਕਿਹਾ
- ਖਣਿਜ ਪਦਾਰਥਾਂ ਬਾਰੇ ਸਮਝੌਤੇ ਉਪਰ ਨਹੀਂ ਹੋਏ ਦਸਤਖਤ, ਸਾਂਝੀ ਪ੍ਰੈਸ ਕਾਨਫਰੰਸ ਵੀ ਹੋਈ ਰੱਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਯੁਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਵਿਚਾਲੇ ਵਾਈਟ ਹਾਊਸ ਵਿਚ ਹੋਈ ਮੀਟਿੰਗ ਦੌਰਾਨ ਦੋਨਾਂ ਆਗੂਆਂ ਵਿਚਾਲੇ ਤਕਰਾਰ ਹੋਣ ਦੀ ਖਬਰ ਹੈ। ਮੀਟਿੰਗ ਵਿਚ ਉੱਪ ਰਾਸ਼ਟਰਪਤੀ ਜੇ ਡੀ ਵੈਂਸ ਵੀ ਮੌਜੂਦ ਸਨ। ਬਿਨਾਂ ਕਿਸੇ ਸਿੱਟੇ ਦੇ ਖਤਮ ਹੋਈ ਮੀਟਿੰਗ ਦੌਰਾਨ ਸਥਿੱਤੀ ਇਸ ਹੱਦ ਤੱਕ ਅਣਸੁਖਾਵੀਂ ਬਣ ਗਈ ਕਿ ਟਰੰਪ ਨੇ ਯੁਕਰੇਨੀ ਰਾਸ਼ਟਰਪਤੀ ਨੂੰ ਵਾਈਟ ਹਾਊਸ ਵਿਚੋਂ ਚਲੇ ਜਾਣ ਲਈ ਕਹਿ ਦਿੱਤਾ। ਵਾਈਟ ਹਾਊਸ ਦੇ ਇਕ ਅਧਿਕਾਰੀ ਅਨੁਸਾਰ ਬਾਅਦ ਵਿਚ ਜ਼ੇਲੈਂਸਕੀ ਤੁਰੰਤ ਵਾਈਟ ਹਾਊਸ ਛੱਡ ਕੇ ਚਲੇ ਗਏ। ਮੀਟਿੰਗ ਵਿਚ ਯੁਕਰੇਨ ਦੇ ਕੁੱਦਰਤੀ ਖਣਿਜ ਪਦਾਰਥਾਂ ਸਬੰਧੀ ਦੋਨਾਂ ਦੇਸ਼ਾਂ ਵਿਚਾਲੇ ਸਮਝੌਤੇ ਉਪਰ ਦਸਤਖਤ ਕੀਤੇ ਜਾਣੇ ਸਨ ਪਰੰਤੂ ਅਜਿਹਾ ਸੰਭਵ ਨਹੀਂ ਹੋ ਸਕਿਆ। ਮੀਟਿੰਗ ਵਿਚ ਉੱਪ ਰਾਸ਼ਟਰਪਤੀ ਜੇ ਡੀ ਵੈਂਸ ਨੇ ਜ਼ੇਲੈਂਸਕੀ ਨੂੰ ਕਿਹਾ ਕਿ ਉਹ ਟਰੰਪ ਪ੍ਰਤੀ ਅਣਉੱਚਿਤ ਰਵੱਈਆ ਰਖਦੇ ਹਨ। ਤੁਹਾਨੂੰ ਰੂਸ ਨਾਲ ਜੰਗ ਦੇ ਕਾਰਨਾਂ ਬਾਰੇ ਭਾਸ਼ਣ ਦੇਣ ਦੀ ਬਜਾਏ ਅਮਰੀਕਾ ਦਾ ਧੰਨਵਾਦ ਕਰਨਾ ਚਾਹੀਦਾ ਹੈ। ਮੀਟਿੰਗ ਤੋਂ ਕੁਝ ਸਮੇ ਬਾਅਦ ਟਰੰਪ ਨੇ ਕਿਹਾ ਕਿ "ਰਾਸ਼ਟਰਪਤੀ ਜ਼ੇਲੈਂਸਕੀ ਅਮਨ ਲਈ ਤਿਆਰ ਨਹੀਂ ਹੈ। ਉਸ ਨੇ ਓਵਾਲ ਦਫਤਰ ਵਿਚ ਅਮਰੀਕਾ ਦਾ ਅਪਮਾਨ ਕੀਤਾ ਹੈ। ਹੁਣ ਉਹ ਓਦੋਂ ਹੀ ਵਾਪਿਸ ਆ ਸਕਦਾ ਹੈ ਜਦੋਂ ਅਮਨ ਲਈ ਤਿਆਰ ਹੋਵੇਗਾ।" ਮੀਟਿੰਗ ਉਪਰੰਤ ਟਰੰਪ ਤੇ ਜ਼ੇਲੈਂਸਕੀ ਦੀ ਰੱਖੀ ਸਾਂਝੀ ਪ੍ਰੈਸ ਕਾਨਫਰੰਸ ਨੂੰ ਰੱਦ ਕਰ ਦਿੱਤਾ ਗਿਆ। ਰਾਸ਼ਟਰਪਤੀ ਟਰੰਪ ਵੱਲੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਯੁਕਰੇਨ ਨਾਲ ਜੰਗ ਖਤਮ ਕਰਨ ਬਾਰੇ ਕੀਤੀ ਗੱਲਬਾਤ ਉਪਰੰਤ ਇਹ ਮੀਟਿੰਗ ਸੰਭਵ ਹੋਈ ਸੀ। ਮੀਟਿੰਗ ਵਿਚ ਉਸ ਵੇਲੇ ਪਾਰਾ ਸਿਖਰ 'ਤੇ ਪੁੱਜ ਗਿਆ ਜਦੋਂ ਜ਼ੇਲੈਂਸਕੀ ਨੇ ਕਿਹਾ ਅਮਰੀਕਾ ਹੁਣ ਪਿੱਛੇ ਹਟ ਰਿਹਾ ਹੈ ਪਰੰਤੂ ਇਸ ਬਾਰੇ



ਵ੍ਹਾਈਟ ਹਾਊਸ ਵਿਚ ਮੀਟਿੰਗ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਯੁਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ

ਤੁਹਾਨੂੰ ਭਵਿੱਖ ਵਿਚ ਅਹਿਸਾਸ ਹੋਵੇਗਾ। ਇਸ 'ਤੇ ਟਰੰਪ ਨੇ ਕਿਹਾ ਸਾਨੂੰ ਇਹ ਦੱਸਣ ਦੀ ਕੋਸ਼ਿਸ ਨਾ ਕਰੋ ਕਿ ਅਸੀਂ ਕਿਵੇਂ ਮਹਿਸੂਸ ਕਰਾਂਗੇ, ਅਸੀਂ ਇਕ ਸਮੱਸਿਆ ਹੱਲ ਕਰਨ ਦਾ ਯਤਨ ਕਰ ਰਹੇ ਹਾਂ। ਜ਼ੇਲੈਂਸਕੀ ਨੇ ਟੋਕਦਿਆਂ ਕਿਹਾ 'ਮੈ ਤੁਹਾਨੂੰ ਸਮਝਾ ਨਹੀਂ ਰਿਹਾ''। ਇਸ 'ਤੇ ਵੈਂਸ ਨੇ ਕਿਹਾ "ਹਾਂ ਬਿਲਕੁੱਲ ਇਹ ਹੀ ਤਾਂ ਤੂੰ ਕਰ ਰਿਹਾ ਹੈ।" ਤੈਸ਼ ਵਿਚ ਆਏ ਟਰੰਪ ਨੇ ਕਿਹਾ "ਤੂੰ ਇਸ ਸਮੇਂ ਸਾਨੂੰ ਹੁਕਮ ਦੇਣ ਦੀ ਸਥਿੱਤੀ ਵਿਚ ਨਹੀਂ ਹੈ। ਅਸੀਂ ਬਹੁਤ ਚੰਗਾ ਤੇ ਬਹੁਤ ਮਜਬੂਤ ਅਹਿਸਾਸ ਕਰਾਂਗੇ ਪਰੰਤੂ ਇਸ ਵੇਲੇ ਤੇਰੀ ਹਾਲਤ ਬਹੁਤੀ ਚੰਗੀ ਨਹੀਂ ਹੈ। ਤੂੰ ਚੰਗੀ ਸਥਿੱਤੀ ਵਿਚ ਨਹੀਂ ਹੈ।" ਟਰੰਪ ਨੇ ਆਪਣੀ ਗਲ ਜਾਰੀ ਰਖਦਿਆਂ ਕਿਹਾ ਤੂੰ ਲੱਖਾਂ ਲੋਕਾਂ ਦੀ ਜਾਨ ਨਾਲ ਜੂਆ ਖੇਡ ਰਿਹਾ ਹੈ, ਤੂੰ ਤੀਸਰੀ ਵਿਸ਼ਵ ਜੰਗ ਦਾ ਜੂਆ ਖੇਡ ਰਿਹਾ ਹੈ ਜੋ ਤੂੰ ਕਰ ਰਿਹਾ ਹੈ ਉਹ ਇਸ ਦੇਸ਼ ਦਾ ਅਪਮਾਨ ਹੈ। ਵਾਈਟ ਹਾਊਸ ਵਿਚੋਂ ਚਲੇ ਜਾਣ ਉਪਰੰਤ ਐਕਸ ਉਪਰ ਪਾਏ ਇਕ ਬਿਆਨ ਵਿਚ ਜ਼ੇਲੈਂਸਕੀ ਨੇ ਅਮਰੀਕਾ ਦਾ ਧੰਨਵਾਦ ਕਰਦਿਆਂ ਕਿਹਾ " ਸਮਥਰਨ ਕਰਨ ਲਈ ਧੰਨਵਾਦ ਅਮਰੀਕਾ, ਇਸ ਮੀਟਿੰਗ ਲਈ ਧੰਨਵਾਦ। ਯੁਕਰੇਨ ਨੂੰ ਅਮਨ ਦੀ ਲੋੜ ਹੈ, ਅਸੀਂ ਇਸ ਵਾਸਤੇ ਕੰਮ ਕਰ ਰਹੇ ਹਾਂ।" ਰੂਸੀ ਆਗੂਆਂ ਨੇ ਟਰੰਪ ਤੇ ਜ਼ੇਲੈਂਸਕੀ ਵਿਚਾਲੇ ਹੋਈ ਤਕਰਾਰ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ "ਢੀਠ ਸੂਰ ਨੂੰ ਆਖਰਕਾਰ ਓਵਾਲ ਦਫਤਰ ਵਿਚ ਉਚਿੱਤ ਥਪੜ ਪਿਆ ਹੈ। ਉਹ ਇਸ ਦਾ ਹੀ ਹੱਕਦਾਰ ਹੈ।" ਰਸ਼ੀਅਨ ਫੈਡਰੇਸ਼ਨ ਸਕਿਉਰਿਟੀ ਕੌਂਸਲ ਦੇ ਉੱਪ ਪ੍ਰਧਾਨ ਤੇ ਸਾਬਕਾ ਰੂਸੀ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦਮਿਤਰੀ ਮੈਡਵੇਡੇਵ ਐਕਸ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ "ਰਾਸ਼ਟਰਪਤੀ ਟਰੰਪ ਸਹੀ ਹਨ। ਕੀਵ ਹਕੂਮਤ ਤੀਸਰੀ ਵਿਸ਼ਵ ਜੰਗ ਦਾ ਜੂਆ ਖੇਡ ਰਹੀ ਹੈ।"

# ਜੀ. ਐਚ. ਜੀ. ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 15 ਮਾਰਚ ਨੂੰ ਹੋਵੇਗੀ



ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਜੀ. ਐਚ. ਜੀ. ਅਕੈਡਮੀ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਜਸਵੰਤ ਸਿੰਘ ਖਾਲੜਾ ਪਾਰਕ' ਫਰਿਜ਼ਨੋ ਵਿਖੇ 11ਵਾਂ ਸਲਾਨਾ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ ਇਸ ਸਾਲ 15 ਮਾਰਚ, ਦਿਨ ਸ਼ਨੀਵਾਰ ਨੂੰ ਹੋਵੇਗੀ। ਜਿਸ ਸੰਬੰਧੀ ਅਕੈਡਮੀ ਵੱਲੋਂ ਜਾਣਕਾਰੀ ਸਾਂਝੀ ਕਰਦੇ ਹੋਏ ਪੋਸਟਰ ਰਿਲੀਜ਼ ਕੀਤਾ ਗਿਆ। ਇਹ ਵੀ ਦੱਸਿਆ ਗਿਆ ਕਿ ਪ੍ਰੋਗਰਾਮ ਸਵੇਰੇ ਠੀਕ 10 ਵਜੇ ਸ਼ੁਰੂ ਹੋ ਜਾਵੇਗਾ। ਹਰ ਸਾਲ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਅਤੇ ਬੱਚਿਆ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਨਵੇਂ ਪ੍ਰੋਗਰਾਮ ਉਲੀਕੇ ਜਾਂਦੇ ਹਨ। ਪ੍ਰਬੰਧਕਾਂ ਵਿੱਚੋਂ ਪਰਮਜੀਤ ਸਿੰਘ ਧਾਲੀਵਾਲ ਅਤੇ ਉਦੈਦੀਪ ਸਿੰਘ ਸਿੱਧੂ ਨੇ ਦੱਸਿਆ ਕੁ ਇਸ ਇਕੱਤਰਤਾਂ ਦਾ ਮਹੌਲ ਇਕ ਦੇਸੀ ਪੰਜਾਬੀ ਮੇਲੇ ਦੀ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰੇਗਾ। ਜਿਸ ਦੌਰਾਨ ਫਰੀ ਮੈਡੀਕਲ ਚੈੱਕਅੱਪ ਕੈਂਪ ਵੀ ਲਾਇਆ ਜਾਵੇਗਾ। ਇਸ ਵਿਰਾਸਤੀ ਖੇਡ ਮੇਲੇ ਵਿੱਚ ਬੱਚਿਆ ਵੱਲੋਂ ਪੰਜਾਬੀ ਵਿਰਾਸਤੀ ਖੇਡਾਂ ਜਿਨ੍ਹਾਂ ਵਿੱਚ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ, ਨਿੰਬੂ ਰੇਸ਼, ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਜਾਵੇਗਾ। ਜਦ ਕਿ ਸਥਾਨਿਕ ਬਾਬਿਆਂ ਦੇ ਗਰੁੱਪਾ ਵੱਲੋਂ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ ਜਾਣਗੇ। ਇਸੇ ਦੌਰਾਨ ਔਰਤਾਂ ਵੱਲੋਂ ਵੀ ਚਾਟੀ ਰੇਸ, ਮਿਊਜ਼ਿਕਲ ਚੇਅਰ, ਗੀਤ ਅਤੇ ਬੋਲੀਆਂ ਆਦਿਕ ਦੇ ਮੁਕਾਬਲੇ ਹੋਣਗੇ। ਜਿਸ ਤੋਂ ਇਲਾਵਾ ਬਾਸਕਟਬਾਲ, ਵਾਲੀਬਾਲ ਅਤੇ ਸਾਕਰ ਦੇ ਮੁਕਾਬਲੇ ਵੀ ਹੋਣਗੇ। ਬਜ਼ੁਰਗਾ ਵੱਲੋਂ ਆਪਣੀ ਰੱਸਾਕਸੀ ਦੇ ਜੌਹਰ ਵੀ ਦਿਖਾਏ ਜਾਣਗੇ। ਸਮੁੱਚੇ ਪ੍ਰੋਗਰਾਮ ਦੌਰਾਨ ਹਾਜ਼ਰੀਨ ਲਈ ਜਲੇਬੀਆਂ, ਪਕੌੜਿਆ ਅਤੇ ਹੋਣ ਫਰੂਟ ਆਦਿਕ ਦੇ ਲੰਗਰਾਂ ਦੇ ਖੁੱਲ੍ਹੇ ਪ੍ਰਬੰਧ ਹੋਣਗੇ। ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਇਸ ਮੇਲੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਇਸ ਸਮੇਂ ਵਿਸ਼ੇਸ਼ ਗੱਲਬਾਤ ਸਮੇਂ ਹਾਜ਼ਰ ਸ਼ਖ਼ਸੀਅਤਾਂ ਵਿੱਚ ਉਦੈਦੀਪ ਸਿੱਧੂ, ਪਰਮਜੀਤ ਧਾਲੀਵਾਲ, ਗੁਰਪ੍ਰੀਤ ਸ਼ੇਰਗਿੱਲ, ਬਸੰਤ ਧਾਲੀਵਾਲ, ਸੁਖਦੇਵ ਸਿੱਧੂ, ਸੁਖਮਿੰਦਰ ਸਰੋਏ, ਜਗਰੂਪ ਧਾਲੀਵਾਲ, ਅਰਵਿੰਦਰ ਕਾਹਲੋਂ ਆਦਿਕ ਬਹੁਤ ਸਾਰੇ ਅਣਥੱਕ ਮੈਂਬਰਾਂ ਨੇ ਪਰਿਵਾਰਾਂ ਸਮੇਤ ਹਿੱਸਾ ਲਿਆ। ਵਧੇਰੇ ਜਾਣਕਾਰੀ ਜਾਂ ਸਹਾਇਤਾ ਸੰਬੰਧੀ ਤੁਸੀਂ ਪ੍ਰਬੰਧਕਾਂ ਵਿੱਚੋਂ ਗੁਰਦੀਪ ਸ਼ੇਰਗਿੱਲ (559) 349-1481, ਪਰਮਜੀਤ ਧਾਲੀਵਾਲ (559) 351-9465 ਜਾਂ ਉਦੈਦੀਪ ਸਿੱਧੂ (559) 355-4065 ਨਾਲ ਸੰਪਰਕ ਕਰ ਸਕਦੇ ਹੋ। ਅੰਤ ਪ੍ਰਬੰਧਕਾਂ ਵੱਲੋਂ ਸਮੂੰਹ ਭਾਈਚਾਰੇ ਨੂੰ ਇਸ ਪਰਿਵਾਰਾਂ ਸਮੇਤ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।

# ਤੀਜੀ ਵੱਡੀ ਜੰਗ ਦੀ ਸੰਭਾਵਨਾ

ਪਿਛਲੇ ਦਿਨੀਂ ਅਮਰੀਕਾ ਦੇ ਰਾਸ਼ਟਰਪਤੀ ਭਵਨ ਵਾਈਟ ਹਾਊਸ ਦੇ 'ਓਵਲ ਆਫ਼ਿਸ' ਵਿਚ ਡੌਨਾਲਡ ਟਰੰਪ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦਰਮਿਆਨ ਰੂਸ ਤੇ ਯੂਕਰੇਨ ਦਰਮਿਆਨ ਛਿੜੀ ਜੰਗ ਨੂੰ ਲੈ ਕੇ ਜੋ ਟਕਰਾਅ ਭਰੀ ਮੀਟਿੰਗ ਹੋਈ ਹੈ, ਉਸ ਨੇ ਇਕ ਵਾਰ ਤਾਂ ਪੂਰੀ ਦੁਨੀਆ ਨੂੰ ਵੱਡੀ ਹੈਰਾਨੀ ਅਤੇ ਚਿੰਤਾ ਵਿਚ ਪਾ ਦਿੱਤਾ ਹੈ। ਇਹ ਮੀਟਿੰਗ ਇਸ ਪਿਛੋਕੜ ਵਿਚ ਹੋਈ ਹੈ ਕਿ ਅਮਰੀਕਾ ਦੀ ਰਿਪਬਲਿਕਨ ਪਾਰਟੀ ਵਲੋਂ ਬਣੇ ਨਵੇਂ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਪਿਛਲੀ ਜੋ ਬਾਈਡਨ ਸਰਕਾਰ ਦੀਆਂ ਯੂਕਰੇਨ ਸੰਬੰਧੀ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਕਰ ਦਿੱਤੀਆਂ ਸਨ। ਉਸ ਨੇ ਕਿਹਾ ਸੀ ਕਿ ਰੂਸ-ਯੂਕਰੇਨ ਦੀ ਜੰਗ ਵਿਚ ਅਮਰੀਕਾ ਹੋਰ ਵੱਡਾ ਨੁਕਸਾਨ ਨਹੀਂ ਉਠਾ ਸਕਦਾ। ਤਿੰਨ ਸਾਲ ਦੀ ਲੜਾਈ ਵਿਚ ਉਹ ਯੂਕਰੇਨ ਨੂੰ ਦਿੱਤੀ ਗਈ ਆਰਥਿਕ ਤੇ ਫ਼ੌਜੀ ਮਦਦ ਦੇ ਰੂਪ ਵਿਚ 31 ਲੱਖ ਕਰੋੜ ਰੁਪਏ ਦਾ ਖ਼ਰਚ ਉਠਾ ਚੁੱਕਾ ਹੈ। ਆਪਣੀ ਚੋਣ ਦੌਰਾਨ ਵੀ ਉਸ ਨੇ ਵਾਰ-ਵਾਰ ਇਹ ਕਿਹਾ ਸੀ ਕਿ ਉਹ ਸੱਤਾ ਵਿਚ ਆਉਣ ਤੋਂ ਬਾਅਦ ਕੁਝ ਸਮੇਂ ਵਿਚ ਹੀ ਇਹ ਜੰਗ ਖ਼ਤਮ ਕਰਵਾ ਦੇਣਗੇ।

ਆਉਂਦਿਆਂ ਹੀ ਇਸ ਸੰਬੰਧੀ ਉਸ ਨੇ ਬਿਆਨਾਂ ਦੀ ਝੜੀ ਲਗਾ ਦਿੱਤੀ ਸੀ। ਇਹ ਜੰਗ 3 ਸਾਲ ਲੰਬੀ ਹੋ ਚੁੱਕੀ ਹੈ। ਇਸ ਵਿਚ ਯੂਕਰੇਨ ਦਾ ਇਕ ਵੱਡਾ ਹਿੱਸਾ ਤਬਾਹ ਹੋ ਚੁੱਕਾ ਹੈ। ਮਰਨ ਵਾਲਿਆਂ ਦੀ ਸਹੀ ਗਿਣਤੀ ਕਰਨੀ ਮੁਸ਼ਕਿਲ ਹੈ। ਲੱਖਾਂ ਯੂਕਰੇਨੀ ਦੂਸਰੇ ਮੁਲਕਾਂ ਵਿਚ ਪਨਾਹ ਲਈ ਬੈਠੇ ਹਨ। ਰੂਸ ਨੇ ਹੁਣ ਤੱਕ ਯੂਕਰੇਨ ਦੇ 20 ਫ਼ੀਸਦੀ ਦੇ ਲਗਭਗ ਇਲਾਕੇ 'ਤੇ ਕਬਜ਼ਾ ਵੀ ਕਰ ਲਿਆ ਹੈ। ਪਰ ਯੂਕਰੇਨ ਨੇ ਹੁੰਦੀ ਇਸ ਸਾਰੀ ਤਬਾਹੀ ਦੇ ਅੱਗੇ ਗੋਡੇ ਨਹੀਂ ਟੇਕੇ। ਇਸ ਦਾ ਇਕ ਵੱਡਾ ਕਾਰਨ ਇਹ ਰਿਹਾ ਕਿ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਸਮੇਤ ਪੱਛਮੀ ਯੂਰਪ ਦੇ ਦਰਜਨਾਂ ਮੁਲਕਾਂ ਨੇ ਉਸ ਦੀ ਹਰ ਪੱਖੋਂ ਖੁੱਲ੍ਹੇ ਦਿਲ ਨਾਲ ਨਾਲ ਮਦਦ ਕੀਤੀ ਸੀ। ਪਰ ਡੌਨਾਲਡ ਟਰੰਪ ਨੇ ਸੱਤਾ ਸੰਭਾਲਦਿਆਂ ਹੀ ਜੰਗ ਪ੍ਰਤੀ ਆਪਣਾ ਵਤੀਰਾ ਬਦਲ ਲਿਆ ਅਤੇ ਉਸ ਨੇ ਯੂਕਰੇਨ ਨੂੰ ਰੂਸ ਨਾਲ ਲੜਾਈ ਬੰਦ ਕਰਨ ਦੀ ਹਦਾਇਤ ਦੇ ਦਿੱਤੀ। ਇਸ ਦੇ ਨਾਲ-ਨਾਲ ਉਸ ਨੇ ਵੱਡੀ ਪਹਿਲ ਕਰਦਿਆਂ ਰੂਸ ਨਾਲ ਆਪਣੇ ਤੌਰ 'ਤੇ ਹੀ ਇਸ ਸੰਬੰਧੀ ਗੱਲਬਾਤ ਵੀ ਸ਼ੁਰੂ ਕਰ ਦਿੱਤੀ। ਯੂਕਰੇਨ ਸਮੇਤ ਉਸ ਨੇ ਇਸ ਲੜਾਈ ਵਿਚ ਮਦਦਗਾਰ ਰਹੇ ਸਾਰੇ ਸਹਿਯੋਗੀ ਦੇਸ਼ਾਂ ਨਾਲ ਮੁਢਲੇ ਤੌਰ 'ਤੇ ਵੀ ਗੱਲਬਾਤ ਨਹੀਂ ਕੀਤੀ। ਇਸੇ ਦੌਰਾਨ ਉਸ ਨੇ ਯੂਕਰੇਨ ਨੂੰ ਦਿੱਤੀ ਗਈ ਅਮਰੀਕੀ ਮਦਦ ਦੇ ਬਦਲੇ ਉਸ ਦੀ ਸਰਕਾਰ ਤੋਂ ਉਸ ਦੇ ਕੁਦਰਤੀ ਸਰੋਤਾਂ ਸੰਬੰਧੀ ਅਮਰੀਕਾ ਨਾਲ ਸਮਝੌਤਾ ਕਰਨ ਦੀ ਮੰਗ ਵੀ ਰੱਖ ਦਿੱਤੀ।

ਪਹਿਲਾਂ ਹਿਚਕਿਚਾਹਟ ਤੋਂ ਬਾਅਦ ਆਪਣੇ ਆਪ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਤੇ ਘਿਰਿਆ ਮਹਿਸੂਸ ਕਰਦਿਆਂ ਜ਼ੇਲੇਂਸਕੀ ਅਜਿਹੇ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਤਿਆਰ ਹੋ ਗਿਆ, ਜਿਹੜਾ ਮੰਗਲਵਾਰ ਨੂੰ ਹੋਈ ਇਸ ਮੀਟਿੰਗ ਵਿਚ ਕੀਤਾ ਜਾਣਾ ਸੀ। ਆਪਸੀ ਗੱਲਬਾਤ ਦੌਰਾਨ ਟਰੰਪ ਨੇ ਜ਼ੇਲੇਂਸਕੀ ਨੂੰ ਇਹ ਵੀ ਕਿਹਾ ਕਿ ਉਹ ਲੜਾਈ ਹਾਰ ਰਿਹਾ ਹੈ, ਇਸ ਲਈ ਰੂਸ ਨਾਲ ਵੀ ਸਮਝੌਤਾ ਕਰ ਲਵੇ। ਜ਼ੇਲੇਂਸਕੀ ਨੇ ਕਿਹਾ ਕਿ ਯੂਕਰੇਨ ਸਥਾਈ ਸ਼ਾਂਤੀ ਚਾਹੁੰਦਾ ਹੈ ਅਤੇ ਇਸ ਸੰਬੰਧੀ ਗੱਲਬਾਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਟਰੰਪ ਨੇ ਜ਼ੋਰ ਪਾਉਂਦਿਆਂ ਕਿਹਾ ਕਿ ਉਹ ਆਪਣੀ ਅੜੀ ਕਰਕੇ ਹੋਰ ਲੱਖਾਂ ਲੋਕਾਂ ਦੀ ਜਾਨ ਜੋਖ਼ਮ ਵਿਚ ਪਾ ਰਿਹਾ ਹੈ ਅਤੇ ਤੀਸਰੀ ਸੰਸਾਰ ਜੰਗ ਨੂੰ ਸੱਦਾ ਦੇ ਰਿਹਾ ਹੈ। ਜ਼ੇਲੇਂਸਕੀ ਨੇ ਫਿਰ ਕਿਹਾ ਕਿ ਉਹ ਪੱਕੀਆਂ ਸ਼ਰਤਾਂ ਅਨੁਸਾਰ ਸਮਝੌਤੇ ਲਈ ਪਾਬੰਦ ਹੈ। ਇਸ ਸੰਦਰਭ ਵਿਚ ਉਸ ਨੇ ਟਰੰਪ ਨੂੰ ਸਾਲ 2014 ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵਲੋਂ ਕਰੀਮੀਆਂ 'ਤੇ ਕੀਤੇ ਗਏ ਹਮਲੇ ਬਾਰੇ ਵੀ ਦੱਸਿਆ। ਇਸ 'ਤੇ ਦੋਹਾਂ ਵਿਚ ਸਖ਼ਤ ਬਹਿਸ ਸੁਬਾਸਾ ਸ਼ੁਰੂ ਹੋ ਗਿਆ ਅਤੇ ਅਮਰੀਕੀ ਉਪ ਰਾਸ਼ਟਰਪਤੀ ਵੈਨਸ ਨੇ ਕਿਹਾ ਕਿ ਅਜਿਹਾ ਕਰ ਕੇ ਜ਼ੇਲੇਂਸਕੀ ਰਾਸ਼ਟਰਪਤੀ ਟਰੰਪ ਅਤੇ ਅਮਰੀਕਾ ਦੀ ਬੇਇੱਜ਼ਤੀ ਕਰ ਰਿਹਾ ਹੈ। ਇਸ ਤੋਂ ਬਾਅਦ ਦੋਹਾਂ ਦੇਸ਼ਾਂ ਵਿਚ ਕੀਤਾ ਜਾਣ ਵਾਲਾ ਉਪਰੋਕਤ ਸਮਝੌਤਾ ਵਿਚ-ਵਿਚਾਲੇ ਹੀ ਲਟਕ ਗਿਆ। ਇਸ ਗੱਲ ਦੀ ਉਮੀਦ ਨਹੀਂ ਸੀ ਕੀਤੀ ਜਾ ਸਕਦੀ ਕਿ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਕਿਸੇ ਦੂਜੇ ਦੇਸ਼ ਦੇ ਰਾਸ਼ਟਰਪਤੀ ਨਾਲ ਇਸ ਤਰ੍ਹਾਂ ਦਾ ਵਿਹਾਰ ਕੀਤਾ ਜਾਏਗਾ। ਅਮਰੀਕੀ ਰਾਸ਼ਟਰਪਤੀ ਦੇ ਅਜਿਹੇ ਵਤੀਰੇ ਕਾਰਨ ਜ਼ੇਲੇਂਸਕੀ ਨੂੰ ਇਸ ਮੀਟਿੰਗ 'ਚੋਂ ਉੱਠ ਕੇ ਜਾਣਾ ਪਿਆ। ਇੰਨੀ ਤਬਾਹਕੁੰਨ ਲੜਾਈ ਸੰਬੰਧੀ ਕੀਤੇ ਜਾਣ ਵਾਲੇ ਕਿਸੇ ਵੀ ਸੰਭਾਵੀ ਸਮਝੌਤੇ ਬਾਰੇ ਅਮਰੀਕਾ ਵਲੋਂ ਇਸ ਹਲਕੇ ਢੰਗ ਨਾਲ ਗੱਲਬਾਤ ਕਰਨੀ ਅਮਰੀਕੀ ਰਾਸ਼ਟਰਪਤੀ ਲਈ ਸ਼ੋਭਾਜਨਕ ਨਹੀਂ ਕਿਹਾ ਜਾ ਸਕਦਾ।

ਇਸ ਦੇ ਪ੍ਰਤੀਕਰਮ ਵਜੋਂ ਅਮਰੀਕਾ ਦੇ ਦੋਸਤ ਅਤੇ ਭਾਈਵਾਲ ਰਹੇ ਅਨੇਕਾਂ ਮੁਲਕਾਂ ਨੇ ਵੀ ਇਸ ਤੋਂ ਬਾਅਦ ਜ਼ੇਲੇਂਸਕੀ ਨਾਲ ਡਟ ਕੇ ਖੜ੍ਹੇ ਹੋਣ ਦਾ ਦਮ ਭਰਿਆ ਹੈ। ਇਨ੍ਹਾਂ ਵਿਚ ਯੂਰਪੀਅਨ ਕਮਿਸ਼ਨ ਦੀ ਪ੍ਰੈਜ਼ੀਡੈਂਟ ਉਰਸੁਲਾ ਵਾਨ ਵੀ ਸ਼ਾਮਿਲ ਹੈ, ਜਿਸ ਨੇ ਕਿਹਾ ਹੈ ਕਿ ਉਹ ਇਸ ਸਮੇਂ ਯੂਕਰੇਨ ਦੇ ਲੋਕਾਂ ਨਾਲ ਖੜ੍ਹੀ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨੇ ਰੂਸ ਨੂੰ ਹਮਲਾਵਰ ਕਰਾਰ ਦਿੱਤਾ ਹੈ। ਇਟਲੀ, ਜਰਮਨੀ, ਸਪੇਨ, ਲਕਜ਼ਮਬਰਗ, ਪੋਲੈਂਡ, ਫਿਨਲੈਂਡ ਅਤੇ ਸਵੀਡਨ ਨੇ ਵੀ ਇਸ ਬੇਹੱਦ ਔਖੀ ਘੜੀ ਵਿਚ ਯੂਕਰੇਨ ਨਾਲ ਖੜ੍ਹੇ ਹੋਣ ਦੀ ਗੱਲ ਆਖੀ ਹੈ। ਇਸ ਤਰ੍ਹਾਂ ਦੇ ਢੰਗ-ਤਰੀਕੇ ਨਾਲ ਇਹ ਜੰਗ ਖ਼ਤਮ ਹੋਣ ਵਾਲੀ ਨਹੀਂ ਜਾਪਦੀ, ਸਗੋਂ ਇਸ ਨਾਲ ਤੀਜੀ ਵਿਸ਼ਵ ਜੰਗ ਸ਼ੁਰੂ ਹੋਣ ਦੀ ਸੰਭਾਵਨਾ ਬਣਦੀ ਨਜ਼ਰ ਆ ਰਹੀ ਹੈ, ਜੋ ਪਰਮਾਣੂ ਹਥਿਆਰਾਂ ਦੇ ਯੁੱਗ ਵਿਚ ਦੁਨੀਆ ਭਰ ਲਈ ਤਬਾਹਕੁੰਨ ਸਾਬਤ ਹੋ ਸਕਦੀ ਹੈ। ਇਸ ਜੰਗ ਨੂੰ ਰੋਕਣ ਲਈ ਕੌਮਾਂਤਰੀ ਸਟੇਜ 'ਤੇ ਵੱਡੇ ਮੁਲਕਾਂ ਨੂੰ ਇਕੱਠੇ ਹੋ ਕੇ ਹੋਰ ਵਧੇਰੇ ਗੰਭੀਰਤਾ ਅਤੇ ਪ੍ਰੌੜਤਾ ਨਾਲ ਤੁਰੰਤ ਯਤਨ ਕਰਨ ਦੀ ਜ਼ਰੂਰਤ ਹੈ। ਇਸ ਦੀ ਇਸ ਸਮੇਂ ਵੱਡੀ ਲੋੜ ਮਹਿਸੂਸ ਹੋ ਰਹੀ ਹੈ।

# ਪਰਵਾਸ ਦੀਆਂ ਪਰਤਾਂ ਹੇਠ

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਜਿਸ ਨੂੰ ਯੂਨਾਨੀਆਂ ਨੇ 'ਪੈਂਟਾਪੋਟਾਮੀਆ' ਆਖਿਆ ਸੀ। ਇਹ ਖਿੱਤਾ ਸਿੰਧੂ ਘਾਟੀ ਦੀ ਸੱਭਿਅਤਾ ਨਾਲ ਜੁੜਿਆ ਰਿਹਾ, ਰਿਗਵੇਦ ਤੇ ਮਹਾਭਾਰਤ ਵਿੱਚ ਇਸ ਦਾ ਜ਼ਿਕਰ ਆਉਂਦਾ ਹੈ ਅਤੇ ਜਿਹਲਮ ਦਰਿਆ ਦੇ ਕੰਢਿਆਂ 'ਤੇ ਸਿਕੰਦਰ ਦਾ ਪੋਰਸ ਨਾਲ ਯੁੱਧ ਹੋਇਆ, ਬਾਬਰ ਦੀ ਇਬਰਾਹੀਮ ਲੋਧੀ ਨਾਲ ਜੰਗ ਹੁੰਦੀ ਹੈ ਅਤੇ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਲੜਾਈਆਂ ਹੋਈਆਂ। ਸਦੀਆਂ ਤੋਂ ਪੰਜਾਬ ਜਿਵੇਂ ਧਾੜਵੀਆਂ ਦੇ ਹਮਲਿਆਂ ਦਾ ਨਿਸ਼ਾਨਾ ਬਣਦਾ ਰਿਹਾ, ਤਬਾਹ ਹੁੰਦਾ ਰਿਹਾ ਹੈ, ਹੋਰ ਕਿਤਿਓਂ ਅਜਿਹੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ।

ਅਸੀਂ 1947 ਤੋਂ ਗੱਲ ਸ਼ੁਰੂ ਕਰਾਂਗੇ ਜਿਸ ਨੂੰ ਸ਼ਾਨਦਾਰ ਯੁੱਗ ਦੀ ਸਵੇਰ ਮੰਨਿਆ ਜਾਂਦਾ ਸੀ। ਪੰਜਾਬ ਅਤੇ ਬੰਗਾਲ ਨੂੰ ਛੱਡ ਕੇ ਬਾਕੀ ਭਾਰਤ ਲਈ ਤਾਂ ਇਹ ਖੁਸ਼ੀਆਂ ਅਤੇ ਰੌਸ਼ਨੀ ਦੀ ਸਵੇਰ ਹੀ ਸੀ। ਦੇਸ਼ ਦੀ ਜੋ ਵੰਡ ਹੋਈ, ਉਹ ਮੁੱਖ ਤੌਰ 'ਤੇ ਪੰਜਾਬ ਅਤੇ ਬੰਗਾਲ ਦੀ ਵੰਡ ਸੀ। ਅੰਗਰੇਜ਼ਾਂ ਨੇ ਖਿਆਲੀ ਲਕੀਰ ਵਾਹ ਦਿੱਤੀ ਅਤੇ ਇਸ ਨੂੰ ਕਾਂਗਰਸ ਲੀਡਰਸ਼ਿਪ, ਗਾਂਧੀ ਅਤੇ ਜਿਨਾਹ ਨੇ ਪ੍ਰਵਾਨਗੀ ਦੇ ਦਿੱਤੀ ਜਿਸ ਨਾਲ ਪੰਜਾਬ ਦੀਆਂ ਆਂਦਰਾਂ ਵੱਢ ਦਿੱਤੀਆਂ ਗਈਆਂ। ਇਹ ਪੰਜਾਬ ਦੇ ਜਿਸਮ ਅਤੇ ਆਤਮਾ ਦਾ ਵਢਾਂਗਾ ਸੀ ਤੇ ਇਸ ਨਾਲ ਹੱਤਿਆ, ਬਲਾਤਕਾਰ ਅਤੇ ਅਫ਼ਰਾ-ਤਫ਼ਰੀ ਦੀ ਸੁਨਾਮੀ ਦੀ ਲਹਿਰ ਪੈਦਾ ਹੋਈ। ਉਸ ਕਤਲੋਗ਼ਾਰਤ ਦੀ ਹੋਰ ਕਿਤੇ ਮਿਸਾਲ ਨਹੀਂ ਮਿਲਦੀ ਜਿਸ ਕਰ ਕੇ ਮਾਨਵ ਇਤਿਹਾਸ ਵਿੱਚ ਸਭ ਤੋਂ ਵੱਡਾ ਉਜਾੜਾ ਹੋਇਆ ਸੀ। 1950ਵਿਆਂ ਦੇ ਸ਼ੁਰੂ ਵਿੱਚ ਪੱਛਮੀ ਦੁਨੀਆ ਵੱਲ ਪਰਵਾਸ ਦੀ ਪਹਿਲੀ ਲਹਿਰ ਦੇ ਮੁੱਖ ਕਾਰਨ 'ਚੋਂ ਇੱਕ ਕਾਰਨ ਸ਼ਾਇਦ ਇਹ ਉਜਾੜਾ ਵੀ ਸੀ। ਸ਼ੁਰੂ-ਸ਼ੁਰੂ ਵਿੱਚ ਥੋੜ੍ਹੇ ਜਿਹੇ ਲੋਕ ਪਰਵਾਸ ਕਰਨ ਲੱਗੇ ਜੋ ਮੁੱਖ ਤੌਰ 'ਤੇ ਬਰਤਾਨੀਆ ਜਾਂਦੇ ਸਨ ਅਤੇ ਫਿਰ ਕੈਨੇਡਾ ਦਾ ਰੁਖ਼ ਕੀਤਾ ਜਾਣ ਲੱਗਿਆ। ਦੋ ਆਲਮੀ ਜੰਗਾਂ ਵਿੱਚ ਇਸ ਖਿੱਤੇ ਦਾ ਯੋਗਦਾਨ ਬਹੁਤ ਜ਼ਿਆਦਾ ਸੀ ਅਤੇ ਜੰਗ ਤੋਂ ਵਾਪਸ ਆਉਣ ਵਾਲੇ ਬੰਦੇ ਯੂਰੋਪ, ਅਫਰੀਕਾ, ਦੱਖਣ-ਪੂਰਬੀ ਏਸ਼ੀਆ ਅਤੇ ਮੱਧ-ਪੂਰਬ ਦੀਆਂ ਕਹਾਣੀਆਂ ਲੈ ਕੇ ਮੁੜੇ ਸਨ। ਇਨਸਾਨ ਹਮੇਸ਼ਾ ਬਿਹਤਰ ਭਵਿੱਖ ਦੀ ਤਲਾਸ਼ ਵਿੱਚ ਰਹਿੰਦਾ ਹੈ ਅਤੇ ਜਦੋਂ ਵੀ ਕਦੇ ਅਸੁਖਾਵੇਂ ਘਰੇਲੂ ਹਾਲਾਤ ਕਰ ਕੇ ਮੌਕੇ ਬਣਦੇ ਹਨ ਤਾਂ ਉਹ ਬਾਹਰ ਦੇ ਰਾਹ ਪੈ ਜਾਂਦੇ ਹਨ।

ਵੰਡ ਦੇ ਝੱਖੜ ਤੋਂ ਬਾਅਦ ਹੌਲੀ-ਹੌਲੀ ਪੰਜਾਬੀ ਜਜ਼ਬਾ ਉਭਰਿਆ ਅਤੇ ਚੰਗੀ ਲੀਡਰਸ਼ਿਪ ਤੇ ਪ੍ਰਸ਼ਾਸਨ ਦੀ ਬਦੌਲਤ ਅਸੀਂ ਆਪਣੇ ਤਿਣਕੇ ਸਮੇਟ ਕੇ ਇੱਕ ਵਾਰ ਫਿਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ। ਕੁਝ ਦਹਾਕਿਆਂ ਤੱਕ ਇਵੇਂ ਲੱਗਿਆ ਕਿ ਅਸੀਂ ਖੁਸ਼ਹਾਲੀ ਤੇ ਸ਼ਾਂਤੀ ਦੇ ਮਾਰਗ 'ਤੇ ਚੜ੍ਹ ਗਏ ਹਾਂ ਪਰ ਇਹ ਛਲਾਵਾ ਸਾਬਿਤ ਹੋਇਆ ਅਤੇ ਸਿਆਸੀ ਤੇ ਪ੍ਰਸ਼ਾਸਨਿਕ ਢਾਂਚਿਆਂ ਅੰਦਰ ਉਹੀ ਤਰੇੜਾਂ ਉੱਭਰਨ ਲੱਗ ਪਈਆਂ। ਪਹਿਲਾਂ ਹੀ ਵੱਢੇ-ਟੁੱਕੇ ਪੰਜਾਬ ਵਿੱਚ ਹੋਰ ਵੰਡ ਦੀਆਂ ਮੰਗਾਂ ਉੱਭਰ ਪਈਆਂ। ਅਕਾਲੀ ਆਗੂ ਸਿੱਖਾਂ ਦੇ ਦਬਦਬੇ ਵਾਲਾ ਸੂਬਾ ਚਾਹੁੰਦੇ ਸਨ ਅਤੇ ਇਵੇਂ ਹੀ ਪਹਾੜੀਆਂ ਤੇ ਹਰਿਆਣਵੀਆਂ ਨੇ ਆਪੋ-ਆਪਣੇ ਟਿਕਾਣਿਆਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਸਾਂਝੇ ਪੰਜਾਬ ਨੂੰ ਤਿੰਨ ਟੁਕਿਡ ?ਆਂ ਵਿੱਚ ਵੰਡ ਦਿੱਤਾ ਗਿਆ ਅਤੇ ਲਾਹੌਰ ਤੋਂ ਬਾਅਦ ਆਧੁਨਿਕ ਰਾਜਧਾਨੀ ਵਜੋਂ ਵਿਕਸਤ ਕੀਤੇ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ।

ਵੰਡ ਤੋਂ ਪਹਿਲਾਂ ਪੰਜਾਬ ਦੀਆਂ ਪੰਜ ਡਿਵੀਜ਼ਨਾਂ ਹੁੰਦੀਆਂ ਸਨ -ਜਲੰਧਰ, ਲਾਹੌਰ, ਦਿੱਲੀ, ਮੁਲਤਾਨ ਅਤੇ ਰਾਵਲਪਿੰਡੀ। ਇਸ ਨੂੰ ਵੱਡੀ ਪ੍ਰਾਪਤੀ ਵਜੋਂ ਦਰਸਾਇਆ ਗਿਆ ਹੈ ਪਰ ਅਸਲ ਵਿੱਚ ਇਸ ਨੇ ਪੰਜਾਬ ਦੇ ਪਤਨ ਦਾ ਮੁੱਢ ਬੰਨ੍ਹਿਆ ਸੀ ਕਿਉਂਕਿ ਅਰਥਚਾਰਾ ਕਮਜ਼ੋਰ ਹੋਣ ਅਤੇ ਮਾੜੀ ਲੀਡਰਸ਼ਿਪ ਕਰ ਕੇ ਇਹ ਅਫ਼ਰਾ-ਤਫ਼ਰੀ ਪੈਦਾ ਹੋਣ ਲੱਗੀ। ਪਹਾੜੀਆਂ, ਜੰਗਲ ਅਤੇ ਜਲ ਸਰੋਤ ਹਿਮਾਚਲ ਕੋਲ ਚਲੇ ਗਏ, ਕੌਮੀ ਰਾਜਧਾਨੀ ਨੇੜਲੇ ਗਤੀਸ਼ੀਲ ਇਲਾਕੇ ਅਤੇ ਯਮੁਨਾ ਨਦੀ ਹਰਿਆਣੇ ਵਿੱਚ ਆ ਗਏ। ਪੰਜਾਬ ਹੁਣ ਪੰਜ ਦਰਿਆਵਾਂ ਦੀ ਧਰਤੀ ਨਹੀਂ ਰਹਿ ਗਿਆ ਤੇ ਸ਼ਾਇਦ ਇਸ ਦਾ ਨਾਂ ਵੀ ਬਦਲ ਦੇਣ ਚਾਹੀਦਾ ਹੈ। ਇਹ ਤਿੰਨੇ ਸੂਬੇ ਵਿਕਾਸ ਦੇ ਜ਼ਿਆਦਾਤਰ ਮਾਪਕਾਂ ਪੱਖੋਂ ਪੱਛੜ ਗਏ ਹਨ। ਲੋਕਰਾਜ ਵਿੱਚ ਵੋਟਾਂ ਦਾ ਮੁੱਲ ਪੈਂਦਾ ਹੈ ਅਤੇ ਪਾਰਲੀਮੈਂਟ ਵਿੱਚ 10 ਜਾਂ 13 ਸੀਟਾਂ ਵਾਲਿਆਂ ਦੀ ਬਜਾਇ 80 ਸੀਟਾਂ ਵਾਲੇ ਸੂਬੇ ਦੀ ਸੁਣੀ ਜਾਂਦੀ ਹੈ।

ਹੌਲੀ-ਹੌਲੀ ਨੌਜਵਾਨਾਂ ਨੂੰ ਕੱਟੜਵਾਦ ਦੀ ਪਾਣ ਚੜ੍ਹਨ ਲੱਗ ਪਈ ਅਤੇ ਹਿੰਸਕ ਲਹਿਰ ਨਾਲ ਸਬੰਧਿਤ ਧਰਮ ਦੀ ਆੜ ਹੇਠ ਨਵੇਂ ਨਾਅਰਿਆਂ ਸਹਿਤ ਨਵੀਂ ਖਾੜਕੂ ਲੀਡਰਸ਼ਿਪ ਉੱਭਰ ਆਈ। ਇਸ ਪਿੱਛੇ ਹਰ ਰੰਗ ਦੇ ਸਿਆਸਤਦਾਨਾਂ ਦੇ ਦਿਮਾਗ ਅਤੇ ਹੱਥ ਕੰਮ ਕਰਦੇ ਸਨ; ਹਾਲਾਤ ਪੈਦਾ ਕੀਤੇ ਗਏ ਅਤੇ ਹਿੰਸਾ ਵਿੱਚ ਵਾਧਾ ਹੋਣਾ ਸ਼ੁਰੂ ਹੋਇਆ ਤੇ ਰਾਜ ਦੇ ਦੁਸ਼ਮਣਾਂ ਵਿੱਚ ਵੀ ਵਾਧਾ ਹੋਇਆ। ਇਸ ਸਭ ਕਾਸੇ ਦਾ ਸਿੱਟਾ ਸਾਕਾ ਨੀਲਾ ਤਾਰਾ ਅਤੇ

**ਗੁਰਬਚਨ ਜਗਤ**

ਇੰਦਰਾ ਗਾਂਧੀ ਦੀ ਹੱਤਿਆ ਦੇ ਰੂਪ ਵਿੱਚ ਨਿਕਲਿਆ ਜਿਸ ਤੋਂ ਬਾਅਦ ਸਮੁੱਚੇ ਭਾਰਤ ਅੰਦਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਇਸ ਕਤਲੇਆਮ ਨੂੰ ਉਦੋਂ ਤੱਕ ਚੱਲਣ ਦਿੱਤਾ ਗਿਆ ਜਿੰਨੀ ਦੇਰ ਖ਼ੂਨ ਦੀ ਪਿਆਸ ਅੰਸ਼ਕ ਤੌਰ 'ਤੇ ਬੁਝ ਨਹੀਂ ਗਈ।

ਅਗਲਾ ਦਹਾਕਾ ਇਸੇ 'ਚ ਗੁਆਚ ਗਿਆ, ਰੋਜ਼ ਬੇਕਸੂਰਾਂ ਦੇ ਕਤਲ ਹੁੰਦੇ ਰਹੇ। ਉੱਤਰ-ਪੱਛਮ 'ਚ ਸਾਡੇ ਗੁਆਂਢੀ ਨੇ ਇਸ ਸਥਿਤੀ ਦਾ ਪੂਰਾ ਲਾਹਾ ਲਿਆ ਅਤੇ ਅਤਿਵਾਦੀ ਤੇ ਖਾੜਕੂ ਕਾਰਵਾਈ ਦੀ ਆੜ 'ਚ ਅਸਿੱਧੀ ਜੰਗ ਛੇੜ ਦਿੱਤੀ। ਪੰਜਾਬ ਨੂੰ ਇਸ ਦੀ ਕੀਮਤ ਚੁਕਾਉਣੀ ਪਈ। ਪਾਕਿਸਤਾਨ ਸੰਨ 1948, 1965 ਤੇ 1971 ਵਿੱਚ ਵੱਡੀਆਂ ਜੰਗਾਂ ਹਾਰ ਚੁੱਕਾ ਸੀ; ਇਹ ਬਦਲਾ ਲੈਣ ਦੀ ਤਾਕ ਵਿੱਚ ਸੀ ਤੇ ਅਸੀਂ ਇਸ ਨੂੰ ਇਹ ਥਾਲ 'ਚ ਸਜਾ ਕੇ ਦੇ ਦਿੱਤਾ (ਉਹ ਵੀ ਪੰਜਾਬ ਹੀ ਸੀ ਜਿਸ ਨੇ 1965 ਦੀ ਜੰਗ ਦਾ ਬਹੁਤਾ ਨੁਕਸਾਨ ਸਹਿਣ ਕੀਤਾ ਕਿਉਂਕਿ ਜ਼ਿਆਦਾਤਰ ਕਾਰਵਾਈ ਇਸੇ ਮੋਰਚੇ ਤੱਕ ਸੀਮਤ ਸੀ)। ਪੰਜਾਬ 'ਚ ਮੁੜ ਉਹ ਗੱਲ ਨਹੀਂ ਬਣ ਸਕੀ ਤੇ ਚੋਣਾਂ ਹੋਣ ਤੱਕ ਲਗਭਗ ਪੂਰਾ ਦਹਾਕਾ ਇਹ ਰਾਸ਼ਟਰਪਤੀ ਰਾਜ ਹੇਠਾਂ ਰਿਹਾ।

ਕਈ ਪ੍ਰਮੁੱਖ ਮੰਗਾਂ ਦੇ ਬਾਵਜੂਦ, ਲੋਕਾਂ ਨੂੰ ਬਿਨਾਂ ਕਿਸੇ ਕਸੂਰ ਦਹਾਕਿਆਂ ਤੱਕ ਝੱਲਣੇ ਪਏ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਗਈ ਤੇ ਪੰਜਾਬ ਲਈ ਕੋਈ ਵਿੱਤੀ ਪੈਕੇਜ ਜਾਂ ਵਿਸ਼ੇਸ਼ ਵਿਕਾਸ ਯੋਜਨਾ ਨਹੀਂ ਐਲਾਨੀ ਗਈ। ਯਾਦ ਹੋਣਾ ਚਾਹੀਦਾ ਹੈ ਕਿ ਦੱਖਣੀ, ਪੱਛਮੀ ਤੇ ਪੂਰਬੀ ਤੱਟੀ ਖੇਤਰਾਂ ਤੋਂ ਉਲਟ ਪੰਜਾਬ ਦੇ ਚਹੁੰ ਪਾਸੇ ਜ਼ਮੀਨ ਹੈ। ਇਸ ਦਾ ਵਪਾਰ ਸਿਰਫ਼ ਤੇ ਸਿਰਫ਼ ਉੱਤਰ-ਪੱਛਮ ਤੇ ਕੇਂਦਰੀ ਏਸ਼ੀਆ ਵੱਲ ਖੁੱਲ੍ਹਦਾ ਹੈ। ਇਹ ਰਾਹ ਵੀ ਬੰਦ ਹੈ ਤੇ ਇਸ ਨੂੰ ਖੋਲ੍ਹਣ ਦੀਆਂ ਸਾਰੀਆਂ ਅਰਜ਼ੀਆਂ ਅਣਸੁਣੀਆਂ ਕਰ ਦਿੱਤੀਆਂ ਗਈਆਂ ਹਨ। ਅੱਸੀਵਿਆਂ ਦੀਆਂ ਘਟਨਾਵਾਂ ਨੇ ਪਰਵਾਸ ਦੀ ਦੂਜੀ ਲਹਿਰ ਨੂੰ ਜਨਮ ਦਿੱਤਾ ਤੇ ਇਸ ਵਾਰ ਇਹ ਬਹੁਤ ਵੱਡੀ ਸੀ। ਰਾਹਤ ਤੇ ਰੁਜ਼ਗਾਰ ਖਾਤਰ ਸੂਈ ਘੁੰਮ ਕੇ ਪੱਛਮੀ ਸਾਹਿਲੀ ਤੱਟਾਂ 'ਤੇ ਟਿਕ ਗਈ।

ਤੀਜੀ ਲਹਿਰ ਹੁਣ ਜਾਰੀ ਹੈ ਕਿਉਂਕਿ ਨੌਜਵਾਨ ਸਿੱਖਿਆ ਤੇ ਗੁਜ਼ਾਰੇ ਦੇ ਬਿਹਤਰ ਮੌਕੇ ਤਲਾਸ਼ ਰਹੇ ਹਨ। ਮੈਂ ਇਸ ਨੂੰ ਤੀਸਰੀ ਲਹਿਰ ਕਹਿੰਦਾ ਹਾਂ ਕਿਉਂਕਿ ਹੁਣ ਇਸ 'ਚ ਉਹ ਨੌਜਵਾਨ ਸ਼ਾਮਿਲ ਹਨ ਜਿਨ੍ਹਾਂ ਨੂੰ ਵਿਰਾਸਤ 'ਚ ਕਰਜ਼ਈ (ਪੰਜਾਬ ਸਿਰ ਕਰੀਬ 4 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ) ਸੂਬਾ ਮਿਲਿਆ ਹੈ ਜਿਸ ਨੂੰ ਮੌਕਿਆਂ ਜਾਂ ਉਨ੍ਹਾਂ ਨੂੰ ਪੈਦਾ ਕਰਨ ਵਾਲੀ ਸਿੱਖਿਆ ਤੋਂ ਵਾਂਝਾ ਰੱਖਿਆ ਗਿਆ ਹੈ। ਇੰਟਰਨੈੱਟ ਜਾਗਰੂਕਤਾ ਲਿਆਇਆ ਹੈ ਤੇ ਜਾਗਰੂਕਤਾ ਨੇ ਇੱਛਾਵਾਂ ਜਗਾਈਆਂ ਹਨ। ਨੌਜਵਾਨ ਪੱਛਮੀ ਸੰਸਾਰ ਦੀ ਜ਼ਿੰਦਗੀ ਤੇ ਆਰਾਮ ਲੋਚਦੇ ਹਨ। ਅਫ਼ਸੋਸ, ਉਨ੍ਹਾਂ ਨੂੰ ਇਹ ਇੱਥੇ ਨਹੀਂ ਮਿਲਦੇ ਜਾਂ ਇਨ੍ਹਾਂ ਨੂੰ ਇੱਥੇ ਸਿਰਜਣ ਦਾ ਮਾਹੌਲ ਤੇ ਸਾਧਨ ਨਹੀਂ ਮਿਲਦੇ। ਲੋਕ ਪੂਰੇ ਪੰਜਾਬ ਤੋਂ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਰਹੇ ਹਨ। ਸਿਆਸਤਦਾਨਾਂ, ਪੁਲੀਸ ਤੇ ਟਰੈਵਲ ਏਜੰਟਾਂ ਦਾ ਗੱਠਜੋੜ ਖੁੱਲ੍ਹੇਆਮ ਹੁੰਦਾ ਹੈ, ਮੋਟੀ ਰਾਸ਼ੀ ਵਸੂਲੀ ਜਾਂਦੀ ਹੈ। ਜ਼ਮੀਨ ਵਿਕ ਗਈ ਹੈ, ਕਰਜ਼ੇ ਲਏ ਗਏ ਹਨ ਤੇ ਰਹਿੰਦਾ ਪੈਸਾ ਰਿਸ਼ਤੇਦਾਰਾਂ ਤੋਂ ਜੁਟਾਇਆ ਗਿਆ ਹੈ।

ਅੰਗਰੇਜ਼ੀ ਸਿਖਾਉਣ ਲਈ ਕੋਚਿੰਗ ਕੇਂਦਰ ਆਏ ਤੇ ਫਿਰ ਪੈਸਾ ਖਿੱਚਿਆ ਗਿਆ। ਇਹ ਸਾਰੀ ਕਾਰਵਾਈ ਖੁੱਲ੍ਹੇਆਮ ਅਤੇ ਪਿੰਡਾਂ, ਕਸਬਿਆਂ ਤੇ ਸੱਤਾ ਦੇ ਗਲਿਆਰਿਆਂ 'ਚ, ਸਾਰਿਆਂ ਨੂੰ ਪਤਾ ਹੋਣ ਦੇ ਬਾਵਜੂਦ ਹੋਈ ਪਰ, ਪੰਜਾਬ ਦੀ ਇਸ ਲੁੱਟ ਨੂੰ ਰੋਕਣ ਲਈ ਕੋਈ ਕਦਮ ਨਹੀਂ ਪੁੱਟਿਆ ਗਿਆ।

ਹੁਣ, ਅਮਰੀਕਾ ਦੀ ਅਗਵਾਈ 'ਚ 'ਮਹਾਂ ਸ਼ੁੱਧੀਕਰਨ' ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਐਨੇ ਸ਼ਰਮਨਾਕ ਢੰਗ ਨਾਲ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਘੱਲਣਾ ਸ਼ੁਰੂ ਕੀਤਾ ਹੈ ਕਿ ਕੋਈ ਵੀ ਅਣਖੀ ਮੁਲਕ ਇਸ 'ਤੇ ਚੁੱਪ ਨਹੀਂ ਬੈਠ ਸਕਦਾ। ਪਰਵਾਸੀਆਂ ਦੇ ਹੱਥਾਂ-ਪੈਰਾਂ ਨੂੰ ਕੜੀਆਂ ਲਾ, ਬੰਨ੍ਹ ਕੇ ਬਿਨਾਂ ਦਸਤਾਰਾਂ ਤੋਂ ਲਿਆਂਦਾ ਗਿਆ ਹੈ। ਜਾਪਦਾ ਹੈ ਕਿ 'ਸਟੈਚੂ ਆਫ ਲਿਬਰਟੀ' ਦੀ ਸ਼ੇਖ਼ੀ ਮਾਰਨ ਵਾਲੇ ਮੁਲਕ ਲਈ ਲੋਕਾਂ ਨੂੰ ਕੜੀਆਂ 'ਚ ਬੰਨ੍ਹਣਾ ਹੁਣ ਆਮ ਜਿਹੀ ਗੱਲ ਹੋ ਗਿਆ ਹੈ। ਅਮਰੀਕੀ ਆਜ਼ਾਦੀ ਦੇ ਐਲਾਨਨਾਮੇ- "ਅਸੀਂ ਇਨ੍ਹਾਂ ਸਿਧਾਤਾਂ ਨੂੰ ਸਵੈ-ਸਿੱਧ ਮੰਨਦੇ ਹਾਂ, ਕਿ ਸਾਰੇ ਮਨੁੱਖ ਸਮਾਨ ਪੈਦਾ ਹੋਏ ਹਨ, ਕਿ ਉਨ੍ਹਾਂ ਨੂੰ ਆਪਣੇ ਰਚਣਹਾਰੇ ਵੱਲੋਂ ਕੁਝ ਅਟਲ ਹੱਕ ਮਿਲੇ ਹਨ, ਜੀਵਨ, ਸੁਤੰਤਰਤਾ ਤੇ ਸੁੱਖ ਦੀ ਤਲਾਸ਼ ਇਨ੍ਹਾਂ ਅਧਿਕਾਰਾਂ ਵਿੱਚੋਂ ਹਨ, ਨੂੰ ਆਖ਼ਿਰ ਕੀ ਹੋ ਗਿਆ ਹੈ?

ਜਿੱਥੋਂ ਤੱਕ ਮੈਨੂੰ ਪਤਾ ਹੈ, ਕੋਈ ਪੁਨਰਵਾਸ ਕਮੇਟੀ ਨਹੀਂ ਬਣੀ। ਕੋਈ ਰੋਸ ਦਰਜ ਨਹੀਂ ਕਰਾਇਆ ਗਿਆ, ਕੋਈ ਨੀਤੀ ਪਰਿਵਰਤਨ ਨਹੀਂ ਹੋਇਆ। ਵਿਸ਼ਵ ਆਰਥਿਕ ਫੋਰਮ ਦੀ ਰਿਪੋਰਟ ਮੁਤਾਬਿਕ, ਭਾਰਤ ਨੂੰ ਵਿਦੇਸ਼ਾਂ ਤੋਂ ਲੋਕ ਸਭ ਤੋਂ ਵੱਧ ਪੈਸਾ ਭੇਜਦੇ ਹਨ-ਸਾਲਾਨਾ 100 ਅਰਬ ਡਾਲਰ ਤੋਂ ਵੀ ਵੱਧ। ਇਹ 9 ਲੱਖ ਕਰੋੜ ਰੁਪਏ ਬਣਦਾ ਹੈ; ਜੀਐੱਸਟੀ ਦੀ ਪੂਰੀ ਰਾਸ਼ੀ ਹੀ 2023-24 ਲਈ 20 ਲੱਖ ਕਰੋੜ ਰੁਪਏ ਸੀ। ਆਵਾਸੀ ਸਰਕਾਰਾਂ ਤੋਂ ਕੁਝ ਸਤਿਕਾਰ ਅਤੇ ਸਰੋਕਾਰ ਦਾ ਹੱਕ ਰੱਖਦੇ ਹਨ। ਅਸੀਂ ਤਾਂ ਬਸ ਇਹੀ ਆਸ ਕਰ ਸਕਦੇ ਹਾਂ ਕਿ ਕੱਟੜ ਵਿਚਾਰਾਂ ਅਤੇ ਬੇਰੁਜ਼ਗਾਰ ਜਵਾਨੀ ਦਾ ਜ਼ਹਿਰੀਲਾ ਸੁਮੇਲ ਕਿਤੇ ਦੁਬਾਰਾ ਨਾ ਬਣੇ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅੰਗਰੇਜ਼ੀ ਹੋਵੇਗੀ ਅਮਰੀਕਾ ਦੀ ਅਧਿਕਾਰਕ ਭਾਸ਼ਾ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੰਗਰੇਜ਼ੀ ਨੂੰ ਅਮਰੀਕਾ ਦੀ ਸਰਕਾਰੀ ਭਾਸ਼ਾ ਐਲਾਨਣ ਵਾਲੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ। ਇਹ ਕਾਰਜਕਾਰੀ ਹੁਕਮ ਕਲਿੰਟਨ-ਯੁੱਗ ਦੇ ਉਸ ਹੁਕਮ ਨੂੰ ਰੱਦ ਕਰਦਾ ਹੈ ਜਿਸ ਵਿਚ ਏਜੰਸੀਆਂ ਅਤੇ ਸੰਘੀ ਫੰਡ ਪ੍ਰਾਪਤਕਰਤਾਵਾਂ ਨੂੰ ਗੈਰ-ਅੰਗਰੇਜ਼ੀ ਬੋਲਣ ਵਾਲਿਆਂ ਨੂੰ ਭਾਸ਼ਾ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਸੀ। ਟਰੰਪ ਵਲੋਂ ਜਾਰੀ ਕੀਤੇ ਗਏ ਹੁਕਮ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਦੀ ਸਥਾਪਨਾ ਤੋਂ ਹੀ ਅੰਗਰੇਜ਼ੀ ਨੂੰ ਰਾਸ਼ਟਰੀ ਭਾਸ਼ਾ ਵਜੋਂ ਵਰਤਿਆ ਜਾਂਦਾ ਰਿਹਾ ਹੈ। ਦੇਸ਼ ਦੇ ਇਤਿਹਾਸਕ ਸ਼ਾਸਨ ਦਸਤਾਵੇਜ਼, ਜਿਸ ਵਿਚ ਆਜ਼ਾਦੀ ਦਾ ਐਲਾਨਨਾਮਾ ਤੇ ਸੰਵਿਧਾਨ ਸ਼ਾਮਿਲ ਹਨ, ਸਾਰੇ ਅੰਗਰੇਜ਼ੀ ਵਿਚ ਲਿਖੇ ਗਏ ਹਨ।

# ਨਿਊਜਰਸੀ ਪੁਲਿਸ ਨੇ ਨਕਲੀ ਬਣੇ ਐਫਬੀਆਈ ਦਾ ਏਜੰਟ ਦੱਸਣ ਵਾਲੇ ਇਕ ਭਾਰਤੀ ਮੂਲ ਦੇ ਸ਼ੱਕੀ ਨੂੰ ਗ੍ਰਿਫ਼ਤਾਰ ਕੀਤਾ

ਨਿਊਜਰਸੀ, (ਰਾਜ ਗੋਗਨਾ) : ਬੀਤੇ ਦਿਨ ਪੁਲਿਸ ਨੇ ਇੱਕ ਸ਼ੱਕੀ ਨੂੰ ਗ੍ਰਿਫ਼ਤਾਰ ਕਰਕੇ 40,000 ਹਜ਼ਾਰ ਡਾਲਰ ਦੇ ਘੁਟਾਲੇ ਨੂੰ ਨਾਕਾਮ ਕਰ ਦਿੱਤਾ, ਜੋ ਕਿ ਆਪਣੇ ਆਪ ਨੂੰ ਇੱਕ ਐਫਬੀਆਈ ਦਾ ਏਜੰਟ ਬਣ ਕੇ ਧੋਖਾਧੜੀ ਦੀ ਕੋਸ਼ਿਸ਼ ਕਰ ਰਿਹਾ ਸੀ। ਪੁਲਿਸ ਨੇ ਕਿਹਾ ਕਿ ਗ੍ਰਿਫਤਾਰ ਕੀਤਾ ਗਿਆ ਇਹ ਭਾਰਤੀ ਨਿਊਜਰਸੀ ਦੇ ਚੈਰੀ ਹਿੱਲ ਦਾ ਰਹਿਣ ਵਾਲਾ ਹੈ ਅਤੇ ਇਹ ਇੱਕ ਵਿਅਕਤੀ ਨੂੰ ਐਫਬੀਆਈ ਦਾ ਏਜੰਟ ਵਜੋਂ ਪੇਸ਼ ਕਰਕੇ ਇੱਥੋਂ ਦੇ ਨਿਵਾਸੀ ਨਾਲ 40,000 ਹਜ਼ਾਰ ਡਾਲਰ ਦੀ ਧੋਖਾਧੜੀ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀੜਤ ਨੇ 13 ਫਰਵਰੀ ਨੂੰ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਜਦੋਂ ਪੀੜਤ ਨੇ ਐਫਬੀਆਈ ਨਾਲ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਤੋਂ ਫ਼ੋਨ ਕਾਲ ਪ੍ਰਾਪਤ ਕਰਨ ਦੀ ਰਿਪੋਰਟ ਦਿੱਤੀ। ਕਾਲ ਕਰਨ ਵਾਲੇ ਨੇ ਕਥਿਤ ਤੌਰ 'ਤੇ ਪੀੜਤ ਨੂੰ ਦੱਸਿਆ ਕਿ ਉਨ੍ਹਾਂ 'ਤੇ ਸਰਕਾਰ ਦੇ 40,000 ਹਜ਼ਾਰ ਡਾਲਰ ਦਾ ਬਕਾਇਆ ਹੈ ਅਤੇ ਉਨ੍ਹਾਂ ਨੂੰ ਪੈਸੇ ਕਢਵਾਉਣ ਲਈ ਕਿਹਾ, ਇਹ ਕਹਿੰਦੇ ਹੋਏ ਕਿ ਇੱਕ 'ਕੋਰੀਅਰ' ਨਕਦੀ ਲੈਣ ਲਈ ਤੁਹਾਡੇ ਕੋਲ ਆਵੇਗਾ। ਪੀੜਤ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਜਾਸੂਸਾਂ ਨੇ ਕੋਰੀਅਰ ਨੂੰ ਰੋਕ ਲਿਆ। ਉਸ ਦੀ ਪਛਾਣ ਚੈਰੀ ਹਿੱਲ ਨਿਊਜਰਸੀ ਦੇ ਨਿਵਾਸੀ 28 ਸਾਲਾ ਬ੍ਰਿਜ ਸ਼ੁਕਲਾ ਦੇ ਵਜੋਂ ਹੋਈ ਹੈ ਅਤੇ ਉਸਨੂੰ ਬਿਨਾਂ ਕਿਸੇ ਘਟਨਾ ਦੇ ਗ੍ਰਿਫਤਾਰ ਕਰ ਲਿਆ ਗਿਆ। ਬ੍ਰਿਜ ਸ਼ੁਕਲਾ 'ਤੇ ਤੀਜੀ-ਡਿਗਰੀ ਅਪਰਾਧਿਕ ਕੋਸ਼ਿਸ਼ (ਧੋਖਾਧੜੀ ਦੁਆਰਾ ਚੋਰੀ) ਕਰਨ ਦਾ ਦੋਸ਼ ਲਗਾਇਆ ਗਿਆ ਹੈ ਅਤੇ ਉਸ ਨੂੰ ਨਿਊਜਰਸੀ ਦੇ ਜ਼ਮਾਨਤ ਸੁਧਾਰ ਕਾਨੂੰਨਾਂ ਦੇ ਤਹਿਤ ਸੰਮਨ 'ਤੇ ਰਿਹਾਅ ਕਰ ਦਿੱਤਾ ਗਿਆ ਸੀ, ਜੋ ਕਿ ਨਿਊਜਰਸੀ ਦੀ ਬਰਲਿੰਗਟਨ ਕਾਉਂਟੀ ਸੁਪੀਰੀਅਰ ਕੋਰਟ ਵਿੱਚ ਉਸ ਦੀ ਪਹਿਲੀ ਅਦਾਲਤ ਵਿੱਚ ਪੇਸ਼ੀ ਤੱਕ ਲੰਬਿਤ ਸੀ।



# ਅਮਰੀਕੀ ਕੰਪਨੀਆਂ ਭਾਰਤੀ ਗਰੈਜੂਏਟਾਂ ਨੂੰ ਨਿਯੁਕਤ ਕਰ ਸਕਣਗੀਆਂ: ਟਰੰਪ

## ਪ੍ਰਸਤਾਵਿਤ ਗੋਲਡ ਕਾਰਡ ਯੋਜਨਾ ਤਹਿਤ ਮਿਲੇਗੀ ਇਜਾਜ਼ਤ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਪ੍ਰਸਤਾਵਿਤ 'ਗੋਲਡ ਕਾਰਡ' ਯੋਜਨਾ ਨਾਲ ਅਮਰੀਕੀ ਕੰਪਨੀਆਂ ਨੂੰ ਹਾਰਵਰਡ ਅਤੇ ਸਟੈਨਫੋਰਡ ਜਿਹੀਆਂ ਸਿਖਰਲੀਆਂ ਯੂਨੀਵਰਸਿਟੀਆਂ ਤੋਂ ਭਾਰਤੀ ਗਰੈਜੂਏਟਾਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਮਿਲੇਗੀ। ਟਰੰਪ ਨੇ ਬੁੱਧਵਾਰ ਨੂੰ ਅਮੀਰ ਵਿਦੇਸ਼ੀਆਂ ਲਈ 'ਗੋਲਡ ਕਾਰਡ' ਯੋਜਨਾ ਦੀ ਸ਼ੁਰੂਆਤ ਕੀਤੀ ਜਿਸ ਤਹਿਤ 50 ਲੱਖ ਅਮਰੀਕੀ ਡਾਲਰ ਫੀਸ ਦੇ ਬਦਲੇ ਉਨ੍ਹਾਂ ਨੂੰ ਅਮਰੀਕਾ 'ਚ ਰਹਿਣ ਅਤੇ ਕੰਮ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ ਅਤੇ ਨਾਗਰਿਕਤਾ ਦੀ ਪੇਸ਼ਕਸ਼ ਕੀਤੀ ਜਾਵੇਗੀ। ਕਾਰਡਾਂ ਦੀ ਵਿਕਰੀ ਕਰੀਬ ਦੋ ਹਫ਼ਤਿਆਂ 'ਚ ਸ਼ੁਰੂ ਹੋਵੇਗੀ ਅਤੇ ਅਜਿਹੇ ਲੱਖਾਂ ਕਾਰਡ ਵੇਚੇ ਜਾ ਸਕਦੇ ਹਨ। 'ਸੀਐੱਨਐੱਨ' ਦੀ ਰਿਪੋਰਟ ਮੁਤਾਬਕ ਟਰੰਪ ਨੇ ਕਿਹਾ, "ਅਸੀਂ ਗੋਲਡ ਕਾਰਡ ਵੇਚਣ ਜਾ ਰਹੇ ਹਾਂ। ਤੁਹਾਡੇ ਕੋਲ ਗਰੀਨ ਕਾਰਡ ਹੈ। ਇਹ ਇਕ ਗੋਲਡ ਕਾਰਡ ਹੈ। ਅਸੀਂ ਇਸ ਕਾਰਡ ਦੀ ਕੀਮਤ ਕਰੀਬ 50 ਲੱਖ ਡਾਲਰ




ਰੱਖਣ ਜਾ ਰਹੇ ਹਾਂ ਅਤੇ ਇਸ ਨਾਲ ਤੁਹਾਨੂੰ ਗਰੀਨ ਕਾਰਡ ਦੇ ਵਿਸ਼ੇਸ਼ ਅਧਿਕਾਰ ਮਿਲਣਗੇ। ਇਸ ਦੇ ਨਾਲ ਹੀ ਅਮਰੀਕੀ ਨਾਗਰਿਕਤਾ ਹਾਸਲ ਕਰਨ ਦਾ ਰਾਹ ਵੀ ਪੱਧਰਾ ਹੋਵੇਗਾ। ਇਹ ਕਾਰਡ ਖ਼ਰੀਦ ਕੇ ਅਮੀਰ ਲੋਕ ਅਮਰੀਕਾ ਦਾ ਰੁਖ਼ ਕਰਨਗੇ।" ਟਰੰਪ ਨੇ ਕਿਹਾ ਕਿ ਮੌਜੂਦਾ ਇਮੀਗਰੇਸ਼ਨ ਪ੍ਰਣਾਲੀ ਨੇ ਕੌਮਾਂਤਰੀ ਪ੍ਰਤਿਭਾਵਾਂ ਖਾਸ ਕਰ ਕੇ ਭਾਰਤੀਆਂ ਨੂੰ ਅਮਰੀਕਾ 'ਚ ਰਹਿਣ ਅਤੇ ਕੰਮ ਕਰਨ ਤੋਂ ਰੋਕ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਕੋਈ ਵਿਅਕਤੀ ਭਾਰਤ, ਚੀਨ, ਜਪਾਨ ਅਤੇ ਹੋਰ ਮੁਲਕਾਂ ਤੋਂ ਆਉਂਦਾ ਹੈ। ਹਾਰਵਰਡ ਜਾਂ ਵਾਰਟਨ ਸਕੂਲ ਆਫ਼ ਫਾਇਨਾਂਸ 'ਚ ਪੜ੍ਹਾਈ ਕਰਦਾ ਹੈ। ਉਨ੍ਹਾਂ ਨੂੰ ਨੌਕਰੀ ਦੇ ਮੌਕੇ ਮਿਲਦੇ ਹਨ ਪਰ ਇਹ ਮੌਕੇ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਇਸ ਬਾਰੇ ਕੁਝ ਵੀ ਪੱਕਾ ਨਹੀਂ ਹੈ ਕਿ ਉਹ ਵਿਅਕਤੀ ਮੁਲਕ 'ਚ ਰਹਿ ਸਕਦਾ ਹੈ ਜਾਂ ਨਹੀਂ।" ਟਰੰਪ ਨੇ ਕਿਹਾ ਕਿ ਇਸ ਕਾਰਨ ਕਈ ਪ੍ਰਤਿਭਾਸ਼ਾਲੀ ਗਰੈਜੂਏਟ, ਜਿਨ੍ਹਾਂ ਨੂੰ ਅਮਰੀਕਾ ਛੱਡਣ ਲਈ ਮਜਬੂਰ ਹੋਣਾ ਪਿਆ, ਆਪਣੇ ਮੁਲਕ 'ਚ ਸਫ਼ਲ ਕਾਰੋਬਾਰੀ ਬਣ ਗਏ। ਉਨ੍ਹਾਂ ਕਿਹਾ ਕਿ ਨੌਜਵਾਨ ਭਾਰਤ ਜਾਂ ਆਪਣੇ ਮੁਲਕ ਪਰਤਦੇ ਹਨ ਅਤੇ ਉਥੇ ਕਾਰੋਬਾਰ ਸ਼ੁਰੂ ਕਰਕੇ ਅਰਬਪਤੀ ਬਣ ਜਾਂਦੇ ਹਨ ਅਤੇ ਹਜ਼ਾਰਾਂ ਵਿਅਕਤੀਆਂ ਨੂੰ ਰੁਜ਼ਗਾਰ ਦਿੰਦੇ ਹਨ। ਟਰੰਪ ਨੇ ਕਿਹਾ ਕਿ ਕੋਈ ਵੀ ਕੰਪਨੀ ਗੋਲਡ ਕਾਰਡ ਖ਼ਰੀਦ ਸਕਦੀ ਹੈ ਅਤੇ ਇਸ ਦੀ ਵਰਤੋਂ ਗਰੈਜੂਏਟਾਂ ਦੀ ਭਰਤੀ 'ਚ ਕਰ ਸਕਦੀ ਹੈ।

# ਅਮਰੀਕੀ ਕੰਪਨੀ ਦਾ ਲੈਂਡਰ 'ਬਲੂ ਘੋਸਟ' ਚੰਨ 'ਤੇ ਉਤਰਿਆ

## ਹੁਣ ਤੱਕ ਭਾਰਤ ਸਣੇ ਪੰਜ ਮੁਲਕ ਚੰਨ 'ਤੇ ਪਹੁੰਚਣ 'ਚ ਰਹੇ ਹਨ ਸਫਲ

ਕੇਪ ਕੈਨਵਰਲ : ਇੱਕ ਨਿੱਜੀ ਅਮਰੀਕੀ ਕੰਪਨੀ ਦਾ ਪੁਲਾੜ ਜਹਾਜ਼ ਅੱਜ ਚੰਨ 'ਤੇ ਉਤਰਿਆ ਅਤੇ ਇੱਥੇ ਪੁਲਾੜ ਏਜੰਸੀ ਨਾਸਾ ਲਈ ਪ੍ਰਯੋਗ ਸ਼ੁਰੂ ਕੀਤੇ। ਫਾਇਰਫਲਾਈ ਏਅਰੋਸਪੇਸ ਦਾ 'ਬਲੂ ਘੋਸਟ' ਲੈਂਡਰ ਆਟੋਪਾਇਲਟ ਮੋਡ 'ਤੇ ਚੰਨ ਦੇ ਪੰਧ 'ਤੇ ਉਤਰਿਆ ਜਿਸ ਦਾ ਟੀਚਾ ਚੰਨ ਦੇ ਉੱਤਰ-ਪੂਰਬੀ ਸਿਰੇ 'ਤੇ ਸਥਿਤ ਪ੍ਰਾਚੀਨ ਜਵਾਲਾਮੁਖੀ ਗੁੰਬਦ ਦੀਆਂ ਢਲਾਣਾਂ ਤੱਕ ਪਹੁੰਚਣਾ ਸੀ। ਕੰਪਨੀ ਦੇ ਮਿਸ਼ਨ ਕੰਟਰੋਲ ਨੇ



ਦੱਸਿਆ ਕਿ, 'ਅਸੀਂ ਚੰਨ 'ਤੇ ਹਾਂ।' ਨਾਲ ਹੀ ਉਸ ਨੇ ਦੱਸਿਆ ਕਿ ਲੈਂਡਰ ਦੀ ਸਥਿਤੀ 'ਸਥਿਰ ਹੈ।' ਟੈਕਸਾਸ ਸਥਿਤ ਕੰਪਨੀ ਫਾਇਰਫਲਾਈ ਏਅਰੋਸਪੇਸ ਨੇ ਇਹ ਪੁਲਾੜ ਜਹਾਜ਼ ਵਿਕਸਿਤ ਕੀਤਾ ਹੈ। ਫਾਇਰਫਲਾਈ ਸਟਾਰਟਅੱਪ ਇੱਕ ਦਹਾਕਾ ਪਹਿਲਾ ਹੀ ਸਥਾਪਤ ਹੋਇਆ ਸੀ। ਚੰਨ 'ਤੇ ਇਸ ਲੈਂਡਿੰਗ ਨੇ ਫਾਇਰਫਲਾਈ ਨੂੰ ਅਜਿਹਾ ਪਹਿਲਾ ਨਿੱਜੀ ਸੰਗਠਨ ਬਣਾ ਦਿੱਤਾ ਹੈ ਜਿਸ ਨੇ ਚੰਨ 'ਤੇ ਬਿਨਾਂ ਕਿਸੇ ਅੜਿੱਕੇ ਤੇ ਨੁਕਸਾਨ ਦੇ ਲੈਂਡਿੰਗ ਕੀਤੀ ਹੋਵੇ। ਹੁਣ ਤੱਕ ਸਿਰਫ਼ ਪੰਜ ਮੁਲਕ ਰੂਸ, ਅਮਰੀਕਾ, ਚੀਨ, ਭਾਰਤ ਤੇ ਜਪਾਨ ਹੀ ਚੰਨ ਤੱਕ ਪਹੁੰਚਣ 'ਚ ਕਾਮਯਾਬ ਹੋਏ ਹਨ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

## ਚੀਨ ਨੇ ਅਮਰੀਕਾ 'ਤੇ ਲਾਇਆ 15 ਫ਼ੀ ਸਦੀ ਟੈਰਿਫ਼

ਚੀਨ ਨੇ ਕਿਹਾ ਕਿ ਉਹ ਅਮਰੀਕਾ ਤੋਂ ਖ਼ੁਰਾਕ ਦਰਾਮਦ 'ਤੇ 15 ਪ੍ਰਤੀਸ਼ਤ ਤਕ ਟੈਰਿਫ਼ ਲਗਾ ਰਿਹਾ ਹੈ, ਕਿਉਂਕਿ ਡੋਨਾਲਡ ਟਰੰਪ ਦੁਆਰਾ ਲਗਾਏ ਗਏ ਤਾਜ਼ਾ ਟੈਰਿਫ਼ ਅੱਜ ਤੋਂ ਲਾਗੂ ਹੋ ਗਏ ਹਨ। ਚੀਨ ਦੇ ਵਿੱਤ ਮੰਤਰਾਲੇ ਨੇ ਅਮਰੀਕਾ ਤੋਂ ਮੀਟ, ਕਣਕ, ਮੱਕੀ ਅਤੇ ਕਪਾਹ ਦੇ ਆਯਾਤ 'ਤੇ 15 ਫ਼ੀ ਸਦੀ ਅਤੇ ਜੌਅਰ, ਸੋਇਆਬੀਨ, ਪੋਰਕ, ਬੀਫ਼, ਜਲ ਉਤਪਾਦ, ਫਲ, ਸਬਜ਼ੀਆਂ ਅਤੇ ਡੇਅਰੀ ਉਤਪਾਦਾਂ ਦੇ ਆਯਾਤ 'ਤੇ 10 ਫ਼ੀ ਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ, ਚੀਨ ਨੇ ਕਈ ਅਮਰੀਕੀ ਫ਼ਰਮਾਂ ਨੂੰ ਆਪਣੀ 'ਅਵਿਸ਼ਵਾਸਯੋਗ ਸੰਸਥਾ ਜਾਂ ਨਿਰਯਾਤ ਨਿਯੰਤਰਣ ਸੂਚੀ' ਵਿਚ ਸ਼ਾਮਲ ਕੀਤਾ ਹੈ।

ਚੀਨ ਦੀ ਸਟੇਟ ਕੌਂਸਲ ਦੇ ਕਸਟਮਜ਼ ਕਮਿਸ਼ਨ ਨੇ ਕਿਹਾ ਕਿ 10 ਮਾਰਚ ਤੋਂ ਅਮਰੀਕੀ ਚਿਕਨ, ਕਣਕ, ਮੱਕੀ ਅਤੇ ਕਪਾਹ 'ਤੇ 15 ਫ਼ੀ ਸਦੀ ਵਾਧੂ ਟੈਰਿਫ਼ ਲਗਾਇਆ ਜਾਵੇਗਾ, ਨਾਲ ਹੀ ਸੋਇਆਬੀਨ, ਪੋਰਕ, ਬੀਫ ਅਤੇ ਡੇਅਰੀ ਉਤਪਾਦਾਂ 'ਤੇ 10 ਫ਼ੀ ਸਦੀ ਟੈਰਿਫ਼ ਲਗਾਇਆ ਜਾਵੇਗਾ। ਚੀਨੀ ਵਣਜ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਬੀਜਿੰਗ ਆਪਣੇ ਅਧਿਕਾਰਾਂ ਅਤੇ ਹਿੱਤਾਂ ਦੀ ਮਜ਼ਬੂਤੀ ਨਾਲ ਸੁਰੱਖਿਆ ਲਈ ਜਵਾਬੀ ਕਦਮ ਚੁੱਕੇਗਾ।

ਬੁਲਾਰੇ ਨੇ ਕਿਹਾ ਕਿ ਅਮਰੀਕਾ ਦੀ ਤੱਥਾਂ, ਅੰਤਰਰਾਸ਼ਟਰੀ ਵਪਾਰ ਨਿਯਮਾਂ ਅਤੇ ਸਾਰੇ ਪੱਖਾਂ ਦੀ ਆਵਾਜ਼ਾਂ ਦੀ ਅਣਦੇਖੀ ਕਰਨਾ ਇਕਪਾਸੜ ਅਤੇ ਧੱਕੇਸ਼ਾਹੀ ਵਾਲੀ ਕਾਰਵਾਈ ਹੈ। ਰਿਪੋਰਟ ਅਨੁਸਾਰ, ਚੀਨ ਦੇ ਵਣਜ ਮੰਤਰਾਲੇ ਨੇ "ਰਾਸ਼ਟਰੀ ਸੁਰੱਖਿਆ ਅਤੇ ਹਿੱਤਾਂ ਦੀ ਰੱਖਿਆ" ਲਈ ਦੰਡਕਾਰੀ ਵਪਾਰਕ ਉਪਾਵਾਂ ਲਈ ਡਰੋਨ ਨਿਰਮਾਤਾ ਸਕਾਈਡਿਓ ਸਮੇਤ 15 ਸੰਯੁਕਤ ਰਾਜ ਦੀਆਂ ਕੰਪਨੀਆਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

# ਗੁਰੂ ਰਵਿਦਾਸ ਜੀ ਦਾ ਗੁਰਪੁਰਬ ਫਰਿਜ਼ਨੋ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ



ਫਰਿਜ਼ਨੋ/ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਕ੍ਰਾਂਤੀਕਾਰੀ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿੱਥੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ। ਇਨ੍ਹਾਂ ਦੀਵਾਨਾਂ ਵਿੱਚ ਗੁਰੂ ਘਰ ਦੇ ਕੀਰਤਨੀਏ ਅਤੇ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਗੁਰਬਾਣੀ ਸਰਵਨ ਕਰਵਾਈ। ਇਸ ਸਮੇਂ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਨੇ ਗੁਰੂ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਉਪਰੰਤ ਭਾਈ ਹਰਵਿੰਦਰ ਸਿੰਘ ਰਸੀਆਂ ਦੇ ਕੀਰਤਨੀ ਜੱਥੇ ਨੇ ਰਸਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਆਂਚਲ ਕੌਰ ਹੇਅਰ ਨੇ ਗੁਰਬਾਣੀ ਸ਼ਬਦ ਗਾਇਨ ਕੀਤਾ ਅਤੇ ਇਕ ਕਵਿਤਾ ਵੀ ਸਰਵਨ ਕਰਵਾਈ।

ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਬੋਲਦੇ ਹੋਏ ਪ੍ਰਬੰਧਕਾਂ ਵਿੱਚੋਂ ਅਮਰ ਸਿੰਘ ਦੜੋਚ ਨੇ ਸਟੇਜ ਤੋ ਸੰਬੋਧਨ ਕਰਦਿਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਦੁਆਰਾ ਦਰਸਾਏ ਮਾਰਗ ਤੇ ਚੱਲਣ ਦੀ ਅਪੀਲ ਕੀਤੀ। ਇਸ ਸਮੇਂ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰਾਂ ਦੀ ਸਾਂਝ ਪਾਈ। ਜਿੰਨ੍ਹਾਂ ਦਾ ਇੱਕੋ ਸੁਨੇਹਾ ਕਿ ਗੁਰੂ ਰਵਿਦਾਸ ਜੀ ਦਾ ਜਨਮ ਉਤਸਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾ ਕੇ, ਸਮਾਜ 'ਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਹੈ ਤਾਂ ਜੋ ਉਨ੍ਹਾਂ ਵੱਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ। ਇਸ ਸਮੇਂ ਕੈਲੇਫੋਰਨੀਆਂ ਦੇ ਵੱਖ-ਵੱਖ ਗੁਰੂਘਰਾਂ ਦੇ ਨੁਮਾਇੰਦੇ ਹਾਜ਼ਰ ਹੋਏ। ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ ਤੇ ਸ੍ਰੀ ਲੰਕਾ ਤੋਂ ਬੁੱਧ ਧਰਮ ਦੇ ਆਗੂਆਂ ਨੇ ਵੀ ਪਹੁੰਚ ਕੇ ਗੁਰਪੁਰਬ ਨੂੰ ਮਨਾਉਣ ਦੀ ਸ਼ਲਾਘਾ ਕਰਦੇ ਹੋਏ ਸੰਗਤਾਂ ਨੂੰ ਵਧਾਈ ਦਿੱਤੀ। ਸਟੇਜ ਸੰਚਾਲਨ ਦੀ ਸੇਵਾ ਕੁਲਦੀਪ ਸਿੰਘ ਨੇ ਨਿਭਾਉਂਦੇ ਹੋਏ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਦਾ ਸੇਵਾਵਾਂ ਬਦਲੇ ਸਿਰੋਪਾ ਦੇ ਕੇ ਸਨਮਾਨ ਵੀ ਕੀਤਾ ਗਿਆ।

ਗੁਰਪੁਰਬ ਦੇ ਵਿਸ਼ੇਸ਼ ਪ੍ਰੋਗਰਾਮ ਦੌਰਾਨ ਗੁਰੂ ਦੀ ਮਹਿਮਾ ਦੇ ਨਾਲ-ਨਾਲ ਗੁਰੂ ਘਰ ਵਿੱਚ ਵਿਸ਼ੇਸ਼ ਤੌਰ 'ਤੇ ਡਾ. ਸਤਨਾਮ ਸਿੰਘ ਬੰਗੜ ਵੱਲੋਂ ਫਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ ਸੀ। ਜਦ ਕਿ ਸੈਂਟਰਲ ਕੈਲੇਫੋਰਨੀਆ ਬਲੱਡ ਸੈਂਟਰ ਵੱਲੋ ਖ਼ੂਨਦਾਨ ਕੈਂਪ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗਤਾਂ ਨੂੰ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਅੰਤ ਆਪਸੀ ਪਿਆਰ ਨਾਲ ਰਹਿੰਦਿਆ ਗੁਰੂ ਦੇ ਦਰਸਾਏ ਮਾਰਗ ਤੇ ਚੱਲਣ ਦਾ ਸੁਨੇਹਾ ਦਿੰਦਾ ਹੋਇਆ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਪ੍ਰੋਗਰਾਮ ਸਪੂੰਰਨ ਹੋਇਆ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ





Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork
- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

Scan This Code for Joining Truck Dispatch Training

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜੇਕਰ ਬਿਪਰਨ ਕੀ ਰੀਤ ਜਾਂ ਬ੍ਰਾਹਮਣੀ ਗ੍ਰੰਥ ਵਾਚੇ ਜਾਣ ਤਾਂ ਇਨ੍ਹਾਂ ਅਨੁਸਾਰ ਰਿਸ਼ੀ ਵਿਆਸ ਨੇ ਸੋਲਾਂ ਸੰਸਕਾਰ ਦਿੱਤੇ ਅਤੇ ਰਿਸ਼ੀ ਮਨੂ ਨੇ ਬਾਰਾਂ, ਪਰ ਹਿੰਦੂ ਮਤ ਨੇ ਰਿਸ਼ੀ ਵਿਆਸ ਦੇ ਦਿੱਤੇ ਸੋਲਾਂ ਸੰਸਕਾਰਾਂ ਨੂੰ ਅਪਨਾ ਲਿਆ ਏ। ਇਹ ਹਨ : 1. ਗਰਭਾਧਾਨ, 2. ਪੁੰਸਵਨ, 3. ਸੀਮੰਤੋਨਯਾਨ,4. ਜਾਤਿਕ੍ਰਮ, 5. ਨਾਮਕਰਣ, 6. ਨਿਸ਼ਕ੍ਰਮਣ, 7. ਅੰਨਪ੍ਰਾਸ਼ਨ, 8. ਚੂੜਾਕਰਮ ਜਾਂ ਮੁੰਡਨ ਸੰਸਕਾਰ, 9. ਕਰਣਵੇਧ, 10. ਯਗਯੋਪਵੀਤ, 11. ਵੇਦਾਰੰਭ, 12. ਕੇਸ਼ਾਂਤ, 13. ਸਮਾਵਰਤਨ, 14. ਵਿਹਾਰ, 15. ਆਵਸਸ਼ਯਾਧਾਮ ਅਤੇ 16. ਸ਼ਰੋਤਾਧਾਮ। ਗਰਭ ਧਾਰਨ ਕਰਨ ਤੋਂ ਪ੍ਰੰਭ ਹੋ ਕੇ ਜ਼ਿੰਦਗੀ ਦੇ ਹਰ ਪੜਾਅ 'ਤੇ ਬ੍ਰਾਹਮਣ ਦੇਵਤਾ ਦੀ ਸ਼ਮੂਲੀਅਤ ਲੰਮੇ ਚੌੜੇ ਕਰਮ ਕਾਂਡ ਅਤੇ ਦਾਨ ਦਕਸ਼ਿਣਾ ਵਿਚ ਜਜਮਾਨ ਨੂੰ ਜੀਵਨ ਭਰ ਨੂੜਿਆ ਹੋਇਆ ਹੈ। ਇਥੇ ਇਨ੍ਹਾਂ ਦਾ ਵੇਰਵਾ ਦੇਣ ਦੀ ਲੋੜ ਨਹੀਂ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ (੨੩੭)

ਬ੍ਰਾਹਮਣ ਭਗਵਾਨ ਦੀ ਸੇਵਾ ਕਰਨੀ, ਉਸਨੂੰ ਪੈਰ-ਪੈਰੇ 'ਤੇ ਦਾਨ ਦਕਸ਼ਿਣਾ ਦੇਣੀ ਜਜਮਾਨ ਦਾ ਫਰਜ਼ ਹੈ। ਇਸ ਦੇ ਵਿਪਰੀਤ ਗੁਰਮਤਿ ਨੇ ਅਪਾਰ ਬਖਸ਼ਿਸ਼ ਕੀਤੀ ਹੈ ਕਿ ਅਸਲੀ ਜਜਮਾਨ ਖ਼ਲਕਤ ਨਹੀਂ ਬਲਕਿ ਪ੍ਰਮਾਤਮਾ ਹੈ। ਇਹ ਐਸਾ ਜਜਮਾਨ ਹੈ ਜੋ ਹਰ ਇਕ ਦੀ ਸੇਵਾ ਜੁਗਾਂ ਜੁਗਾਂਤਰਾਂ ਤੋਂ ਨਿਰੰਤਰ ਕਰੀ ਜਾ ਰਿਹਾ ਹੈ।


ਕਰਤਾ ਤੂ ਮੇਰਾ ਜਜਮਾਨੁ॥
ਇਕ ਦਖਿਣਾ ਹਉ ਤੈ ਪਹਿ ਮਾਗਉ
ਦੇਹਿ ਆਪਣਾ ਨਾਮ॥੧॥

ਇਸ ਕੜੀ ਵਿਚ ਹੁਣ ਵਿਚਾਰ ਹੈ ਸਿੱਖ ਰਹਿਤ ਮਰਯਾਂਦਾ ਦੇ ਅਧਿਆਇ ਜਨਮ ਤੇ ਨਾਮ ਸੰਸਕਾਰ ਦੀ।

(ੳ) "ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ?"" ਜਦ ਮਾਤਾ ਉਠਣ ਬੈਠਨ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸਬੰਧੀ ਗੁਰਦਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ "ਪਰਮੇਸਰਿ ਦਿੱਤਾ ਬੰਨਾ" (ਸੋਰਠਿ ਮ. 5) "ਸਤਿਗੁਰ ਸਾਚੈ ਦੀਆ ਭੇਜਿ" (ਆਸਾ ਮ. 5) ਆਦਿ ਖੁਸ਼ੀ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਲਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦਾ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ:

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣੀ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ॥
(ਅੰਗ ੪੭੨)




(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧, ੨੨)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ :

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿਖ ਕੇ ਘਰ ਬਾਲਕ ਦਾ ਜਨਮ ਹੋਵੇ, ਤਾਂ ਗੁੜ੍ਹਤੀ ਦੀ ਥਾਂ ਜਲ ਵਿਚ ਪਤਾਸੇ ਪਾ ਕੇ ਮੂਲ ਮੰਤ੍ਰ ਉਚਾਰਣ ਕਰਕੇ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਬਾਲਕ ਦੇ ਮੂੰਹ ਵਿਚ ਪਾ ਦਿੱਤੀਆਂ ਜਾਣ। ਬਾਕੀ ਦਾ ਜਲ ਮਾਤਾ ਪੀ ਲਵੇ। ਫੇਰ 'ਧੀਆਂ ਪੂਤ ਸਭ ਹਰਿ ਕੇ ਕੀਏ' ਗੁਰਵਾਕ ਅਨੁਸਾਰ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ। (ਅ) ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ. ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਦਾ ਪਾਠ ਰੱਖਿਆ ਜਾਵੇ, ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ, ਅਨੰਦ ਸਾਹਿਬ (ਛੇ ਪੌੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(ੲ) ਜਨਮ ਦੇ ਸਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ 'ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ ਖਾਣਾ ਪੀਣੀ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ॥"

(ਚਲਦਾ)

# ਨਸ਼ਾ ਤਸਕਰਾਂ ਵਿਰੁੱਧ ਮੁਹਿੰਮ

ਅਮਨ-ਕਾਨੂੰਨ ਦੇ ਪੱਖ ਤੋਂ ਪੰਜਾਬ ਨੂੰ ਇਸ ਸਮੇਂ ਅਨੇਕਾਂ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਅਤੇ ਦੇਸ਼ ਦੇ ਅੰਦਰੋਂ ਹੋਰ ਰਸਤਿਆਂ ਰਾਹੀਂ ਲਗਾਤਾਰ ਆ ਰਹੇ ਨਾਜਾਇਜ਼ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਨੇ ਇਨ੍ਹਾਂ ਚੁਣੌਤੀਆਂ ਨੂੰ ਹੋਰ ਵੀ ਵਿਆਪਕ ਬਣਾ ਦਿੱਤਾ ਹੈ। ਉਂਝ ਤਾਂ ਪਿਛਲੇ ਕਈ ਦਹਾਕਿਆਂ ਤੋਂ ਹੀ ਇਹ ਚੁਣੌਤੀਆਂ ਵੱਡੀਆਂ ਬਣੀਆਂ ਹੋਈਆਂ ਹਨ ਪਰ ਸਮੇਂ ਦੇ ਬੀਤਣ ਨਾਲ ਇਨ੍ਹਾਂ ਦਾ ਆਕਾਰ ਤੇ ਪ੍ਰਭਾਵ ਹੋਰ ਵੀ ਵਧੇਰੇ ਵਧ ਗਿਆ ਹੈ। 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਉਕਤ ਚੁਣੌਤੀਆਂ ਨੂੰ ਇਕ ਵੱਡੇ ਮੁੱਦੇ ਵਜੋਂ ਪੇਸ਼ ਕਰਦਿਆਂ ਰਾਜ ਦੇ ਲੋਕਾਂ ਨੂੰ ਇਹ ਭਰੋਸਾ ਦਿਵਾਇਆ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਨਸ਼ੇ ਦੇ ਤਸਕਰਾਂ, ਗੈਂਗਸਟਰਾਂ ਅਤੇ ਹੋਰ ਅਪਰਾਧੀਆਂ 'ਤੇ ਕਾਬੂ ਪਾ ਕੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਇਆ ਜਾਵੇਗਾ ਤਾਂ ਕਿ ਰਾਜ ਵਿਚ ਹਰ ਵਰਗ ਦੇ ਲੋਕ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ ਅਤੇ ਰਾਜ ਇਕ ਵਾਰ ਮੁੜ ਪ੍ਰਗਤੀ ਦੇ ਰਾਹ 'ਤੇ ਚੱਲ ਸਕੇ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕੰਮ ਕਰਦਿਆਂ ਹੁਣ ਰਾਜ ਵਿਚ ਲਗਭਗ 3 ਸਾਲ ਦਾ ਸਮਾਂ ਪੂਰਾ ਹੋ ਗਿਆ ਹੈ। ਇਸ ਸਮੇਂ ਦੌਰਾਨ ਸਰਕਾਰ ਵਲੋਂ ਦਰਪੇਸ਼ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਚੋਖੇ ਯਤਨ ਵੀ ਕੀਤੇ ਗਏ। ਵੱਡੀ ਮਾਤਰਾ ਵਿਚ ਨਸ਼ੇ ਦੀਆਂ ਖੇਪਾਂ ਬਰਾਮਦ ਕੀਤੀਆਂ ਗਈਆਂ। ਗੈਂਗਸਟਰਾਂ ਤੇ ਹੋਰ ਅਨੇਕਾਂ ਕਿਸਮਾਂ ਦਾ ਅਪਰਾਧ ਕਰਨ ਵਾਲਿਆਂ ਵਿਰੁੱਧ ਵੀ ਕਾਰਵਾਈਆਂ ਹੋਈਆਂ ਹਨ, ਪਰ ਅਜੇ ਇਸ ਸੰਬੰਧੀ ਪੂਰੀ ਤਰ੍ਹਾਂ ਅਜੇ ਸਫ਼ਲਤਾ ਨਹੀਂ ਮਿਲੀ। ਹੁਣ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਮਿਲੀ ਹਾਰ ਤੋਂ ਬਾਅਦ ਪਾਰਟੀ ਨੇ ਆਪਣਾ ਵਧੇਰੇ ਧਿਆਨ ਪੰਜਾਬ 'ਤੇ ਕੇਂਦਰਿਤ ਕਰ ਦਿੱਤਾ ਹੈ। 'ਆਪ' ਸਰਕਾਰ 'ਤੇ ਦਬਾਅ ਹੈ ਕਿ ਉਹ ਇਸ ਸੰਦਰਭ ਵਿਚ ਠੋਸ ਸਿੱਟੇ ਕੱਢ ਕੇ ਦਿਖਾਵੇ। ਪਾਰਟੀ ਦੇ ਸੀਨੀਅਰ ਆਗੂਆਂ ਵਲੋਂ ਵੀ ਆਪਣੀ ਪੰਜਾਬ ਦੀ ਲੀਡਰਸ਼ਿਪ ਨੂੰ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਉਹ ਅਮਨ-ਕਾਨੂੰਨ ਸਮੇਤ ਹੋਰ ਸੰਬੰਧਿਤ ਖੇਤਰਾਂ ਵਿਚ ਸਰਕਾਰ ਦੀ ਕਾਰਗੁਜ਼ਾਰੀ ਬਿਹਤਰ ਬਣਾਉਣ ਲਈ ਠੋਸ ਕਦਮ ਉਠਾਵੇ। ਸ਼ਾਇਦ ਇਸੇ ਗੱਲ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਤਸਕਰਾਂ ਵਿਰੁੱਧ ਵੱਡੀ ਪੱਧਰ 'ਤੇ ਮੁਹਿੰਮ ਛੇੜਨ ਦਾ ਫ਼ੈਸਲਾ ਕੀਤਾ ਹੈ। ਇਸ ਸੰਬੰਧ ਵਿਚ ਰਾਜ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਵਿਚ ਰਾਜ ਦੇ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੀ ਇਕ ਅਹਿਮ ਮੀਟਿੰਗ ਕੀਤੀ ਹੈ, ਜਿਸ ਵਿਚ ਉਨ੍ਹਾਂ ਨੇ ਰਾਜ ਨੂੰ ਆਉਣ ਵਾਲੇ ਤਿੰਨ ਮਹੀਨਿਆਂ ਵਿਚ ਨਸ਼ਾ ਮੁਕਤ ਕਰਨ ਲਈ ਵੱਡੀ ਪੱਧਰ 'ਤੇ ਮੁਹਿੰਮ ਚਲਾਉਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤੋੜਿਆ ਜਾਵੇ। ਜਿਹੜੇ ਲੋਕ ਨਸ਼ੇ ਵੇਚਦੇ ਹਨ, ਉਨ੍ਹਾਂ ਨੂੰ ਫੜ ਕੇ ਜੇਲ੍ਹਾਂ ਵਿਚ ਸੁੱਟਿਆ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਲੋੜ ਪਈ ਤਾਂ ਨਸ਼ੇ ਰੋਕਣ ਸੰਬੰਧੀ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਲਈ ਉਸ ਵਿਚ ਤਬਦੀਲੀਆਂ ਵੀ ਕੀਤੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸਿਵਲ ਪ੍ਰਸ਼ਾਸਨ ਨੂੰ ਇਹ ਵੀ ਕਿਹਾ ਹੈ ਕਿ ਨਸ਼ੀਲੇ ਪਦਾਰਥਾਂ ਤੋਂ ਪੀੜਤ ਨੌਜਵਾਨਾਂ ਦੇ ਇਲਾਜ ਲਈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਵੀ ਯੋਜਨਾਵਾਂ ਉਲੀਕੀਆਂ ਜਾਣ। ਉਨ੍ਹਾਂ ਨੇ ਇਹ ਵੀ ਭਰੋਸਾ ਦਿੱਤਾ ਕਿ ਇਸ ਸੰਬੰਧੀ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੀਟਿੰਗ ਸੰਬੰਧੀ ਕੈਬਨਿਟ ਮੰਤਰੀਆਂ ਸ੍ਰੀ ਅਮਨ ਅਰੋੜਾ ਅਤੇ ਸ. ਹਰਪਾਲ ਸਿੰਘ ਚੀਮਾ ਵਲੋਂ ਮੀਡੀਆ ਨੂੰ ਬਕਾਇਦਾ ਜਾਣਕਾਰੀ ਵੀ ਦਿੱਤੀ ਗਈ ਹੈ। ਇਸੇ ਮਕਸਦ ਲਈ ਬੀਤੇ ਦਿਨ ਪੰਜਾਬ ਸਰਕਾਰ ਵਲੋਂ ਮੰਤਰੀ ਮੰਡਲ ਦੀ ਇਕ ਪੰਜ ਮੈਂਬਰੀ ਸਬ ਕਮੇਟੀ ਵੀ ਬਣਾਈ ਗਈ ਹੈ, ਜਿਸ ਦਾ ਮੁਖੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਬਣਾਇਆ ਗਿਆ ਹੈ। ਰਾਜ ਵਿਚ ਨਸ਼ੇ ਦੇ ਤਸਕਰਾਂ, ਗੈਂਗਸਟਰਾਂ ਅਤੇ ਹੋਰ ਕਿਸਮਾਂ ਦੇ ਅਪਰਾਧੀਆਂ ਨੂੰ ਨੱਥ ਪਾਉਣ ਲਈ ਪਿਛਲੇ ਦਿਨੀਂ ਪੰਜਾਬ ਪੁਲਿਸ ਦੇ ਮੁਖੀ ਸ੍ਰੀ ਗੌਰਵ ਯਾਦਵ ਵਲੋਂ ਵੀ ਪੁਲਿਸ ਅਧਿਕਾਰੀਆਂ ਨਾਲ ਇਕ ਮੀਟਿੰਗ ਕੀਤੀ ਗਈ ਸੀ ਅਤੇ ਉਨ੍ਹਾਂ ਨੇ ਵੀ ਮੀਡੀਆ ਨਾਲ ਗੱਲ ਕਰਦਿਆਂ ਇਹ ਕਿਹਾ ਸੀ ਕਿ ਅਪਰਾਧੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪੰਜਾਬ ਸਰਕਾਰ ਵਲੋਂ ਨਸ਼ੇ ਦੇ ਤਸਕਰਾਂ, ਗੈਂਗਸਟਰਾਂ ਅਤੇ ਹੋਰ ਅਪਰਾਧੀਆਂ ਵਿਰੁੱਧ ਆਰੰਭ ਕੀਤੀ ਗਈ ਇਸ ਮੁਹਿੰਮ ਦਾ ਅਸੀਂ ਪੂਰੀ ਤਰ੍ਹਾਂ ਸਮਰਥਨ ਕਰਦੇ ਹਾਂ। ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਲੋਕ ਇਹ ਮੰਗ ਕਰਦੇ ਆ ਰਹੇ ਹਨ ਕਿ ਰਾਜ ਵਿਚ ਨਸ਼ਿਆਂ ਦੇ ਪ੍ਰਚਲਨ ਨੂੰ ਸਖ਼ਤੀ ਨਾਲ ਰੋਕਿਆ ਜਾਵੇ। ਫਿਰੌਤੀਆਂ ਤੇ ਰੰਗਦਾਰੀਆਂ ਵਸੂਲਣ ਵਾਲੇ ਗੈਂਗਸਟਰਾਂ ਨੂੰ ਨੱਥ ਪਾਈ ਜਾਵੇ। ਚੇਨਾਂ ਖੋਹਣ, ਬੈਂਕ ਲੁੱਟਣ ਅਤੇ ਲੋਕਾਂ ਦੀਆਂ ਦੁਕਾਨਾਂ ਅਤੇ ਕਾਰੋਬਾਰਾਂ ਵਿਚ ਦਾਖ਼ਲ ਹੋ ਕੇ ਲੁੱਟਮਾਰ ਕਰਨ ਵਾਲੇ ਅਪਰਾਧੀਆਂ ਵਿਰੁੱਧ ਵੀ ਪ੍ਰਭਾਵਸ਼ਾਲੀ ਢੰਗ ਨਾਲ ਕਾਰਵਾਈ ਹੋਵੇ। ਬਿਨਾਂ ਸ਼ੱਕ ਹੁਣ ਸਰਕਾਰ ਇਨ੍ਹਾਂ ਸਮੱਸਿਆਵਾਂ ਸੰਬੰਧੀ ਵਧੇਰੇ ਸੰਵੇਦਨਸ਼ੀਲ ਨਜ਼ਰ ਆ ਰਹੀ ਹੈ। ਜੇਕਰ ਸਰਕਾਰ ਨੇ ਪੂਰੀ ਪ੍ਰਤੀਬੱਧਤਾ ਨਾਲ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਦੇ ਯਤਨ ਕੀਤੇ ਤਾਂ ਇਸ ਦੇ ਲਾਜ਼ਮੀ ਤੌਰ 'ਤੇ ਚੰਗੇ ਨਤੀਜੇ ਮਿਲਣਗੇ। ਪਰ ਇਸ ਦੇ ਨਾਲ ਅਸੀਂ ਸਰਕਾਰ ਨੂੰ ਇਸ ਪੱਖੋਂ ਜ਼ਰੂਰ ਸੁਚੇਤ ਕਰਨਾ ਚਾਹੁੰਦੇ ਹਾਂ ਕਿ ਅਪਰਾਧੀਆਂ ਦੇ ਖ਼ਿਲਾਫ਼ ਕਾਰਵਾਈ ਕਾਨੂੰਨੀ ਦਾਇਰੇ ਵਿਚ ਰਹਿ ਕੇ ਹੀ ਕਰਨੀ ਬਿਹਤਰ ਹੋਵੇਗੀ। 'ਬੁਲਡੋਜ਼ਰ ਨਿਆਂ' ਵਾਲੀ ਕਾਰਜ-ਵਿਧੀ ਨੂੰ ਅਪਣਾ ਕੇ ਜਾਂ 'ਫ਼ਰਜ਼ੀ ਪੁਲਿਸ ਮੁਕਾਬਲਿਆਂ' ਦਾ ਸਹਾਰਾ ਲੈ ਕੇ ਭਾਵੇਂ ਪ੍ਰਸ਼ਾਸਨ ਫੌਰੀ ਤੌਰ 'ਤੇ ਨਤੀਜੇ ਲੈਣ ਦੀ ਕੋਸ਼ਿਸ਼ ਕਰ ਸਕਦਾ ਹੈ, ਪਰ ਲੰਮੇ ਸਮੇਂ ਲਈ ਇਕ ਜਮਹੂਰੀ ਸਮਾਜ ਵਿਚ ਅਜਿਹੇ ਢੰਗ-ਤਰੀਕੇ ਉਲਟ-ਪ੍ਰਭਾਵੀ ਹੋ ਜਾਂਦੇ ਹਨ। ਪ੍ਰਸ਼ਾਸਨ ਅੰਦਰ ਕੰਮ ਕਰ ਰਹੇ ਲੋਕਾਂ ਵਿਚ ਵੀ ਅਪਰਾਧਿਕ ਪ੍ਰਵਿਰਤੀਆਂ ਪੈਦਾ ਹੋ ਜਾਂਦੀਆਂ ਹਨ। ਸਾਨੂੰ ਪੂਰੀ ਆਸ ਹੈ ਕਿ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰ ਕੇ, ਅਦਾਲਤਾਂ ਵਿਚ ਪ੍ਰਭਾਵੀ ਢੰਗ ਨਾਲ ਕੇਸਾਂ ਦੀ ਪੈਰਵੀ ਕਰ ਕੇ ਅਤੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਵਧੇਰੇ ਤਾਲਮੇਲ ਬਿਠਾ ਕੇ ਪੰਜਾਬ ਸਰਕਾਰ ਉਪਰੋਕਤ ਸਾਰੀਆਂ ਚੁਣੌਤੀਆਂ ਨਾਲ ਨਜਿੱਠਣ ਵਿਚ ਜ਼ਰੂਰ ਸਫ਼ਲ ਹੋਵੇਗੀ।



# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਕਿੰਗ ਚਾਰਲਸ ਵੱਲੋਂ ਟਰੂਡੋ ਦਾ ਸਵਾਗਤ

## ਟਰੰਪ ਦੀਆਂ ਧਮਕੀਆਂ ਬਾਰੇ ਬਾਦਸ਼ਾਹ ਦੀ 'ਚੁੱਪੀ' ਦੀ ਕੈਨੇਡਾ 'ਚ ਹੋ ਰਹੀ ਹੈ ਨਿਖੇਧੀ



ਲੰਡਨ : ਬਰਤਾਨੀਆ ਦੇ ਕਿੰਗ ਚਾਰਲਸ III ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦਾ ਇੱਥੇ ਸੈਂਡ੍ਰਿੰਗਮ ਸਥਿਤ ਬਾਦਸ਼ਾਹ ਦੀ ਸ਼ਾਹੀ ਰਿਹਾਇਸ਼ 'ਤੇ ਨਿੱਜੀ ਮੁਲਾਕਾਤ ਦੌਰਾਨ ਨਿੱਘਾ ਸਵਾਗਤ ਕੀਤਾ ਗਿਆ। ਹਾਲਾਂਕਿ, ਸ਼ਾਹੀ ਅਧਿਕਾਰੀਆਂ ਨੇ ਨਿੱਜੀ ਮੁਲਾਕਾਤ ਬਾਰੇ ਜਾਣਕਾਰੀ ਨਹੀਂ ਦਿੱਤੀ, ਪਰ ਦੋਵਾਂ ਵੱਲੋਂ ਇਸ ਮੁਲਾਕਾਤ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਨੂੰ ਇਸ ਦਾ 51ਵਾਂ ਸੂਬਾ ਬਣਾਉਣ ਸਬੰਧੀ ਦਿੱਤੀਆਂ ਜਾ ਰਹੀਆਂ ਧਮਕੀਆਂ ਬਾਰੇ ਚਰਚਾ ਕੀਤੇ ਜਾਣ ਦੀ ਸੰਭਾਵਨਾ ਹੈ।

ਗ਼ੌਰਤਲਬ ਹੈ ਕਿ ਰਾਸ਼ਟਰਪਤੀ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਨਾਲ ਮਿਲਾਉਣ ਦੀਆਂ ਧਮਕੀਆਂ ਬਾਰੇ ਚੁੱਪ ਰਹਿਣ ਲਈ ਕੈਨੇਡਾ ਵਿੱਚ ਬਾਦਸ਼ਾਹ ਚਾਰਲਸ ਦੀ ਨਿਖੇਧੀ ਹੋ ਰਹੀ ਹੈ। ਟਰੂਡੋ ਨੇ ਐਤਵਾਰ ਨੂੰ ਲੰਡਨ ਵਿੱਚ ਕਿਹਾ ਸੀ ਕਿ ਉਹ ਚਾਰਲਸ ਨਾਲ ਕੈਨੇਡੀਅਨਾਂ ਲਈ ਅਹਿਮ ਮਾਮਲਿਆਂ 'ਤੇ ਚਰਚਾ ਕਰਨਗੇ ਅਤੇ ਕਿਹਾ, 'ਇਸ ਸਮੇਂ ਕੈਨੇਡੀਅਨਾਂ ਲਈ ਆਪਣੀ ਪ੍ਰਭੂਸੱਤਾ ਅਤੇ ਦੇਸ਼ ਵਜੋਂ ਆਪਣੀ ਆਜ਼ਾਦੀ ਲਈ ਖੜ੍ਹੇ ਹੋਣ ਤੋਂ ਵੱਧ ਕੁਝ ਵੀ ਅਹਿਮ ਨਹੀਂ ਜਾਪਦਾ।'

ਗ਼ੌਰਤਲਬ ਹੈ ਕਿ ਕੈਨੇਡਾ ਵਿੱਚ ਰਾਜ ਦਾ ਰਾਸ਼ਟਰ ਮੁਖੀ ਕਿੰਗ ਚਾਰਲਸ ਹਨ ਅਤੇ ਕੈਨੇਡਾ, ਬਰਤਾਨੀਆ ਦੀਆਂ ਸਾਬਕਾ ਬਸਤੀਆਂ 'ਤੇ ਆਧਾਰਤ ਬ੍ਰਿਟਿਸ਼ ਰਾਸ਼ਟਰਮੰਡਲ ਦਾ ਮੈਂਬਰ ਹੈ। ਭਾਰਤ ਤੇ ਪਾਕਿਸਤਾਨ ਸਮੇਤ ਹੋਰ ਅਜਿਹੇ ਮੁਲਕ ਵੀ ਰਾਸ਼ਟਰਮੰਡਲ ਦਾ ਹਿੱਸਾ ਹਨ। ਕੁੱਲ ਮਿਲਾ ਕੇ ਕੈਨੇਡਾ ਵਿੱਚ ਬਰਤਾਨਵੀ ਰਾਜਸ਼ਾਹੀ ਵਿਰੋਧੀ ਲਹਿਰ ਬਹੁਤੀ ਵੱਡੀ ਤਾਂ ਨਹੀਂ ਹੈ ਪਰ ਟਰੰਪ ਦੀਆਂ ਧਮਕੀਆਂ 'ਤੇ ਚਾਰਲਸ ਦੀ ਖ਼ਾਮੋਸ਼ੀ ਨੇ ਹਾਲ ਹੀ ਦੇ ਦਿਨਾਂ ਵਿੱਚ ਅਜਿਹੀ ਚਰਚਾ ਨੂੰ ਹੁਲਾਰਾ ਦਿੱਤਾ ਹੈ।

ਕੈਨੇਡੀਅਨ ਸੂਬੇ ਅਲਬਰਟਾ ਦੇ ਸਾਬਕਾ ਪ੍ਰੀਮੀਅਰ ਜੇਸਨ ਕੇਨੀ ਨੇ ਕਿਹਾ ਕਿ ਕੈਨੇਡੀਅਨਾਂ ਲਈ ਨਿਰਾਸ਼ਾ ਵਾਲੀ ਗੱਲ ਹੈ ਕਿ ਚਾਰਲਸ ਨੇ ਟਰੰਪ ਦੀਆਂ ਧਮਕੀਆਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਉਹ ਸਿਰਫ਼ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਹੀ ਕੰਮ ਕਰ ਸਕਦੇ ਹਨ। ਕੇਨੀ ਨੇ 'ਐਕਸ' ਉੱਤੇ ਪਾਈ ਪੋਸਟ ਵਿੱਚ ਕਿਹਾ, 'ਕੈਨੇਡਾ ਸਰਕਾਰ ਨੂੰ ਰਾਸ਼ਟਰ ਮੁਖੀ ਨੂੰ ਕੈਨੇਡੀਅਨ ਪ੍ਰਭੂਸੱਤਾ ਨੂੰ ਉਜਾਗਰ ਕਰਨ ਲਈ ਕਹਿਣਾ ਚਾਹੀਦਾ ਹੈ।'

ਗ਼ੌਰਤਲਬ ਹੈ ਕਿ ਬਾਦਸ਼ਾਹ ਚਾਰਲਸ ਨੇ ਐਤਵਾਰ ਨੂੰ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਮੁਲਾਕਾਤ ਕੀਤੀ ਸੀ ਅਤੇ ਉਨ੍ਹਾਂ ਨਾਲ ਹੀ ਟਰੰਪ ਨੂੰ ਸਰਕਾਰੀ ਦੌਰੇ 'ਤੇ ਸਕਾਟਲੈਂਡ ਆਉਣ ਦਾ ਸੱਦਾ ਦਿੱਤਾ ਸੀ।

# ਓਂਟਾਰੀਓ ਚੋਣਾਂ: ਡੱਗ ਫੋਰਡ ਵੱਲੋਂ ਤੀਜੀ ਵਾਰ ਵੱਡੀ ਜਿੱਤ ਦਰਜ

## ਸੱਤਾਧਾਰੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 82 ਸੀਟਾਂ ਜਿੱਤ ਕੇ ਰਿਕਾਰਡ ਬਣਾਇਆ



ਵੈਨਕੂਵਰ : ਓਂਟਾਰੀਓ ਵਿਧਾਨ ਸਭਾ ਦੀਆਂ ਮੱਧਕਾਲੀ ਚੋਣਾਂ ਵਿੱਚ ਸੱਤਾਧਾਰੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਆਪਣੇ ਆਗੂ ਡੱਗ ਫੋਰਡ ਦੀ ਅਗਵਾਈ ਹੇਠ ਵੱਡੀ ਜਿੱਤ ਦਰਜ ਕਰਕੇ ਰਿਕਾਰਡ ਬਣਾਇਆ ਹੈ। ਵਿਰੋਧੀ ਪਾਰਟੀਆਂ 'ਚੋਂ ਲਿਬਰਲ ਪਾਰਟੀ ਦੀ ਆਗੂ ਬੋਨੀ ਕਰੰਬੀ ਖੁਦ ਆਪਣੀ ਮਿਸੀਸਾਗਾ ਸੀਟ ਤੋਂ ਚੋਣ ਹਾਰ ਗਈ ਹੈ।

ਚੋਣ ਨਤੀਜਿਆਂ ਅਨੁਸਾਰ ਸੱਤਾਧਾਰੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 82 ਸੀਟਾਂ ਜਿੱਤ ਕੇ ਰਿਕਾਰਡ ਬਣਾਇਆ ਹੈ, ਜਦਕਿ ਐੱਨਡੀਪੀ 25 ਸੀਟਾਂ ਜਿੱਤ ਕੇ ਪਿਛਲੀ ਵਾਰ ਦੇ ਅੰਕੜੇ ਨੇੜੇ ਰਹੀ। ਇਸ ਵਾਰ ਲਿਬਰਲ ਪਾਰਟੀ ਨੂੰ ਕਾਫੀ ਖੋਰਾ ਲੱਗਾ ਤੇ ਉਸ ਦੇ ਹਿੱਸੇ ਸਿਰਫ 14 ਸੀਟਾਂ ਹੀ ਆਈਆਂ। ਗਰੀਨ ਪਾਰਟੀ ਪਹਿਲਾਂ ਵਾਂਗ 2 ਸੀਟਾਂ 'ਤੇ ਹੀ ਜਿੱਤ ਹਾਸਲ ਕਰ ਸਕੀ। ਇੱਕ ਸੀਟ ਆਜ਼ਾਦ ਉਮੀਦਵਾਰ ਨੇ ਹਾਸਲ ਕੀਤੀ। ਪਿਛਲੀ ਵਾਰ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 40 ਫੀਸਦ ਵੋਟਾਂ ਹਾਸਲ ਕੀਤੀਆਂ ਸਨ। ਇਸ ਵਾਰ ਉਸ ਨੂੰ 43 ਫੀਸਦ ਵੋਟ ਪਈ। ਐੱਨਡੀਪੀ ਨੂੰ 20 ਫੀਸਦ ਦੇ ਕਰੀਬ ਵੋਟਾਂ ਪਈਆਂ। ਪਿਛਲੀ ਵਾਰ ਲਿਬਰਲ ਪਾਰਟੀ ਨੂੰ 21 ਫੀਸਦ ਵੋਟਾਂ ਪਈਆਂ ਸੀ, ਪਰ ਇਸ ਵਾਰ ਉਸ ਦਾ ਵੋਟ ਫੀਸਦ ਵਧ ਕੇ 30 ਫੀਸਦ ਹੋਣ ਦੇ ਬਾਵਜੂਦ ਸੀਟਾਂ ਘਟ ਗਈਆਂ ਹਨ। ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ ਨੇ ਬਰੈਂਪਟਨ ਤੋਂ ਆਪਣੀ ਸੀਟ ਵੱਡੇ ਫਰਕ ਨਾਲ ਜਿੱਤੀ ਹੈ। ਬਰੈਂਪਟਨ ਪੂਰਬੀ ਹਲਕੇ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਗਰੇਵਾਲ ਨੇ ਮੁੜ ਸੀਟ ਜਿੱਤੀ ਹੈ। ਬਰੈਂਪਟਨ ਪੱਛਮੀ ਤੋਂ ਅਮਰਜੋਤ ਸਿੰਘ ਸੰਧੂ ਨੇ ਲਿਬਰਲ ਪਾਰਟੀ ਦੇ ਉਮੀਦਵਾਰ ਐਂਡ੍ਰਿਊ ਕਾਨੀਆ ਖ਼ ?ਲਾਫ਼ ਜਿੱਤ ਦਰਜ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਡੱਗ ਫੋਰਡ ਵੱਲੋਂ ਕੈਨੇਡਿਆਈ ਲੋਕਾਂ ਨੂੰ ਅਮਰੀਕਾ ਖ਼ ?ਲਾਫ਼ ਇਕਜੁੱਟ ਹੋਣ ਦਾ ਦਿੱਤਾ ਸੱਦਾ ਹੀ ਉਸ ਦੀ ਵੱਡੀ ਜਿੱਤ ਦਾ ਕਾਰਨ ਬਣਿਆ ਹੈ।

# ਯੂਕਰੇਨ ਦੀ ਰੱਖਿਆ ਲਈ ਯੂਰੋਪੀ ਮੁਲਕ ਇਕਜੁੱਟ

## ਬ੍ਰਿਟੇਨ, ਫਰਾਂਸ ਅਤੇ ਯੂਕਰੇਨ ਸ਼ਾਂਤੀ ਯੋਜਨਾ ਲਈ ਰਾਜ਼ੀ; ਅਮਰੀਕਾ ਕੋਲ ਪੇਸ਼ ਕੀਤੀ ਜਾਵੇਗੀ ਯੋਜਨਾ; ਜ਼ੇਲੈਂਸਕੀ ਨੂੰ ਨਾਲ ਡਟ ਕੇ ਖੜ੍ਹੇ ਹੋਣ ਦਾ ਲਿਆ ਅਹਿਦ; ਯੂਰੋਪੀ ਮੁਲਕ ਲੋਕਤੰਤਰ ਦੀ ਰੱਖਿਆ ਲਈ ਤਿਆਰ: ਲੇਯੇਨ

ਲੰਡਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਵੋਲੋਦੀਮੀਰ ਜ਼ੇਲੈਂਸਕੀ ਵਿਚਕਾਰ ਤਿੱਖੀ ਬਹਿਸ ਮਗਰੋਂ ਯੂਕਰੇਨੀ ਰਾਸ਼ਟਰਪਤੀ ਨੂੰ ਯੂਰੋਪ ਤੋਂ ਪੂਰੀ ਤਰ੍ਹਾਂ ਨਾਲ ਹਮਾਇਤ ਮਿਲ ਗਈ ਹੈ। ਇਥੇ ਹੋਏ ਸਿਖਰ ਸੰਮੇਲਨ ਦੌਰਾਨ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਹੋਰ ਆਗੂਆਂ ਨੇ ਯੂਕਰੇਨ ਸਮੇਤ ਪੂਰੇ ਯੂਰੋਪ ਦੀ ਰੱਖਿਆ ਯਕੀਨੀ ਬਣਾਉਣ ਦਾ ਸੱਦਾ ਦਿੱਤਾ। ਸਿਖਰ ਸੰਮੇਲਨ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ 'ਤੇ ਕੇਂਦਰਿਤ ਰਿਹਾ ਜਿਨ੍ਹਾਂ ਨੂੰ ਅੱਜ ਇਥੇ ਆਲਮੀ ਆਗੂਆਂ ਨੇ ਗਲਵੱਕੜੀ ਪਾ ਕੇ ਥਾਪੜਾ ਦਿੱਤਾ।



ਲੰਡਨ ਵਿੱਚ ਸਿਖਰ ਸੰਮੇਲਨ ਤੋਂ ਪਹਿਲਾਂ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਹੋਰ ਆਗੂਆਂ ਨਾਲ ਤਸਵੀਰ ਖਿਚਵਾਉਂਦੇ ਹੋਏ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ।

ਸਟਾਰਮਰ ਨੇ ਕਿਹਾ ਕਿ ਉਹ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਅਤੇ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਮਿਲ ਕੇ ਸ਼ਾਂਤੀ ਯੋਜਨਾ ਲਈ ਰਾਜ਼ੀ ਹੋ ਗਏ ਹਨ ਜੋ ਅਮਰੀਕਾ ਅੱਗੇ ਪੇਸ਼ ਕੀਤੀ ਜਾਵੇਗੀ। ਯੂਰੋਪੀਅਨ ਕਮਿਸ਼ਨ ਦੀ ਮੁਖੀ ਵੋਨ ਡੇਰ ਲੇਯੇਨ ਨੇ ਯੂਰੋਪ ਨੂੰ ਫੌਰੀ ਤੌਰ 'ਤੇ ਵੱਡੇ ਪੱਧਰ 'ਤੇ ਹਥਿਆਰਬੰਦ ਕਰਨ ਦੀ ਵਕਾਲਤ ਕਰਦਿਆਂ ਕਿਹਾ, "ਅਸੀਂ ਅਮਰੀਕਾ ਨੂੰ ਦੱਸਣਾ ਚਾਹੁੰਦੇ ਹਾਂ ਕਿ ਯੂਰੋਪੀ ਮੁਲਕ ਲੋਕਤੰਤਰ ਦੀ ਰਾਖੀ ਕਰਨ ਲਈ ਤਿਆਰ ਹਨ।" ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੈਂਬਰ ਮੁਲਕਾਂ ਨੂੰ ਰੱਖਿਆ ਖੇਤਰ 'ਚ ਵਾਧੇ ਲਈ ਵਧੇਰੇ ਵਿੱਤੀ ਸਹਾਇਤਾ ਦੀ ਲੋੜ ਹੈ। ਇਸ ਤੋਂ ਪਹਿਲਾਂ ਸਟਾਰਮਰ ਨੇ ਕਿਹਾ, "ਇਹ ਯੂਕਰੇਨ ਲਈ ਢੁਕਵੇਂ ਸਮਝੌਤੇ ਦੀ ਗੱਲ ਨਹੀਂ ਸਗੋਂ ਇਹ ਹਰੇਕ ਮੁਲਕ ਦੀ ਸੁਰੱਖਿਆ ਨਾਲ ਜੁੜਿਆ ਅਹਿਮ ਮਾਮਲਾ ਹੈ। ਅਸੀਂ ਨਿਆਂਪੂਰਨ ਅਤੇ ਸ਼ਾਂਤੀ ਵਾਰਤਾ ਦੇ ਨਾਲ ਨਾਲ ਭਵਿੱਖ 'ਚ ਰੂਸ ਦੇ ਕਿਸੇ ਵੀ ਹਮਲੇ ਖ਼ ?ਲਾਫ਼ ਯੂਕਰੇਨ ਦੀ ਸੁਰੱਖਿਆ ਯਕੀਨੀ ਬਣਾਉਣਾ ਚਾਹੁੰਦੇ ਹਾਂ।" ਉਨ੍ਹਾਂ ਕਿਹਾ ਕਿ ਜ਼ੇਲੈਂਸਕੀ ਨੇ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ 'ਚ ਕੁਝ ਵੀ ਗਲਤ ਨਹੀਂ ਕੀਤਾ ਸੀ। ਉਨ੍ਹਾਂ ਕਿਹਾ ਕਿ ਯੂਰੋਪੀ ਮੁਲਕਾਂ ਨੂੰ ਸ਼ਾਂਤੀ ਯੋਜਨਾ ਤਿਆਰ ਕਰਕੇ ਅਮਰੀਕਾ ਕੋਲ ਪੇਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨਾਲ ਮਿਲ ਕੇ ਯੋਜਨਾ 'ਤੇ ਕੰਮ ਕਰ ਰਹੇ ਹਨ ਜਿਸ ਬਾਰੇ ਅਮਰੀਕਾ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਟਾਰਮਰ ਨੇ ਕਿਹਾ ਕਿ ਯੂਕਰੇਨ ਲਈ ਵਧੀਆ ਨਤੀਜਾ ਹਾਸਲ ਕਰਨਾ ਯੂਰੋਪ ਅਤੇ ਹੋਰ ਮੁਲਕਾਂ ਦੀ ਸੁਰੱਖਿਆ ਲਈ ਅਹਿਮ ਹੈ। ਇਸ ਮੌਕੇ ਇਟਲੀ ਦੀ ਪ੍ਰਧਾਨ ਮੰਤਰੀ ਜਿਓਰਜੀਆ ਮੈਲੋਨੀ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਮੈਕਸੀਕੋ ਨਾਲ ਲਗਦੀ ਸਰਹੱਦ 'ਤੇ ਅਮਰੀਕਾ ਵਲੋਂ ਹੋਰ ਹਜ਼ਾਰਾਂ ਜਵਾਨ ਤਾਇਨਾਤ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਿਸ਼ਾ-ਨਿਰਦੇਸ਼ ਦੀ ਪਾਲਣਾ ਕਰਦਿਆਂ ਮੈਕਸੀਕੋ ਨਾਲ ਲੱਗਦੀ ਸਰਹੱਦ ਉਪਰ ਸੁਰੱਖਿਆ ਦੇ ਪ੍ਰਬੰਧ ਹੋਰ ਸਖ਼ਤ ਕਰ ਦਿੱਤੇ ਗਏ ਹਨ। ਅਧਿਕਾਰੀਆਂ ਅਨੁਸਾਰ ਹੁਣ ਸਰਹੱਦ ਨੇੜੇ ਚਿੜੀ ਵੀ ਨਹੀਂ ਫੜਕ ਸਕੇਗੀ। ਜ਼ਮੀਨ ਉਪਰ ਨਿਗਰਾਨੀ ਦੇ ਨਾਲ-ਨਾਲ ਅਸਮਾਨ ਉਪਰੋਂ ਵੀ ਸਰਹੱਦ ਉਪਰ ਹੁੰਦੀਆਂ ਗਤੀਵਿਧੀਆਂ 'ਤੇ ਨਜ਼ਰ ਰਖੀ ਜਾਵੇਗੀ। ਪੈਂਟਾਗਨ ਦੇ ਹੁਕਮਾਂ ਤਹਿਤ ਦੱਖਣੀ ਸਰਹੱਦ ਉਪਰ ਅਜਿਹੇ ਪ੍ਰਬੰਧ ਕੀਤੇ ਗਏ ਹਨ ਕਿ ਹੁਣ ਮੈਕਸੀਕੋ ਦੀ ਸਰਹੱਦ ਪਾਰ ਕਰਨਾ ਤਾਂ ਦੂਰ ਦੀ ਗੱਲ ਸਰਹੱਦ ਨੇੜੇ ਪਹੁੰਚਣਾ ਵੀ ਮੁਸ਼ਕਿਲ ਹੋ ਜਾਵੇਗਾ। ਰੱਖਿਆ ਵਿਭਾਗ ਦੇ ਅਧਿਕਾਰੀਆਂ ਅਨੁਸਾਰ 3000 ਹੋਰ ਜਵਾਨ ਤੁਰੰਤ ਤਾਇਨਾਤ ਕੀਤੇ ਜਾ ਰਹੇ ਹਨ। ਰੱਖਿਆ ਮੰਤਰੀ ਪੀਟ ਹੇਗਸੇਠ ਨੇ ਸਰਹੱਦ ਸੁਰੱਖਿਆ ਮਿਸ਼ਨ ਤਹਿਤ ਸਟਰਾਈਕਰ ਬ੍ਰਿਗੇਡ ਕੰਬੈਟ ਟੀਮ ਤੇ ਇਕ ਏਵੀਏਸ਼ਨ ਬਟਾਲੀਅਨ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ। ਰੱਖਿਆ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਆਉਣ ਵਾਲੇ ਦਿਨਾਂ ਦੌਰਾਨ ਸੁਰੱਖਿਆ ਦੇ ਸਮੁੱਚੇ ਪ੍ਰਬੰਧ ਮੁਕੰਮਲ ਕਰ ਲਏ ਜਾਣਗੇ। ਅਧਿਕਾਰੀ, ਜੋ ਜਨਤਕ ਤੌਰ 'ਤੇ ਬਿਆਨ ਦੇਣ ਲਈ ਅਧਿਕਾਰਤ ਨਹੀਂ ਹਨ, ਨੇ ਕਿਹਾ ਹੈ ਕਿ 10ਵੀਂ ਮਾਊਨਟੇਨ ਡਵੀਜ਼ਨ ਤੋਂ ਹੈੱਡਕੁਆਰਟਰ ਦੇ ਜਵਾਨ ਇਕ ਹਫਤੇ ਤੱਕ ਸਰਹੱਦ ਉਪਰ ਪਹੁੰਚ ਜਾਣਗੇ ਜੋ ਆਪ੍ਰੇਸ਼ਨ ਵਿਚ ਸਿੱਧੇ ਤੌਰ 'ਤੇ ਸ਼ਾਮਿਲ ਹੋਣਗੇ। ਇਹ ਸੈਨਿਕ ਸਰਹੱਦ ਉਪਰ ਪ੍ਰਵਾਸੀਆਂ ਨਾਲ ਨਜਿੱਠਣ ਲਈ ਇਮੀਗ੍ਰੇਸ਼ਨ ਐਂਡ ਕਸਟਮਜ਼ ਅਧਿਕਾਰੀਆਂ (ਆਈ. ਸੀ. ਈ.) ਦੀ ਮਦਦ ਕਰਨਗੇ। ਹਾਲਾਂਕਿ ਇਨ੍ਹਾਂ ਸੈਨਿਕਾਂ ਨੂੰ ਗ੍ਰਿਫ਼ਤਾਰੀਆਂ ਦਾ ਅਧਿਕਾਰ ਨਹੀਂ ਹੋਵੇਗਾ, ਪਰੰਤੂ ਇਹ ਸੈਨਿਕ ਨਿਗਰਾਨ ਚੌਕੀਆਂ ਸਥਾਪਿਤ ਕਰਨਗੇ, ਗਸ਼ਤ ਕਰਨਗੇ ਤੇ ਸਰਹੱਦ ਨੇੜੇ ਕਿਸੇ ਵੀ ਤਰ੍ਹਾਂ ਦੀ ਮਨੁੱਖੀ ਹਲਚਲ ਹੋਣ 'ਤੇ ਆਈ. ਸੀ. ਈ. ਅਧਿਕਾਰੀਆਂ ਨੂੰ ਸੂਚਿਤ ਕਰਨਗੇ। ਟਰੰਪ ਪਹਿਲਾਂ ਹੀ ਪ੍ਰਵਾਸੀਆਂ ਦੀ ਚੁਣੌਤੀ ਨਾਲ ਨਜਿੱਠਣ ਲਈ ਸਰਹੱਦ ਉਪਰ ਕੌਮੀ ਹੰਗਾਮੀ ਸਥਿਤੀ ਦਾ ਐਲਾਨ ਕਰ ਚੁੱਕੇ ਹਨ। ਜਨਵਰੀ ਵਿਚ ਟਰੰਪ ਦੇ ਆਦੇਸ਼ 'ਤੇ 1500 ਸੈਨਿਕ ਤਾਇਨਾਤ ਕੀਤੇ ਗਏ ਸਨ, ਜੋ ਪਹਿਲਾਂ ਤੋਂ ਹੀ ਸਰਹੱਦ ਉਪਰ ਤਾਇਨਾਤ 2500 ਨੈਸ਼ਨਲ ਗਾਰਡ ਦੀ ਮਦਦ ਕਰ ਰਹੇ ਹਨ੍ਹ ਇਸ ਤੋਂ ਇਲਾਵਾ ਫ਼ੌਜ ਅਮਰੀਕਾ ਵਾਲੇ ਪਾਸੇ 30 ਹਜ਼ਾਰ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੱਖਣ ਦਾ ਪ੍ਰਬੰਧ ਕਰ ਰਹੀ ਹੈ, ਜਿਥੋਂ ਉਨ੍ਹਾਂ ਨੂੰ ਸਿੱਧੇ ਖੋਟੇ ਸਿਕੇ ਵਾਂਗ ਜਿਥੋਂ ਉਹ ਆਏ ਸਨ, ਉਥੇ ਵਾਪਿਸ ਭੇਜ ਦਿੱਤਾ ਜਾਵੇਗਾ। ਟੈਕਸਾਸ ਵਿਚ ਫੋਰਟ ਬਲਿਸ ਤੇ ਐਰੀਜ਼ੋਨਾ ਵਿਚ ਫੋਰਟ ਹੂਆਚੁਕਾ ਸੰਭਾਵੀ ਸਥਾਨ ਹੋ ਸਕਦੇ ਹਨ, ਜਿਥੇ ਅਜਿਹੇ ਨਜ਼ਰਬੰਦੀ ਕੇਂਦਰ ਬਣਾਏ ਜਾਣਗੇ।

# ਹਸੀਨਾ ਦੇ ਕਾਰਜਕਾਲ 'ਚ ਕੀਤੇ 'ਜ਼ੁਲਮਾਂ' ਦਾ ਰਿਕਾਰਡ ਸਾਂਭਣਾ ਅਹਿਮ: ਯੂਨਸ

## ਮੁੱਖ ਸਲਾਹਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਕੀਤੇ ਕਤਲਾਂ ਦਾ ਦਿੱਤਾ ਹਵਾਲਾ

ਢਾਕਾ : ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਕਾਰਜਕਾਲ ਦੌਰਾਨ ਕੀਤੇ ਕਥਿਤ ਜ਼ੁਲਮਾਂ ਦੇ ਦਸਤਾਵੇਜ਼ 'ਸਾਵਧਾਨੀ ਨਾਲ ਸੰਭਾਲਣ' ਦਾ ਸੱਦਾ ਦਿੱਤਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨਾਲ ਅੱਜ ਹੋਈ ਮੀਟਿੰਗ ਦੌਰਾਨ ਯੂਨਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦਸਤਾਵੇਜ਼ ਸੰਭਾਲਣ ਦੀ ਢੁੱਕਵੀਂ ਪ੍ਰਣਾਲੀ ਬਿਨਾਂ 'ਸਚਾਈ ਜਾਣਨਾ ਤੇ ਨਿਆਂ ਯਕੀਨੀ ਬਣਾਉਣਾ' ਮੁਸ਼ਕਲ ਹੈ। ਮੁੱਖ ਸਲਾਹਕਾਰ ਦੀ ਪ੍ਰੈੱਸ ਬ੍ਰਾਂਚ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੀ 'ਰੈਜ਼ੀਡੈਂਟ ਕੋਆਰਡੀਨੇਟਰ' ਗਵੇਨ ਲੂਈ ਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਮਾਹਿਰ ਹੁਮਾ ਖਾਨ ਨਾਲ ਗੱਲਬਾਤ ਦੌਰਾਨ ਮੁੱਖ ਸਲਾਹਕਾਰ ਨੇ ਸ਼ਾਪਲਾ ਚੱਤਰ 'ਚ ਮੁਜ਼ਾਹਰਾਕਾਰੀਆਂ 'ਤੇ ਕੀਤੀ ਕਾਰਵਾਈ, ਡੀ. ਹੁਸੈਨ ਸਈਦੀ ਦੇ ਫ਼ੈਸਲੇ ਮਗਰੋਂ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲਿਸ ਦੇ ਜ਼ੁਲਮਾਂ ਤੇ ਸਾਲਾਂ ਤੱਕ ਹੋਈਆਂ ਹੱਤਿਆਵਾਂ ਦਾ ਹਵਾਲਾ ਦਿੱਤਾ। ਇਸ ਦੇ ਜਵਾਬ 'ਚ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦਸਤਾਵੇਜ਼ੀਕਰਨ 'ਚ ਬੰਗਲਾਦੇਸ਼ ਦੀ ਮਦਦ ਕਰਨ ਦੀ ਆਪਣੀ ਇੱਛਾ ਦੀ ਪੁਸ਼ਟੀ ਕੀਤੀ



**ਖ਼ਾਲਿਦਾ ਜ਼ਿਆ ਨੂੰ ਬਰੀ ਕਰਨ ਦੇ ਹੁਕਮ ਬਰਕਰਾਰ** : ਬੰਗਲਾਦੇਸ਼ ਦੇ ਸੁਪਰੀਮ ਕੋਰਟ ਨੇ ਅੱਜ ਹਾਈ ਕੋਰਟ ਦੇ ਉਸ ਫ਼ੈਸਲੇ ਨੂੰ ਬਰਕਰਾਰ ਰੱਖਿਆ, ਜਿਸ 'ਚ ਸਾਬਕਾ ਪ੍ਰਧਾਨ ਮੰਤਰੀ ਤੇ ਬੀਐੱਨਪੀ ਦੀ ਚੇਅਰਪਰਸਨ ਖ਼ਾਲਿਦਾ ਜ਼ਿਆ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਬਰੀ ਕਰ ਦਿੱਤਾ ਗਿਆ ਸੀ। ਇਸ ਮਾਮਲੇ 'ਚ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ ਸੱਤ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਸੀ। ਮੀਡੀਆ ਰਿਪੋਰਟਾਂ ਅਨੁਸਾਰ ਜਸਟਿਸ ਮੁਹੰਮਦ ਅਸ਼ਫਾਕੁਲ ਇਸਲਾਮ ਦੀ ਪ੍ਰਧਾਨਗੀ ਹੇਠਲੇ ਤਿੰਨ ਮੈਂਬਰੀ ਅਪੀਲੀ ਡਿਵੀਜ਼ਨ ਬੈਂਚ ਨੇ ਇਹ ਹੁਕਮ ਪਾਸ ਕਰਦਿਆਂ ਸਰਕਾਰ ਤੇ ਭ੍ਰਿਸ਼ਟਾਚਾਰ ਰੋਕੂ ਕਮਿਸ਼ਨ ਵੱਲੋਂ ਦਾਇਰ ਪਟੀਸ਼ਨ ਖਾਰਜ ਕਰ ਦਿੱਤੀ, ਜਿਸ 'ਚ ਜ਼ਿਆ ਤੇ ਹੋਰਾਂ ਨੂੰ ਬਰੀ ਕਰਨ ਸਬੰਧੀ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਸੀ।

# ਕੈਨੇਡਾ ਵਪਾਰ ਯੁੱਧ ਖਿਲਾਫ ਲੜਾਈ ਤੋਂ ਪਿੱਛੇ ਨਹੀਂ ਹਟੇਗਾ, ਟਰੂਡੋ ਦਾ ਟਰੰਪ ਤੇ ਪਲਟਵਾਰ

ਓਟਾਵਾ : ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੇ ਗਏ ਵਪਾਰ ਯੁੱਧ ਵਿਰੁੱਧ ਲੜਾਈ ਤੋਂ ਪਿੱਛੇ ਨਹੀਂ ਹਟੇਗਾ। ਟਰੂਡੋ ਨੇ ਮੰਗਲਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਜਿਸ ਵਪਾਰ ਯੁੱਧ ਵਿੱਚ ਉਲਝੇ ਹੋਏ ਹਨ, ਉਸ ਦਾ ਕੋਈ ਤਰਕ ਨਹੀਂ ਹੈ ਅਤੇ ਕੈਨੇਡਾ ਟਰੰਪ ਦੇ ਕਦਮਾਂ ਨੂੰ ਚੁਣੌਤੀ ਦੇਵੇਗਾ।



ਕੈਨੇਡੀਅਨ ਪ੍ਰਧਾਨ ਮੰਤਰੀ ਨੇ ਅੱਗੇ ਕਿਹਾ, 'ਅਮਰੀਕਾ ਨੇ ਕੈਨੇਡਾ ਦੇ ਵਿਰੁੱਧ ਵਪਾਰ ਯੁੱਧ ਸ਼ੁਰੂ ਕੀਤਾ, ਜੋ ਉਨ੍ਹਾਂ ਦਾ ਸਭ ਤੋਂ ਨਜ਼ਦੀਕੀ ਸਾਥੀ ਅਤੇ ਸਹਿਯੋਗੀ, ਉਨ੍ਹਾਂ ਦਾ ਸਭ ਤੋਂ ਨਜ਼ਦੀਕੀ ਦੋਸਤ ਹੈ।' ਟਰੂਡੋ ਨੇ ਕੈਨੇਡਾ ਦੀ ਬਦਲੇ ਦੀ ਕਾਰਵਾਈ ਨੂੰ ਦੁਹਰਾਇਆ। ਕੈਨੇਡੀਅਨ ਸਰਕਾਰ ਨੇ ਅਮਰੀਕੀ ਸਾਮਾਨਾਂ 'ਤੇ ਸ਼ੁਰੂਆਤੀ 30 ਬਿਲੀਅਨ ਕੈਨੇਡੀਅਨ ਡਾਲਰ (£21 ਬਿਲੀਅਨ) ਟੈਰਿਫ ਲਗਾ ਕੇ ਜਵਾਬੀ ਹਮਲਾ ਕੀਤਾ, ਜਿਸ ਵਿੱਚ 21 ਦਿਨਾਂ ਦੇ ਸਮੇਂ ਵਿੱਚ ਹੋਰ 125 ਬਿਲੀਅਨ ਕੈਨੇਡੀਅਨ ਡਾਲਰ ਜੋੜਨ ਦਾ ਵਾਅਦਾ ਕੀਤਾ ਗਿਆ।

ਟਰੂਡੋ ਨੇ ਕਿਹਾ ਕਿ ਅਮਰੀਕੀ ਪਰਿਵਾਰ ਅਤੇ ਟਰੰਪ ਜਲਦੀ ਹੀ ਮਹਿਸੂਸ ਕਰਨਗੇ ਕਿ ਟੈਰਿਫ ਕਿੰਨੇ ਨੁਕਸਾਨਦੇਹ ਹਨ। ਕੈਮਰੇ 'ਤੇ ਬੋਲਦੇ ਹੋਏ ਟਰੂਡੋ ਨੇ ਸਿੱਧੇ ਤੌਰ 'ਤੇ ਟਰੰਪ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ 'ਇਹ ਕਰਨਾ ਬਹੁਤ ਮੂਰਖਤਾਪੂਰਨ ਕੰਮ ਹੈ'। ਟਰੂਡੋ ਨੇ ਟਰੰਪ 'ਤੇ ਦੋਸ਼ ਲਗਾਇਆ ਕਿ ਉਹ 'ਕੈਨੇਡਾ ਦੀ ਆਰਥਿਕਤਾ ਨੂੰ ਪੂਰੀ ਤਰ੍ਹਾਂ ਢਹਿ-ਢੇਰੀ ਹੁੰਦਾ ਦੇਖਣਾ ਚਾਹੁੰਦਾ ਹੈ। ਕਿਉਂਕਿ ਇਸ ਨਾਲ ਸਾਨੂੰ ਆਪਣੇ ਵਿਚ ਮਿਲਾਉਣਾ ਆਸਾਨ ਹੋ ਜਾਵੇਗਾ ਪਰ ਅਸੀਂ ਕਦੇ ਵੀ (ਅਮਰੀਕਾ ਦਾ) 51ਵਾਂ ਰਾਜ ਨਹੀਂ ਬਣਾਂਗੇ। ਉਨ੍ਹਾਂ ਦਾ ਮੰਨਣਾ ਹੈ ਕਿ ਇਹੀ ਕਾਰਨ ਹੈ ਕਿ ਟਰੰਪ ਇੰਨੇ ਹਮਲਾਵਰ ਢੰਗ ਨਾਲ ਅੱਗੇ ਵਧ ਰਹੇ ਹਨ। ਟਰੂਡੋ ਨੇ ਟਰੰਪ ਦੇ ਫੈਂਟਾਨਿਲ ਡਰੱਗ ਤਸਕਰੀ ਦੇ ਦੋਸ਼ਾਂ ਦਾ ਵੀ ਜਵਾਬ ਦਿੱਤਾ ਅਤੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਟੈਰਿਫ ਲਗਾਉਣ ਲਈ ਫੈਂਟਾਨਿਲ ਨੂੰ ਬਹਾਨੇ ਵਜੋਂ ਵਰਤ ਰਹੇ ਹਨ। ਟਰੂਡੋ ਨੇ ਦੋਸ਼ਾਂ ਨੂੰ 'ਪੂਰੀ ਤਰ੍ਹਾਂ ਅਣਉਚਿਤ ਅਤੇ ਝੂਠਾ' ਕਿਹਾ।

# ਅਮਰੀਕਾ ਤੋਂ ਵਾਪਸ ਭੇਜਣ ਦੌਰਾਨ ਪੰਜਾਬੀਆਂ ਨਾਲ ਦੁਰਵਿਵਹਾਰ

ਵਾਸ਼ਿੰਗਟਨ: ਅਮਰੀਕਾ ਤੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਦੀ ਪ੍ਰਕਿਰਿਆ ਵੱਡੇ ਪੱਧਰ 'ਤੇ ਜਾਰੀ ਹੈ। ਵੱਡੀ ਗਿਣਤੀ ਵਿਚ ਭਾਰਤੀ ਖ਼ਾਸ ਕਰਕੇ ਪੰਜਾਬੀ ਵੀ ਡਿਪੋਰਟ ਕੀਤੇ ਗਏ ਹਨ। ਵਾਪਸ ਭੇਜਣ ਦੌਰਾਨ ਇਨ੍ਹਾਂ ਨਾਗਰਿਕਾਂ ਨਾਲ ਦੁਰਵਿਵਹਾਰ ਕੀਤਾ ਗਿਆ। ਇਨ੍ਹਾਂ ਭਾਰਤੀ ਨਾਗਰਿਕਾਂ ਦਾ ਭਵਿੱਖ ਅਨਿਸ਼ਚਿਤਤਾ ਨਾਲ ਘਿਰਿਆ ਹੋਇਆ ਹੈ। ਇਹ ਲੋਕ ਬਿਹਤਰ ਜ਼ਿੰਦਗੀ ਦੀ ਭਾਲ ਵਿੱਚ ਅਮਰੀਕਾ ਗਏ ਸਨ, ਪਰ ਗੈਰ-ਕਾਨੂੰਨੀ ਪ੍ਰਵੇਸ਼ ਕਾਰਨ, ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਭਾਰਤ ਵਾਪਸ ਭੇਜ ਦਿੱਤਾ ਗਿਆ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਉਹ ਅਮਰੀਕਾ ਨਾਲ ਗੱਲਬਾਤ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡਿਪੋਰਟ ਕੀਤੇ ਗਏ ਲੋਕਾਂ ਨਾਲ ਸਤਿਕਾਰ ਨਾਲ ਪੇਸ਼ ਆਇਆ ਜਾਵੇ।

**ਜਤਿੰਦਰ ਸਿੰਘ ਨੇ ਸੁਣਾਈ ਹੱਡਬੀਤੀ :** ਨਿਊਜ਼ ਕਲਿੱਕ ਦੀ ਰਿਪੋਰਟ ਅਨੁਸਾਰ 16 ਫਰਵਰੀ ਨੂੰ ਇੱਕ ਫੌਜੀ ਜਹਾਜ਼ ਵਿੱਚ ਅਮਰੀਕਾ ਤੋਂ ਵਾਪਸ ਭੇਜਿਆ ਗਿਆ ਜਤਿੰਦਰ ਸਿੰਘ ਬੇਚੈਨ ਹੈ। ਉਸਨੇ ਕਿਹਾ, "ਨਜ਼ਰਬੰਦੀ ਕੇਂਦਰ ਵਿੱਚ ਮੇਰੀ ਪੱਗ ਜ਼ਬਰਦਸਤੀ ਉਤਾਰ ਦਿੱਤੀ ਗਈ ਅਤੇ ਕੂੜੇਦਾਨ ਵਿੱਚ ਸੁੱਟ ਦਿੱਤੀ ਗਈ। ਇਹ ਇੱਕ ਭਿਆਨਕ ਅਨੁਭਵ ਸੀ ਜੋ ਮੈਨੂੰ ਜ਼ਿੰਦਗੀ ਭਰ ਸਤਾਉਂਦਾ ਰਹੇਗਾ। ਸਿੰਘ, ਜੋ ਕਿ ਪੰਜਾਬ ਦੇ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ, ਸਤੰਬਰ 2024 ਵਿੱਚ ਅਮਰੀਕਾ ਗਿਆ ਸੀ, ਇਸ ਉਮੀਦ ਵਿੱਚ ਕਿ ਉਸਦਾ ਭਵਿੱਖ ਬਿਹਤਰ ਹੋਵੇਗਾ ਅਤੇ ਉਹ ਆਪਣੇ ਪਰਿਵਾਰ ਲਈ ਪੈਸਾ ਕਮਾ ਸਕੇਗਾ। ਉਸ ਸਮੇਂ ਉਸਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਉਸ ਨਾਲ ਕੀ ਹੋਣ ਵਾਲਾ ਹੈ। ਸਿੰਘ ਨੇ ਦੋ ਮਹੀਨਿਆਂ ਦੀ ਇੱਕ ਲੰਬੀ ਅਤੇ ਔਖੀ ਯਾਤਰਾ ਕੀਤੀ। ਉਹ ਜੰਗਲਾਂ, ਸੜਕਾਂ ਅਤੇ ਸਮੁੰਦਰ ਵਿੱਚੋਂ ਲੰਘਦੇ ਹੋਏ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਵਿੱਚ ਸਫਲ ਹੋ ਗਿਆ, ਪਰ ਉਸਦੀ ਖ਼ੁਸ਼ੀ ਬਹੁਤੀ ਦੇਰ ਨਹੀਂ ਟਿਕ ਸਕੀ। ਜਿਵੇਂ ਹੀ ਉਹ ਨਵੰਬਰ ਵਿੱਚ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਇਆ, ਅਮਰੀਕੀ ਪੁਲਸ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਦੋ ਹਫ਼ਤੇ ਨਜ਼ਰਬੰਦੀ ਵਿੱਚ ਬਿਤਾਉਣ ਤੋਂ ਬਾਅਦ, ਸਿੰਘ ਨੂੰ 111 ਹੋਰ ਭਾਰਤੀਆਂ



ਸਮੇਤ ਵਾਪਸ ਭਾਰਤ ਭੇਜ ਦਿੱਤਾ ਗਿਆ। ਉਸਨੇ ਦੱਸਿਆ ਕਿ 36 ਘੰਟੇ ਦੇ ਸਫ਼ਰ ਦੌਰਾਨ ਉਸਨੂੰ ਹੱਥਕੜੀ ਲਗਾਈ ਗਈ ਸੀ। ਇਹ ਅਪਮਾਨਜਨਕ ਸੀ। ਮੈਨੂੰ ਇੰਝ ਲੱਗਾ ਜਿਵੇਂ ਮੈਂ ਕੋਈ ਕਤਲ ਕਰ ਦਿੱਤਾ ਹੋਵੇ। ਮੈਂ ਅਪਰਾਧੀ ਨਹੀਂ ਹਾਂ। ਮੈਂ ਉੱਥੇ ਨੌਕਰੀ ਦੀ ਭਾਲ ਵਿੱਚ ਗਿਆ ਸੀ ਤਾਂ ਜੋ ਮੈਂ ਪੈਸੇ ਕਮਾ ਸਕਾਂ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਸਕਾਂ। ਸਿੰਘ ਨੇ ਕਿਹਾ ਕਿ ਮੇਰੀ ਯਾਤਰਾ ਦਾ ਪ੍ਰਬੰਧ ਕਰਨ ਵਾਲੇ ਏਜੰਟ ਨੇ 50 ਲੱਖ ਰੁਪਏ ਲਏ ਸਨ। ਮੇਰੇ ਪਰਿਵਾਰ ਨੇ ਆਪਣੀ ਜੱਦੀ ਜ਼ਮੀਨ ਵੇਚ ਦਿੱਤੀ। ਸਿੰਘ ਨੇ ਕਿਹਾ ਉਨ੍ਹਾਂ ਦਾ ਪਰਿਵਾਰ ਹੁਣ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ ਅਤੇ ਉਸ ਕੋਲ ਕੋਈ ਨੌਕਰੀ ਨਹੀਂ ਹੈ।

**ਯਸ਼ਪਾਲ ਸਿੰਘ ਦੇ ਟੁੱਟੇ ਸੁਪਨੇ :** ਜਤਿੰਦਰ ਸਿੰਘ ਦੀ ਕਹਾਣੀ ਕੋਈ ਇਕੱਲੀ ਕਹਾਣੀ ਨਹੀਂ ਹੈ। ਇਸੇ ਉਡਾਣ ਵਿੱਚ ਹਰਿਆਣਾ ਤੋਂ 43, ਗੁਜਰਾਤ ਤੋਂ 33, ਪੰਜਾਬ ਤੋਂ 31, ਉੱਤਰ ਪ੍ਰਦੇਸ਼ ਤੋਂ ਦੋ ਅਤੇ ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਤੋਂ ਇੱਕ-ਇੱਕ ਵਿਅਕਤੀ ਵਾਪਸ ਲਿਆਂਦਾ ਗਿਆ। ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪੱਟੀ ਕਸਬੇ ਦੇ ਵਸਨੀਕ 26 ਸਾਲਾ ਯਸ਼ਪਾਲ ਸਿੰਘ ਦਾ ਸਫ਼ਰ ਹੋਰ ਵੀ ਔਖਾ ਅਤੇ ਜੋਖਮ ਭਰਿਆ ਸੀ। ਉਸਨੂੰ ਲਾਤੀਨੀ ਅਮਰੀਕਾ ਰਾਹੀਂ ਅਮਰੀਕੀ ਸਰਹੱਦ ਪਾਰ ਕਰਨ ਵਿੱਚ 18 ਮਹੀਨੇ ਲੱਗ ਗਏ, ਪਰ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਜਤਿੰਦਰ ਸਿੰਘ ਵਾਲੇ ਜਹਾਜ਼ ਵਿੱਚ ਹੀ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਉਸਦਾ ਦਾਅਵਾ ਹੈ ਕਿ ਅਮਰੀਕਾ ਜਾਂਦੇ ਸਮੇਂ ਉਸਨੂੰ ਤਸਕਰਾਂ ਨੇ ਬੰਧਕ ਬਣਾ ਲਿਆ ਅਤੇ ਕੁੱਟਿਆ। ਯਸ਼ਪਾਲ ਨੇ ਦੱਸਿਆ ਕਿ ਉਸਨੇ ਇੱਕ ਟ ?ਰੈਵਲ ਏਜੰਟ ਨੂੰ 45 ਲੱਖ ਰੁਪਏ ਦਿੱਤੇ ਸਨ। ਉਸਨੇ ਕਿਹਾ, "ਮੇਰਾ ਪਰਿਵਾਰ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ। ਏਜੰਟ ਹੋਰ ਪੈਸੇ ਮੰਗਦਾ ਰਿਹਾ ਅਤੇ ਸਾਡੇ ਕੋਲ ਬੈਂਕਾਂ ਅਤੇ ਰਿਸ਼ਤੇਦਾਰਾਂ ਤੋਂ ਉਧਾਰ ਲੈਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।"

**ਮਾਸਾਹਾਰੀ ਭੋਜਣ ਖਾਣ ਲਈ ਕੀਤਾ ਮਜਬੂਰ**

ਇੱਕ ਹੋਰ ਡਿਪੋਰਟੀ ਪੰਜਾਬ ਦੇ ਬੰਡਾਲਾ ਪਿੰਡ ਦਾ 23 ਸਾਲਾ ਜਤਿੰਦਰ ਸਿੰਘ, 15 ਫਰਵਰੀ ਨੂੰ 117 ਹੋਰ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਨਾਲ ਭਾਰਤ ਪਹੁੰਚਿਆ। ਉਸਦੇ ਪਰਿਵਾਰ ਨੂੰ ਉਸ ਤੋਂ ਬਹੁਤ ਉਮੀਦਾਂ ਸਨ ਕਿ ਉਹ ਅਮਰੀਕਾ ਵਿੱਚ ਇੱਕ ਬਿਹਤਰ ਭਵਿੱਖ ਬਣਾਏਗਾ, ਚੰਗੀ ਜ਼ਿੰਦਗੀ ਜੀਵੇਗਾ ਅਤੇ ਚੰਗੀ ਕਮਾਈ ਕਰੇਗਾ, ਪਰ ਜ਼ਿੰਦਗੀ ਵਿੱਚ ਉਸਦੇ ਲਈ ਕੁਝ ਹੋਰ ਹੀ ਸੀ। ਉਸਦੇ ਪਿਤਾ ਨੇ ਕਿਹਾ ਕਿ ਉਹ ਕਿਸੇ ਕਾਨੂੰਨੀ ਕੰਮ ਲਈ ਦਿੱਲੀ ਗਿਆ ਸੀ ਅਤੇ ਦਾਅਵਾ ਕੀਤਾ ਕਿ ਜਤਿੰਦਰ ਇੱਕ ਅੰਮ੍ਰਿਤਧਾਰੀ ਸਿੱਖ ਸੀ ਅਤੇ ਹਿਰਾਸਤ ਦੌਰਾਨ ਉਸਨੂੰ ਮਾਸਾਹਾਰੀ ਭੋਜਨ ਖਾਣ ਲਈ ਮਜਬੂਰ ਕੀਤਾ ਗਿਆ ਸੀ, ਜਿਸ ਕਾਰਨ ਉਹ ਬਹੁਤ ਪਰੇਸ਼ਾਨ ਸੀ। ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਇੱਕ ਹੋਰ ਡਿਪੋਰਟੀ ਹਰਜੀਤ ਸਿੰਘ ਨੇ ਬੋਲਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਜੋ ਕੁਝ ਹੋਇਆ ਉਸ ਤੋਂ ਉਦਾਸ ਸੀ। ਉਹ ਆਪਣੇ ਚਚੇਰੇ ਭਰਾ ਹਰਜੋਤ ਸਿੰਘ ਨਾਲ ਪਨਾਮਾ ਦੇ ਜੰਗਲਾਂ ਵਿੱਚੋਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਗਿਆ ਸੀ।

# ਅਮਰੀਕਾ ਚ ਭਿਆਨਕ ਤੂਫਾਨ ਨੇ ਦਿੱਤੀ ਦਸਤਕ, ਲੱਖਾਂ ਲੋਕਾਂ ਦੇ ਘਰਾਂ ਦੀ ਬਿਜਲੀ ਗੁੱਲ



ਹਿਊਸਟਨ : ਅਮਰੀਕਾ ਵਿਚ ਟੈਕਸਾਸ ਤੋਂ ਟੈਨੇਸੀ ਤੱਕ ਮੰਗਲਵਾਰ ਨੂੰ ਦੇਸ਼ ਦੇ ਦੱਖਣ ਦੇ ਵੱਡੇ ਹਿੱਸਿਆਂ ਵਿੱਚ ਤੇਜ਼ ਵਿਚ ਕਈ ਭਿਆਨਕ ਤੁਫਾਨ ਆਏ, ਜਿਸ ਨਾਲ ਤੇਜ਼ ਹਵਾਵਾਂ, ਗੜੇ, ਧੂੜ ਭਰੇ ਤੂਫਾਨ ਅਤੇ ਬਵੰਡਰ ਆਏ। ਤੂਫਾਨ ਕਾਰਨ ਲੱਖਾਂ ਲੋਕ ਬਿਜਲੀ ਤੋਂ ਵਾਂਝੇ ਹੋ ਗਏ। ਇੱਕ ਵੈੱਬਸਾਈਟ ਦੇ ਅਨੁਸਾਰ, ਪੰਜ ਰਾਜਾਂ - ਟੈਕਸਾਸ, ਲੁਈਸਿਆਨਾ, ਮਿਸੀਸਿਪੀ, ਓਕਲਾਹੋਮਾ ਅਤੇ ਟੈਨੇਸੀ - ਵਿੱਚ 400,000 ਤੋਂ ਵੱਧ ਘਰ, ਕਾਰੋਬਾਰ ਅਤੇ ਹੋਰ ਖਪਤਕਾਰ ਬਿਜਲੀ ਤੋਂ ਬਿਨਾਂ ਹਨ। ਰਾਸ਼ਟਰੀ ਮੌਸਮ ਸੇਵਾ ਨੇ ਪੁਸ਼ਟੀ ਕੀਤੀ ਹੈ ਕਿ ਮੰਗਲਵਾਰ ਤੜਕੇ ਉੱਤਰੀ ਟੈਕਸਾਸ ਦੇ ਇਰਵਿੰਗ ਦੇ ਡੱਲਾਸ-ਫੋਰਟ ਵਰਥ ਉਪਨਗਰ ਵਿੱਚ ਇੱਕ ਛੋਟਾ 561 ਤੂਫਾਨ ਆਇਆ, ਜਿਸ ਨਾਲ ਕੁਝ ਬਲਾਕਾਂ ਵਿੱਚ ਨੁਕਸਾਨ ਹੋਇਆ। ਏਅਰਲਾਈਨ ਟਰੈਕਰ FlightAware.com ਦੇ ਅਨੁਸਾਰ, ਡੱਲਾਸ ਫੋਰਟ ਵਰਥ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਆਉਣ-ਜਾਣ ਵਾਲੀਆਂ 375 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਬਾਕੀ 660 ਵਿਚ ਦੇਰੀ ਹੋਈ।

# ਅਮਰੀਕਾ ਦੇ ਨਿਊਜਰਸੀ ਰਾਜ ਦੀ ਪੁਲਿਸ ਨੇ ਵਾਹਨਾਂ ਦੀ ਜਾਂਚ ਦੇ ਦੌਰਾਨ ਕੈਲੀਫੋਰਨੀਆ ਦੇ ਦੋ ਆਦਮੀਆਂ ਤੋਂ 36 ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥ ਫੜੇ

ਨਿਊਜਰਸੀ, (ਰਾਜ ਗੋਗਨਾ) : ਨਿਊਜਰਸੀ ਸਟੇਟ ਪੁਲਿਸ ਨੇ ਦੱਸਿਆ ਕਿ ਸਟਾਕਟਨ ਨਿਵਾਸੀ ਫਨੂ ਅਤੀਕ ਉਰ-ਰਹਿਮਾਨ (22) ਅਤੇ ਹਾਫੇਜ਼ ਰਹਿਮਾਨ (35) ਸਾਲ ਜੋ ਇੱਕ ਸੈਮੀ-ਟਰੱਕ ਵਿੱਚ ਯਾਤਰਾ ਕਰ ਰਹੇ ਸਨ ਜਦੋਂ ਵਾਰਨ ਕਾਉਂਟੀ, ਨਿਊਜਰਸੀ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਪੂਰਬ ਵੱਲ ਜਾਣ ਵਾਲੇ ਇੰਟਰਸਟੇਟ 78 ਦੇ ਨਾਲ ਵਾਹਨ ਨੂੰ ਰੋਕਿਆ ਅਤੇ ਉਸ ਦੇ ਵਾਹਨ ਦਾ ਵਪਾਰਕ ਨਿਰੀਖਣ ਕੀਤਾ। ਉਸ ਦੇ ਟਰੱਕ ਟ ?ਰੇਲਰ ਦੀ ਤਲਾਸ਼ੀ ਲੈਣ 'ਤੇ 8,000 ਪੌਂਡ ਤੋਂ ਵੱਧ ਕੱਚਾ ਹਾਈਡ੍ਰੋਪੋਨਿਕ ਮਾਰਿਜੁਆਨਾ, 12,000 ਪੌਂਡ ਤੋਂ ਵੱਧ ਭੰਗ ਅਤੇ ਅਤੇ 13



ਪੌਂਡ ਤੋਂ ਵੱਧ ਸਾਈਲੋਸਾਈਬਿਨ ਉਤਪਾਦ ਮਿਲੇ। ਨਿਊਜਰਸੀ ਸਟੇਟ ਪੁਲਿਸ ਨੇ ਦੱਸਿਆ ਕਿ ਉਰ-ਰਹਿਮਾਨ ਅਤੇ ਰਹਿਮਾਨ ਉਰ ਦੋਵਾਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਸਬੰਧਤ ਵੱਖ-ਵੱਖ ਦੋਸ਼ ਲੱਗੇ ਹਨ। ਉਨ੍ਹਾਂ ਨੂੰ ਵਾਰਨ ਕਾਉਂਟੀ ਸੁਧਾਰ ਕੇਂਦਰ ਵਿੱਚ ਨਜ਼ਰਬੰਦ ਹਨ।

# ਇਕ ਅਮਰੀਕੀ ਵਿਅਕਤੀ ਨੇ 67 ਸਾਲਾ ਭਾਰਤੀ ਮੂਲ ਦੀ ਨਰਸ 'ਤੇ ਨਸਲੀ ਵਿਤਕਰੇ ਦੇ ਦੋਸ਼ 'ਚ ਕੀਤਾ ਬੇਰਹਿਮੀ ਦੇ ਨਾਲ ਹਮਲਾ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਸੂਬੇ ਫਲੋਰੀਡਾ ਵਿੱਚ ਇੱਕ ਭਾਰਤੀ ਮੂਲ ਦੀ ਨਰਸ 'ਤੇ ਪਾਲਮਾਸ ਵੈਸਟ ਹਸਪਤਾਲ ਵਿੱਚ ਹਮਲਾ ਹੋਇਆ ਹੈ। ਜਿਸ ਦੀ ਉਮਰ 67 ਸਾਲਾ ਭਾਰਤੀ ਮੂਲ ਦੀ ਨਰਸ ਲੀਲਾਮਾ ਲਾਲ ' ਦੱਸਿਆ ਜਾਂਦਾ ਹੈ। ਉਸ ਤੇ ਬੇਰਹਿਮੀ ਨਾਲ ਹਮਲਾ ਕੀਤਾ ਗਿਆ। ਮੀਡੀਆ ਦੀਆਂ ਰਿਪੋਰਟਾਂ ਦੇ ਅਨੁਸਾਰ, 33 ਸਾਲਾ ਸਟੀਫਨ 'ਤੇ ਲੀਲਾਮਾ ਪ੍ਰਤੀ ਅਪਮਾਨਜਨਕ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਨ ਦਾ ਦੋਸ਼ ਹੈ ਕਿਉਂਕਿ ਉਹ ਭਾਰਤੀ ਹੈ। ਇਸ ਤਰ੍ਹਾਂ ਬੁਰਾ ਵਿਵਹਾਰ ਕਰਨ ਤੋਂ ਬਾਅਦ, ਉਸ ਨੇ ਨਰਸ 'ਤੇ ਹਮਲਾ ਕਰ ਦਿੱਤਾ, ਜਿਸਦੇ ਨਤੀਜੇ ਵਜੋਂ ਉਸਦੇ ਚਿਹਰੇ 'ਤੇ ਫਰੈਕਚਰ ਹੋਇਆ। ਇਸ ਹਮਲੇ ਕਾਰਨ ਫਲੋਰੀਡਾ ਵਿੱਚ ਰਹਿਣ ਵਾਲੇ ਭਾਰਤੀ ਭਾਈਚਾਰੇ ਵਿੱਚ ਰੋਸ ਹੈ। ਫਲੋਰੀਡਾ ਵਿੱਚ ਸਿਹਤ ਸੰਭਾਲ ਕਰਮਚਾਰੀਆਂ ਲਈ ਵਾਧੂ ਸੁਰੱਖਿਆ ਦੀ ਮੰਗ ਵੀ ਕੀਤੀ ਜਾ ਰਹੀ ਹੈ। ਇਹ ਜ਼ਿਕਰਯੋਗ ਹੈ ਕਿ 67 ਸਾਲਾ ਲੀਲਾਮਾ ਲਾਲ, ਜਿਸ 'ਤੇ ਇੱਕ ਮਰੀਜ਼ ਨੇ ਹਮਲਾ ਕੀਤਾ ਸੀ, ਨੂੰ ਗੰਭੀਰ ਸੱਟਾਂ ਲੱਗੀਆਂ ਸਨ ਅਤੇ ਉਨ੍ਹਾਂ ਦੇ ਚਿਹਰੇ 'ਤੇ ਫਰੈਕਚਰ ਹੋਇਆ ਸੀ। ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਅਮਰੀਕਾ ਵਿੱਚ



ਭਾਰਤੀ ਮੂਲ ਦੇ ਸਿਹਤ ਸੰਭਾਲ ਕਰਮਚਾਰੀ 'ਤੇ ਹਮਲਾ ਕਰਨ ਵਾਲੇ ਵਿਅਕਤੀ ਦਾ ਨਾਮ ਸਟੀਫਨ ਸਕੈਂਟਲਬਰੀ ਸੀ। ਉਹ 33 ਸਾਲਾਂ ਦਾ ਹੈ। ਜਾਂਚਕਰਤਾਵਾਂ ਨੇ ਕਿਹਾ ਕਿ 33 ਸਾਲਾ ਹਮਲਾਵਰ ਨੇ ਨਾ ਸਿਰਫ਼ ਭਾਰਤੀ ਮੂਲ ਦੀ ਨਰਸ 'ਤੇ ਹਮਲਾ ਕੀਤਾ, ਸਗੋਂ ਉਸ ਨੂੰ ਭਾਰਤੀ ਮੂਲ ਦੀ ਹੋਣ ਦਾ ਤਾਅਨਾ ਵੀ ਮਾਰਿਆ ਅਤੇ ਦੁਰਵਿਵਹਾਰ ਵੀ ਕੀਤਾ। ਪੁਲਿਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਅਸੀਂ ਹੁਣ ਮੁਲਜ਼ਮਾਂ ਖ਼ਿਲਾਫ਼ ਦੂਜੇ ਦਰਜੇ ਦੇ ਕਤਲ ਅਤੇ ਨਫ਼ਰਤ ਅਪਰਾਧ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਅੱਗੇ ਦੀ ਜਾਂਚ ਕਰ ਰਹੇ ਹਾਂ ਫ਼ਲੋਰੀਡਾ ਵਿੱਚ ਭਾਰਤੀ ਮੂਲ ਦੀ ਨਰਸ 'ਤੇ ਹਮਲੇ ਤੋਂ ਬਾਅਦ ਸਿਹਤ ਸੰਭਾਲ ਕਰਮਚਾਰੀਆਂ ਦੀ ਸੁਰੱਖਿਆ ਦਾ ਮੁੱਦਾ ਹੋਰ ਵੀ ਗਰਮ ਹੋ ਗਿਆ ਹੈ। ਇੰਨਾ ਹੀ ਨਹੀਂ, ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਚੁੱਕੇ ਜਾਣ ਅਤੇ ਦੋਸ਼ੀ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ, ਇਹ ਯਕੀਨੀ ਬਣਾਉਣ ਲਈ ਇੱਕ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ। ਹੁਣ ਤੱਕ, 9500 ਲੋਕਾਂ ਨੇ ਇਸ 'ਤੇ ਦਸਤਖਤ ਕੀਤੇ ਹਨ। ਪਟੀਸ਼ਨ ਦਾਇਰ ਕਰਨ ਵਾਲੀ ਸਿਹਤ ਸੰਭਾਲ ਵਕੀਲ ਡਾ. ਚੈਰਿਲ ਥਾਮਸ-ਹਾਰਕੁਮ ਨੇ ਕਿਹਾ, 'ਮੈਂ ਲੀਲਾ ਦੀ ਸਥਿਤੀ ਨੂੰ ਸਮਝ ਸਕਦੀ ਹਾਂ, ਉਹ ਜ਼ਰੂਰ ਬੇਵੱਸ ਮਹਿਸੂਸ ਕਰ ਰਹੀ ਹੋਵੇਗੀ।' ਜਦੋਂ ਮੈਂ ਉਸਦੇ ਕਰੀਅਰ ਵੱਲ ਵੇਖਦਾ ਹਾਂ, ਤਾਂ ਮੈਨੂੰ ਇੱਕ ਸਵੈ-ਮਾਣ ਵਾਲੀ ਔਰਤ ਕਰਮਚਾਰੀ ਦਿਖਾਈ ਦਿੰਦੀ ਹੈ। ਜਿਸਨੇ ਆਪਣਾ ਪੂਰਾ ਜੀਵਨ ਮਰੀਜ਼ਾਂ ਦੀ ਦੇਖਭਾਲ ਲਈ ਸਮਰਪਿਤ ਕਰ ਦਿੱਤਾ ਹੈ। ਮੈਂ ਇਸ ਮਹਿਲਾ ਸਿਹਤ ਸੰਭਾਲ ਕਰਮਚਾਰੀ ਦੀ ਇਸ ਤਰਸਯੋਗ ਹਾਲਤ ਨੂੰ ਨਹੀਂ ਦੇਖ ਸਕਦਾ, ਜੋ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਕੇ ਆਪਣੇ ਕੈਰੀਅਰ ਵਿੱਚ ਅੱਗੇ ਵਧ ਰਹੀ ਹੈ।


# ਬੇਅਦਬੀਆਂ ਰੋਕਣ ਲਈ ਪੰਜਾਬ ਪੁਲਿਸ, ਗੁਰਦੁਆਰਾ ਕਮੇਟੀਆਂ ਤੱਕ ਪਹੁੰਚਾਏਗੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ



ਟਹਿਲ ਸੇਵਾ ਲਹਿਰ ਦੇ ਮੁਖੀ ਭਾਈ ਗੁਰਪ੍ਰੀਤ ਸਿੰਘ ਡੀਜੀਪੀ ਅਰਪਿਤ ਸ਼ੁਕਲਾ ਨੂੰ ਮੰਗ ਪੱਤਰ ਦਿੰਦੇ ਹੋਏ।

ਸ੍ਰੀ ਅਨੰਦਪੁਰ ਸਾਹਿਬ : ਟਹਿਲ ਸੇਵਾ ਲਹਿਰ ਦੇ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸਭ ਧਰਮਾਂ ਦਾ ਸਤਿਕਾਰ ਕਰਨਾ ਸਿਖਾਉਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਭ ਧਰਮਾਂ ਦੇ ਲੋਕ ਮਨਾਂ ਵਿਚ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਗਏ ਇਸ ਵਫ਼ਦ ਨਾਲ ਨਿੱਜੀ ਦਿਲਚਸਪੀ ਲੈ ਕੇ ਪੰਜਾਬ ਦੇ ਕਾਨੂੰਨ ਤੇ ਵਿਵਸਥਾ ਦੇ ਮੁਖੀ ਅਤੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਅਰਪਿਤ ਸ਼ੁਕਲਾ ਵਲੋਂ ਵਿਚਾਰ ਸੁਣੇ ਤੇ ਬੇਅਦਬੀਆਂ ਦੇ ਸਾਜਿਸ਼ਕਾਰਾਂ ਨੂੰ ਉਜਾਗਰ ਕਰਨ ਅਤੇ ਇਸ ਅਤਿ ਸੰਵੇਦਨਸ਼ੀਲ ਮਸਲੇ ’ਤੇ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਵਫ਼ਦ ਵਲੋਂ ਉਨ੍ਹਾਂ ਨੂੰ ਟਹਿਲ ਸੇਵਾ ਲਹਿਰ ਦੀ ਦਸਤਖ਼ਤੀ ਬੇਨਤੀ ਮੁਹਿੰਮ ਦੇ ਏਜੰਡੇ ਨਾਲ, ਸ੍ਰੀ ਅਕਾਲ ਤਖ਼ਤ ਤੋਂ ਬੀਤੇ ਸਾਲ 15 ਜੁਲਾਈ ਨੂੰ ਜਾਰੀ ਹੋਏ, ਬੇਅਦਬੀਆਂ ਰੋਕਣ ਲਈ 24 ਘੰਟੇ ਪਹਿਰੇਦਾਰ ਦਾ ਪ੍ਰਬੰਧ ਕਰਨ ਦੇ ਹੁਕਮਨਾਮੇ ਬਾਰੇ ਵਿਸਥਾਰਪੂਰਵਕ ਦੱਸਿਆ। ਇੰਗਲੈਂਡ ਤੋਂ ਆਏ ਸੰਗਤ ਟਰੱਸਟ ਦੇ ਟਰੱਸਟੀ ਭਾਈ ਜੀਤ ਸਿੰਘ ਨੇ ਕਿਹਾ ਸਬੰਧਿਤ ਥਾਣੇਦਾਰ ਦੇ ਰਾਹੀਂ ਹੁਕਮਨਾਮੇ ਦੀ ਜਾਣਕਾਰੀ ਪਹੁੰਚਣ ਨਾਲ ਪ੍ਰਬੰਧਕ ਪੂਰੀ ਮੁਸਤੈਦੀ ਨਾਲ ਪਹਿਰੇਦਾਰੀ ਦਾ ਪ੍ਰਬੰਧ ਕਰਨਗੇ। ਪਠਾਨਕੋਟ ਆਪ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਵਿੰਦਰ ਭੱਲਾ ਨੇ ਕਿਹਾ ਕਿ ਟਹਿਲ ਸੇਵਾ ਲਹਿਰ ਦੇ ਇਸ ਵਫ਼ਦ ਵਿਚ ਵੱਖ-ਵੱਖ ਧਰਮਾਂ, ਵਿਚਾਰਧਾਰਾ ਅਤੇ ਖ਼ਿੱਤਿਆਂ ਦੇ ਨੁਮਾਇੰਦੇ ਸ਼ਾਮਲ ਹੋਏ ਹਨ। ਇਸ ਮੌਕੇ ਭਾਈ ਜੀਤ ਸਿੰਘ, ਜਸਵੀਰ ਸਿੰਘ ਖ਼ਾਲਸਾ, ਭਾਈ ਜਸਵਿੰਦਰ ਸਿੰਘ, ਸੰਤ ਬਾਬਾ ਹਜ਼ਾਰਾ ਸਿੰਘ ਦੇ ਸੇਵਕ ਬਾਬਾ ਗੁਰਦੀਪ ਸਿੰਘ ਭੁੱਲਰ, ਡੇਵਿਡ ਆਦਿ ਹਾਜ਼ਰ ਸਨ।

# ਨਕੋਦਰ ’ਚ ਗੁਟਕਾ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਦੀ ਬੇਅਦਬੀ





ਨਕੋਦਰ : ਨਕੋਦਰ ’ਚ ਗੁਟਕਾ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੋ ਗੁਟਕਾ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਨਕੋਦਰ ਦੇ ਸ਼ੰਕਰ ਰੋਡ ’ਤੇ ਇਕ ਨਹਿਰ ਦੇ ਕੰਢੇ ਤੋਂ ਬਰਾਮਦ ਹੋਈਆਂ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਮੁਲਜ਼ਮ ਦੀ ਭਾਲ ਜਾਰੀ ਹੈ।

ਜਦੋਂ ਇਕ ਨੌਜਵਾਨ ਇਸ ਥਾਂ ਨੇੜਿਉਂ ਲੰਘ ਰਿਹਾ ਸੀ ਤਾਂ ਉਸ ਦਾ ਧਿਆਨ ਉਸ ਜਗ ?ਹਾ ’ਤੇ ਗਿਆ ਜਿਥੇ ਇਕ ਲਾਲ ਕਪੜਾ ਪਿਆ ਸੀ। ਸ਼ੱਕ ਪੈਣ ’ਤੇ ਉਸ ਨੇ ਲਾਲ ਕਪੜਾ ਚੁਕਿਆ ਤਾਂ ਉਸ ਨੂੰ ਇਸ ’ਚ ਲਪੇਟੀਆਂ ਹੋਈਆਂ ਗੁਰੂ ਸਾਹਿਬ ਦੀਆਂ ਸੈਂਚੀਆਂ ਅਤੇ ਗੁਟਕਾ ਸਾਹਿਬ ਮਿਲੇ। ਉਸ ਵਲੋਂ ਰੌਲਾ ਪਾਉਣ ’ਤੇ ਮੌਕੇ ’ਤੇ ਇਕੱਠੀ ਹੋਈ ਸਿੱਖ ਸੰਗਤ ਨੇ ਪੁਲਿਸ ਨੂੰ ਘਟਨਾ ਬਾਰੇ ਸੂਚਿਤ ਕੀਤਾ।

ਘਟਨਾ ਦੀ ਸੂਚਨਾ ਮਿਲਦੇ ਹੀ ਡੀ.ਐਸ.ਪੀ. ਸੁਖਪਾਲ ਸਿੰਘ, ਸਿਟੀ ਪੁਲਿਸ ਸਟੇਸ਼ਨ ਦੇ ਮੁਖੀ ਅਮਨ ਸੈਣੀ ਮੌਕੇ ’ਤੇ ਪਹੁੰਚ ਗਏ। ਜਿੱਥੇ ਉਨ੍ਹਾਂ ਨੇ ਸਤਿਕਾਰ ਸਹਿਤ ਸੈਂਚੀਆਂ ਅਤੇ ਗੁਟਕਾ ਸਾਹਿਬ ਨਕੋਦਰ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਪਹੁੰਚਾਏ। ਨਕੋਦਰ ਦੇ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਵੀ ਉੱਥੇ ਪਹੁੰਚੇ ਅਤੇ ਮੰਗ ਕੀਤੀ ਕਿ ਇਸ ਹਰਕਤ ਨੂੰ ਅੰਜਾਮ ਦੇਣ ਵਾਲਿਆਂ ਵਿਰੁਧ ਢੁਕਵੀਂ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦਸਿਆ ਕਿ ਸਿਰਫ਼ ਗੁਟਕਾ ਸਾਹਿਬ ਅਤੇ ਸੈਂਚੀਆਂ ਹੀ ਨਹੀਂ ਬਲਕਿ ਕੁੱਝ ਹਿੰਦੂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਅਤੇ ਧਾਰਮਕ ਸ਼ਖ਼ਸੀਅਤਾਂ ਨੂੰ ਦਿਤੇ ਜਾਣ ਵਾਲੇ ਸਨਮਾਨ ਚਿੰਨ੍ਹ ਵੀ ਇਸ ਥਾਂ ’ਤੇ ਸੁੱਟੇ ਹੋਏ ਮਿਲੇ ਹਨ।

# ਯੂਰਪੀ ਯੂਨੀਅਨ ਵੱਲੋਂ 800 ਅਰਬ ਯੂਰੋ ਦੀ ਰੱਖਿਆ ਯੋਜਨਾ ਦੀ ਤਜਵੀਜ਼

## ਈਯੂ ਨੇ ਅਮਰੀਕਾ ਵੱਲੋਂ ਰੱਖਿਆ ਸਹਿਯੋਗ ਤੋਂ ਵੱਖ ਹੋਣ ਦੇ ਖ਼ਦਸ਼ੇ ਕਾਰਨ ਮੈਂਬਰ ਮੁਲਕਾਂ ਦੀ ਸੁਰੱਖਿਆ ਲਈ ਕਦਮ ਚੁੱਕਿਆ



ਬਰੱਸਲਜ਼ : ਯੂਰਪੀ ਯੂਨੀਅਨ (ਈਯੂ) ਦੀ ਕਾਰਜਕਾਰੀ ਮੁਖੀ ਨੇ ਅੱਜ ਮੈਂਬਰ ਮੁਲਕਾਂ ਦੀ ਸੁਰੱਖਿਆ ਵਧਾਉਣ ਲਈ 800 ਅਰਬ ਯੂਰੋ (841 ਅਰਬ ਡਾਲਰ) ਦੀ ਯੋਜਨਾ ਦੀ ਤਜਵੀਜ਼ ਪੇਸ਼ ਕੀਤੀ। ਇਸ ਦਾ ਮਕਸਦ ਅਮਰੀਕਾ ਦੇ ਰੱਖਿਆ ਸਹਿਯੋਗ ਤੋਂ ਵੱਖ ਹੋਣ ਦੇ ਸੰਭਾਵੀ ਕਦਮ ਦਾ ਟਾਕਰਾ ਕਰਨਾ ਹੈ ਅਤੇ ਜੰਗ ਨਾਲ ਜੂਝ ਰਹੇ ਯੂਕਰੇਨ ਨੂੰ ਰੂਸ ਨਾਲ ਗੱਲਬਾਤ ਕਰਨ ਲਈ ਸੈਨਿਕ ਬਲ ਮੁਹੱਈਆ ਕਰਨਾ ਹੈ। ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੋਨ ਡੇਰ ਲੇਯੇਨ ਨੇ ਕਿਹਾ ਕਿ ਵੱਡੇ ‘ਰੀਆਰਮ ਯੂਰਪ’ (ਆਰਈਏਆਰਐੱਮ) ਪੈਕੇਜ ਨੂੰ 27 ਯੂਰਪੀ ਯੂਨੀਅਨ ਆਗੂਆਂ ਸਾਹਮਣੇ ਰੱਖਿਆ ਜਾਵੇਗਾ, ਜੋ ਅਮਰੀਕਾ ’ਚ ਵਧਦੀ ਰਾਜਸੀ ਬੇਯਕੀਨੀ ਦੇ ਬਾਅਦ ਵੀਰਵਾਰ ਨੂੰ ਬਰੱਸਲਜ਼ ’ਚ ਇੱਕ ਹੰਗਾਮੀ ਮੀਟਿੰਗ ’ਚ ਮਿਲਣਗੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਰਪ ਮਹਾਂਦੀਪ ਲਈ ਆਪਣੇ ਗੱਠਜੋੜ ਤੇ ਯੂਕਰੇਨ ਦੀ ਰੱਖਿਆ ਦੋਵਾਂ ’ਤੇ ਸਵਾਲ ਉਠਾਏ ਸਨ। ਵਾਨ ਡੇਰ ਲੇਯੇਨ ਨੇ ਕਿਹਾ, “ਮੈਨੂੰ ਉਨ੍ਹਾਂ ਖ਼ਤਰਿਆਂ ਦੀ ਗੰਭੀਰ ਪ੍ਰਕਿਰਤੀ ਬਾਰੇ ਦੱਸਣ ਦੀ ਲੋੜ ਨਹੀਂ ਹੈ, ਜਿਨ੍ਹਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ।” ਯੂਰਪੀ ਯੂਨੀਅਨ ਦੇ ਦੇਸ਼ਾਂ ਦੀ ਦੁਚਿੱਤੀ ਦਾ ਮੁੱਖ ਕਾਰਨ ਪਿਛਲੇ ਦਹਾਕਿਆਂ ’ਚ ਰੱਖਿਆ ’ਤੇ ਵੱਧ ਖਰਚ ਕਰਨ ਦੀ ਇੱਛਾ ਨਾ ਹੋਣਾ ਰਿਹਾ ਹੈ, ਕਿਉਂਕਿ ਉਹ ਅਮਰੀਕੀ ਸੁਰੱਖਿਆ ਗਾਰੰਟੀ ਦੀ ਛੱਤਰੀ ਹੇਠ ਸਨ।

# ਸੰਗਰੂਰ ’ਚ ਮੁੱਖ ਮੰਤਰੀ ਦੀ ਕੋਠੀ ਅੱਗੇ ਬੇਰੁਜ਼ਗਾਰਾਂ ਅਤੇ ਪੁਲਿਸ ਦਰਮਿਆਨ ਖਿੱਚ-ਧੂਹ

## ਰੁਜ਼ਗਾਰ ਦੀ ਮੰਗ ਕਰਦਿਆਂ ਇੱਕ ਬੇਰੁਜ਼ਗਾਰ ਦੀ ਪੱਗ ਤੇ ਲੜਕੀਆਂ ਦੀਆਂ ਚੁੰਨੀਆਂ ਲੱਥੀਆਂ; ਡੀਐਸਪੀ ਦੀ ਵਰਦੀ ਦਾ ਬੈਜ ਉਖੜਿਆ





ਸੰਗਰੂਰ : ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਬੇਰੁਜ਼ਗਾਰਾਂ ਅਤੇ ਪੁਲੀਸ ਦਰਮਿਆਨ ਝੜਪ ਹੋਈ ਜਿਸ ਦੌਰਾਨ ਇੱਕ ਬੇਰੁਜ਼ਗਾਰ ਦੀ ਪੱਗ, ਕਈ ਮਹਿਲਾ ਬੇਰੁਜ਼ਗਾਰ ਅਧਿਆਪਕਾਂ ਦੀਆਂ ਚੁੰਨੀਆਂ ਲੱਥ ਗਈਆਂ ਅਤੇ ਇੱਕ ਡੀਐਸਪੀ ਦੀ ਵਰਦੀ ਦਾ ਬੈਜ ਵੀ ਉਖੜ ਗਿਆ। ਖਿੱਚ-ਧੂਹ ਦੌਰਾਨ ਪੁਲੀਸ ਪੰਜ ਪ੍ਰਦਰਸ਼ਨਕਾਰੀ ਲੜਕੀਆਂ ਸਮੇਤ ਅੱਠ ਬੇਰੁਜ਼ਗਾਰਾਂ ਨੂੰ ਜਬਰੀ ਧੂਹ ਕੇ ਲੈ ਗਈ ਅਤੇ ਹਿਰਾਸਤ ’ਚ ਲੈ ਕੇ ਬੱਸ ’ਚ ਬਿਠਾ ਲਿਆ। ਇੱਕ ਪ੍ਰਦਰਸ਼ਨਕਾਰੀ ਲੜਕੀ ਨੂੰ ਤਾਂ ਪੁਲੀਸ ਨੇ ਲੱਤਾਂ-ਬਾਹਾਂ ਤੋਂ ਫੜ ਘਸੀਟਦਿਆਂ ਜਬਰੀ ਹਿਰਾਸਤ ’ਚ ਲਿਆ। ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੁਲੀਸ ਨੂੰ ਭਾਰੀ ਜਦੋਜਹਿਦ ਕਰਨੀ ਪਈ।

ਇਹ ਬੇਰੁਜ਼ਗਾਰ ਸਾਂਝੇ ਮੋਰਚੇ ਦੀ ਅਗਵਾਈ ਹੇਠ ਬੇਰੁਜ਼ਗਾਰ ਸਿੱਖਿਆ ਅਤੇ ਸਿਹਤ ਵਿਭਾਗ ਵਿਚ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਪੰਜਾਬ ਭਰ ਤੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਸਨ। ਬੇਰੁਜ਼ਗਾਰ ਸਥਾਨਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਜਿਥੋਂ ਰੋਸ ਮਾਰਚ ਕਰਦੇ ਹੋਏ ਮੁੱਖ ਮਤਰੀ ਦੀ ਕੋਠੀ ਵੱਲ ਵਧ ਰਹੇ ਸੀ ਪਰੰਤੂ ਪੁਲੀਸ ਨੇ ਸਖਤ ਨਾਕੇਬੰਦੀ ਕਰਕੇ ਬੇਰੁਜ਼ਗਾਰਾਂ ਨੂੰ ਰੋਕ ਲਿਆ। ਇਸ ਦੌਰਾਨ ਪੁਲੀਸ ਨਾਲ ਖਿੱਚਧੂਹ ਹੋਈ। ਬੇਰੁਜ਼ਗਾਰ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦੀ ਮੰਗ ਕਰ ਰਹੇ ਸਨ ਪਰੰਤੂ ਪ੍ਰਸ਼ਾਸ਼ਨ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਤੋਂ ਅਸਮਰੱਥ ਸੀ। ਬੇਰੁਜ਼ਗਾਰਾਂ ਨੇ ਮੁੜ ਜਬਰੀ ਅੱਗੇ ਵਧਣ ਦਾ ਯਤਨ ਕੀਤਾ ਅਤੇ ਪੁਲੀਸ ਨਾਲ ਧੱਕਾ-ਮੁੱਕੀ ਹੋਈ। ਪ੍ਰਦਰਸ਼ਨਕਾਰੀਆਂ ਦੀ ਮੰਗ ’ਤੇ ਹਿਰਾਸਤ ’ਚ ਲਏ ਸਾਥੀਆਂ ਨੂੰ ਪੁਲੀਸ ਨੂੰ ਛੱਡ ਦਿੱਤਾ ਗਿਆ। ਆਖ਼ਰਕਾਰ ਪ੍ਰਸ਼ਾਸ਼ਨ ਵਲੋਂ ਕੈਬਨਿਟ ਸਬ ਕਮੇਟੀ ਨਾਲ 5 ਮਾਰਚ ਦੀ ਮੀਟਿੰਗ ਨਿਸ਼ਚਿਤ ਕਰਵਾਈ ਜਿਸ ਮਗਰੋਂ ਪ੍ਰਦਰਸ਼ਨਕਾਰੀ ਸਾਂਤ ਹੋਏ ਅਤੇ ਰੋਸ ਧਰਨਾ ਸਮਾਪਤ ਕੀਤਾ।

# ਅਧਿਆਪਕ ਭਰਤ ਤਲਵਾੜ ਪੂਰੇ ਪੰਜਾਬ ’ਚ ਪਹਿਲਾ ਸਥਾਨ ਪ੍ਰਾਪਤ ਕਰਨ ਉਪਰੰਤ ਹੋਏ ਸਨਮਾਨਿਤ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਦੁਆਰਾ ਲਗਾਏ ਜਾ ਰਹੇ ਪੰਜਾਬ ਦੇ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ ਸਹਿਬਾਨ ਦੇ ਲਗਾਏ ਜਾ ਰਹੇ ਓਰੀਐਂਟੇਸ਼ਨ ਕੋਰਸ ਅਤੇ ਟਰੇਨਿੰਗ ਪ੍ਰੋਗਰਾਮ ਤਹਿਤ ਪੰਜਾਬ ਸਰਕਾਰ ਨੇ ਸਾਰੇ ਪੰਜਾਬ ਦੇ ਬਿਹਤਰੀਨ ਚੁਣੇ ਹੋਏ ਸਾਇੰਸ ਵਿਸ਼ੇ ਦੇ 105 ਅਧਿਆਪਕ ਸਹਿਬਾਨ ਜਿਸ ਵਿੱਚੋਂ ਹੁਸ਼ਿਆਰਪੁਰ ਜਿਲ੍ਹੇ ਦੇ 5 ਅਧਿਆਪਕ ਸਹਿਬਾਨ ਅਤੇ ਬਲਾਕ ਨਾਡਲ ਕੌਰਡੀਨੇਟਰ ਸਹਿਬਾਨ ਸ੍ਰੀ ਭਰਤ ਤਲਵਾੜ ਜੀ ਬੀ ਆਰ ਸੀ ਟਾਂਡਾ-1, ਸ੍ਰੀ ਅਨੁਪਮ ਸ਼ਰਮਾ ਜੀ ਬੀ ਆਰ ਸੀ ਗੜ੍ਹਸ਼ੰਕਰ,, ਸ੍ਰੀ ਕੁਲਦੀਪ ਜੀ ਬੀ ਆਰ ਸੀ ਮਾਹਿਲਪੁਰ,, ਸ੍ਰੀ ਭਾਰਤ ਜੀ ਬੀ ਆਰ ਸੀ ਦਸੂਹਾ, ਸ੍ਰੀ ਰਮਾਂ ਕਾਂਤ ਜੀ ਬੀ ਆਰ ਸੀ ਮੁਕੇਰੀਆਂ ਨੂੰ ਚੇਲੇਖੇੜੇ ਕਰਨਾਟਕਾ ਵਿਖੇ ਉੱਚ ਪੱਧਰੀ 10 ਦਿਨ ਦਾ ਸੈਮੀਨਾਰ ਲਗਾਉਣ ਲਈ ਭੇਜਿਆ ਜਿਸ ਤਹਿਤ ਕਰਨਾਟਕਾ ਦੇ ਉੱਚ ਕੋਟੀ ਵਿਗਿਆਨੀਆਂ ਅਤੇ ਪ੍ਰੋਫੈਸਰ ਸਹਿਬਾਨ ਨੇ ਇਹ ਸਾਰੇ ਅਧਿਆਪਕ ਸਹਿਬਾਨ ਨੂੰ ਬਹੁਤ ਹੀ ਉੱਚ ਕੋਟੀ ਦੀ ਟਰੇਨਿੰਗ ਦਿੱਤੀ ਜਿਸ ਦੌਰਾਨ ਅਧਿਆਪਕ ਸਹਿਬਾਨ ਦੇ ਟੈਸਟ ਲਏ ਗਏ ਉਹਨਾਂ ਨੂੰ ਵੱਖ-ਵੱਖ ਪ੍ਰੈਕਟੀਕਲ ਕਰਵਾਏ ਗਏ। ਹਰ ਅਧਿਆਪਕ ਸਹਿਬਾਨ ਦਾ ਪ੍ਰੈਕਟੀਕਲ ਕਰਨ ਦਾ ਤਰੀਕਾ ਅਤੇ ਉਹਨਾਂ ਦੇ ਨਤੀਜੇ ਦੇਖੇ ਗਏ। ਪੜ੍ਹਣ ਪੜ੍ਹਾਉਣ ਦੇ ਤਰੀਕੇ ਦੇਖੇ ਗਏ ਜਿੱਥੇ ਅਧਿਆਪਕ ਸਹਿਬਾਨ ਨੂੰ ਨਵੀਂ ਨਾਲਜ ਦਿੱਤੀ ਗਈ, ਉੱਥੇ ਸਮੂਹ ਅਧਿਆਪਕ ਸਹਿਬਾਨ ਦੀ ਨਾਲਜ ਅਤੇ ਪੜ੍ਹਾਉਣ ਦਾ ਤਰੀਕਾ ਵੀ ਦੇਖਿਆ ਗਿਆ। ਸਾਰੇ ਅਧਿਆਪਕ ਸਹਿਬਾਨ ਨੂੰ ਕਲਚਰਲ ਗਤੀਵਿਧੀਆ ਵੀ ਕਰਵਾਈਆਂ। ਇਹ 10 ਦਿਨ ਦੇ ਦੌਰੇ ਅਨੁਸਾਰ ਰਹਿਣ ਸਹਿਣ ਅਤੇ ਵਤੀਰਾ ਵੀ ਦੇਖਿਆ ਗਿਆ ਜਿਸ ਦੌਰਾਨ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਕੰਧਾਲਾ ਜੱਟਾਂ ਅਤੇ ਬੀ ਆਰ ਸੀ ਟਾਂਡਾ-1 ਨੇ ਪੂਰੇ ਪੰਜਾਬ ਦੇ ਅਧਿਆਪਕ ਵਰਗ ਵਿੱਚੋਂ ਆਪਣੀ 10 ਦਿਨ ਦੀ ਪਰਫਾਰਮੈਂਸ ਦੇ ਆਧਾਰ ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸ੍ਰੀ ਭਰਤ ਤਲਵਾੜ ਸਾਇੰਸ ਮਾਸਟਰ ਨੂੰ ਉਹਨਾਂ ਦੇ ਪਿਤਰੀ ਸਕੂਲ ਸਰਕਾਰੀ ਹਾਈ ਸਕੂਲ ਕੰਧਾਲਾ ਜੱਟਾਂ ਵਿਖੇ ਉਹਨਾਂ ਦੇ ਸਮੂਹ ਸਟਾਫ ਮੈਂਬਰ ਸਕੂਲ ਦੇ ਇੰਚਾਰਜ ਐਸ ਐਸ ਮਿਸਟ੍ਰੈਸ ਸ਼੍ਰੀਮਤੀ ਮਨਜੀਤ ਕੌਰ ਜੀ, ਹਿੰਦੀ ਮਿਸਟ੍ਰੈਸ ਸ਼੍ਰੀਮਤੀ ਰੀਨਾ ਸ਼ਰਮਾ ਜੀ, ਪੰਜਾਬੀ ਮਾਸਟਰ ਸ਼੍ਰੀ ਹਰਦੀਪ ਸਿੰਘ ਜੀ, ਕੰਪਿਊਟਰ ਅਧਿਆਪਕ ਸ਼੍ਰੀ ਰਾਜਵਿੰਦਰ ਸਿੰਘ ਸ਼ਾਹੀ ਜੀ, ਅੰਗਰੇਜ਼ੀ ਮਿਸਟ੍ਰੈਸ ਸ਼੍ਰੀਮਤੀ ਗੁਰਬਖਸ਼ ਕੌਰ ਜੀ, ਗਣਿਤ ਅਧਿਆਪਕ ਸ਼੍ਰੀ ਨਿਰਮਲ ਕੁਮਾਰ ਜੀ, ਸਕੂਲ ਦੇ ਖੇਡਾਂ ਦੇ ਅਧਿਆਪਕ ਡੀ ਪੀ ਈ ਮੈਡਮ ਸ਼੍ਰੀਮਤੀ ਗੁਰਪ੍ਰੀਤ ਕੌਰ ਜੀ ਨੇ ਉਚੇਚੇ ਤੌਰ ਤੇ ਸਨਮਾਨਿਤ ਕੀਤਾ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਨੰ. ਨਾਮ ਮੁਲਾਜ਼ਮ ਤਰੱਕੀ ਦੀ ਰਕਮ ਗ੍ਰੇਡ ਤਨਖਾਹ ਸਾਲ 1936-37 ਲਈ ਨੰ. 1 ਨਾਮ ਮੁਲਾਜ਼ਮ ਸ੍. ਲਾਲ ਸਿੰਘ ਜੀ ਮੀਤ, ਤਰੱਕੀ ਦੀ ਰਕਮ 7/-, ਗ੍ਰੇਡ 100-7-175 ਤਨਖਾਹ ਸਾਲ ਲਈ 137/-, ਨੰ. 2. ਨਾਮ ਮੁਲਾਜ਼ਮ ਸ੍. ਹਰਨਾਮ ਸਿੰਘ ਜੀ ਸੁਪਰਡੈਂਟ, ਤਰੱਕੀ ਦੀ ਰਕਮ 13/-, ਗ੍ਰੇਡ 75-5-100, ਤਨਖਾਹ ਸਾਲ 1936-37 ਲਈ 75/-, ਨੰ. 3. ਨਾਮ ਮੁਲਾਜ਼ਮ ਸ੍. ਤੇਜਾ ਸਿੰਘ ਜੀ ਅਕਾਊਂਟੈਂਟ, ਤਰੱਕੀ ਦੀ ਰਕਮ 5/-, ਗ੍ਰੇਡ 55-4-75, ਤਨਖਾਹ ਸਾਲ 1936-37 ਲਈ 50/-, ਨੰ. 4. ਨਾਮ ਮੁਲਾਜ਼ਮ ਸ੍. ਗੁਰਦਿਆਲ ਸਿੰਘ ਜੀ ਖਜ਼ਾਨਚੀ, ਤਰੱਕੀ ਦੀ ਰਕਮ 1/-, ਗ੍ਰੇਡ 3/-, ਤਨਖਾਹ ਸਾਲ 1936-37 ਲਈ 50/-, ਨੰ. 5, ਨਾਮ ਮੁਲਾਜ਼ਮ ਸ੍. ਕਿਸ਼ਨ ਸਿੰਘ ਜੀ ਰੀ. ਕੀਪਰ, ਤਰੱਕੀ ਦੀ ਰਕਮ 3/-, ਗ੍ਰੇਡ 35-3-50, ਤਨਖਾਹ ਸਾਲ 1936-37 ਲਈ 49/-, ਨੰ. 6, ਨਾਮ ਮੁਲਾਜ਼ਮ ਸ੍. ਸੋਹਣ ਸਿੰਘ ਜੀ ਟਾਈਪਿਸਟ, ਤਰੱਕੀ ਦੀ ਰਕਮ 1/-, ਗ੍ਰੇਡ 35-3-50, ਤਨਖਾਹ ਸਾਲ 1936-37 ਲਈ 50/-, ਨੰ. 7, ਨਾਮ ਮੁਲਾਜ਼ਮ ਸ੍. ਪ੍ਰੀਤਮ ਸਿੰਘ ਜੀ, ਤਰੱਕੀ ਦੀ ਰਕਮ 5/-, ਗ੍ਰੇਡ 35-3-50, ਤਨਖਾਹ ਸਾਲ 1936-37 ਲਈ 35/-, ਨੰ. 8, ਨਾਮ ਮੁਲਾਜ਼ਮ ਸ੍. ਵਾਸਦੇਵ ਸਿੰਘ ਜੀ ਡਿਸਪੈਚਰ, ਤਰੱਕੀ ਦੀ ਰਕਮ 1/- ਗ੍ਰੇਡ 35-3-50, ਤਨਖਾਹ ਸਾਲ 1936-37 ਲਈ 43/-, ਨੰ. 9, ਨਾਮ ਮੁਲਾਜ਼ਮ ਸ੍. ਰਵੇਲ ਸਿੰਘ ਜੀ ਰੀ. ਕਲਰਕ, ਤਰੱਕੀ ਦੀ ਰਕਮ 5/-, ਗ੍ਰੇਡ 35-3-50, ਤਨਖਾਹ ਸਾਲ 1936-37 ਲਈ 35/-, ਨੰ. 10, ਨਾਮ ਮੁਲਾਜ਼ਮ ਸ੍. ਜੈਮਲ ਸਿੰਘ ਗੁਰਦੁਆਰਾ ਇੰਸਪੈਕਟਰ, ਤਰੱਕੀ ਦੀ ਰਕਮ 5/-, ਗ੍ਰੇਡ 55-4-75, ਤਨਖਾਹ ਸਾਲ 1936-37 ਲਈ 55/-, ਨੰ. 11, ਨਾਮ ਮੁਲਾਜ਼ਮ ਸ੍. ਕਰਤਾਰ ਸਿੰਘ ਜੀ ਇੰਸਪੈਕਟਰ, ਤਰੱਕੀ ਦੀ ਰਕਮ 2/-, ਗ੍ਰੇਡ 35-3-50, ਤਨਖਾਹ ਸਾਲ 1936-37 ਲਈ 50/-, ਨੰ. 12, ਨਾਮ ਮੁਲਾਜ਼ਮ ਸ੍. ਜਸਵੰਤ ਸਿੰਘ ਜੀ ਇੰਸਪੈਕਟਰ, ਤਰੱਕੀ ਦੀ ਰਕਮ 5/- ਗ੍ਰੇਡ 35-3-50, ਤਨਖਾਹ ਸਾਲ 1936-37 ਲਈ 50/-, ਨੰ. 13, ਨਾਮ ਮੁਲਾਜ਼ਮ ਭਾ. ਚੰਨਣ ਸਿੰਘ ਜੀ ਸਾਈਕਲਿਸਟ, ਤਰੱਕੀ ਦੀ ਰਕਮ 1/-, ਗ੍ਰੇਡ 20-1-25, ਤਨਖਾਹ ਸਾਲ 1936-37 ਲਈ 21, ਨੰ. 14, ਨਾਮ ਮੁਲਾਜ਼ਮ ਭ. ਭਗਵਾਨ ਸਿੰਘ ਜੀ ਸੇਵਾਦਾਰ, ਤਰੱਕੀ ਦੀ ਰਕਮ 1/-, ਗ੍ਰੇਡ 20-1-25, ਤਨਖਾਹ ਸਾਲ 1936-37 ਲਈ 21/-, ਨੰ. 15, ਨਾਮ ਮੁਲਾਜ਼ਮ ਭਾ. ਕਰਮ ਸਿੰਘ ਜੀ ਸੇਵਾਦਾਰ, ਤਰੱਕੀ ਦੀ ਰਕਮ 1/, ਗ੍ਰੇਡ 20-1-25, ਤਨਖਾਹ ਸਾਲ 1936-37 ਲਈ 21, ਨੰ. 16, ਨਾਮ ਭਾ. ਬਹਾਦਰ ਸਿੰਘ ਜੀ ਸੇਵਾਦਾਰ, ਤਰੱਕੀ ਦੀ ਰਕਮ 1/-, ਗ੍ਰੇਡ 20-1-25, ਤਨਖਾਹ ਸਾਲ 1936-37 ਲਈ 21, ਨੰ. 17, ਨਾਮ ਮੁਲਾਜ਼ਮ ਭਾ ਨਿਰਭੈ ਸਿੰਘ ਜੀ ਸੇਵਾਦਾਰ, ਤਰੱਕੀ ਦੀ ਰਕਮ 1/-, ਗ੍ਰੇਡ 20-1-25, ਤਨਖਾਹ ਸਾਲ 1936-37 ਲਈ 21, ਨੰ. 18, ਨਾਮ ਮੁਲਾਜ਼ਮ ਭਾ. ਹਰਨਾਮ ਸਿੰਘ ਜੀ ਸੇਵਾਦਾਰ, ਤਰੱਕੀ ਦੀ ਰਕਮ 1/-, ਗ੍ਰੇਡ 20-1-25, ਤਨਖਾਹ ਸਾਲ 1936-37 ਲਈ 16/-, ਨੰ. 19, ਨਾਮ ਮੁਲਾਜ਼ਮ ਸ੍. ਗੰਗਾ ਸਿੰਘ ਜੀ ਪ੍ਰਿੰਸੀਪਲ ਮਿਸ਼ਨਰੀ ਕਾਲਜ, ਤਰੱਕੀ ਦੀ ਰਕਮ 10/-, ਗ੍ਰੇਡ 189-10-250, ਤਨਖਾਹ ਸਾਲ 1936-37 ਲਈ 160/-, ਨੰ. 20, ਨਾਮ ਮੁਲਾਜ਼ਮ ਗਿ. ਗੁਰਬਚਨ ਸਿੰਘ ਅਧਿਆਪਕ ਮਿਸ਼ਨਰੀ ਕਾਲਜ, ਤਰੱਕੀ ਦੀ ਰਕਮ 3/-, ਗ੍ਰੇਡ 55-3-70, ਤਨਖਾਹ ਸਾਲ 1936-37 ਲਈ 62/-,




**ਗੁਰਦੁਆਰਾ ਗਜ਼ਟ ਅੰਮ੍ਰਿਤਸਰ (48) 1936**

ਨੰ. 21, ਨਾਮ ਮੁਲਾਜ਼ਮ ਸ੍. ਗੁਰਦਾਸ ਸਿੰਘ, ਤਰੱਕੀ ਦੀ ਰਕਮ 3/-, ਗ੍ਰੇਡ 35-3-50, ਤਨਖਾਹ ਸਾਲ 1936-37 ਲਈ 44/-

ਨੰ. 22, ਨਾਮ ਮੁਲਾਜ਼ਮ ਭਾ. ਟਹਿਲ ਸਿੰਘ ਜੀ ਸੇਵਾਦਾਰ ਮਿਸ਼ਨਰੀ ਕਾਲਜ, ਤਰੱਕੀ ਦੀ ਰਕਮ 2/-, ਗ੍ਰੇਡ 35-3-50, ਤਨਖਾਹ ਸਾਲ 1936-37 ਲਈ 14/-,

(ਚਲਦਾ)



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

6. **ਸ਼ੂਗਰ** : ਜੇ ਤੁਹਾਨੂੰ ਡਾਇਬੀਟੀਜ਼ ਦੇ ਲੱਛਣ ਹੋਣਜਾਂ ਪਰਿਵਾਰਕ ਪਿਛੋਕੜ ਹੋਵੇ।

**ਔਰਤਾਂ ਲਈ (ਉੱਪਰ ਲਿਖੇ ਟੈਸਟਾਂ ਦੇ ਨਾਲ ਨਾਲ) :**

1. ਸੈਲਫ਼ ਬਰੈਸਟ ਟੈਸਟ (ਆਪ ਖ਼ੁਦ ਛਾਤੀ ਦੀ ਜਾਂਚ) : ਹਰ ਮਹੀਨੇ।
2. **ਪੈਪ ਟੈਸਟ** : 21 ਸਾਲ ਦੀ ਉਮਰ ਤੋਂ ਬਾਅਦ, ਹਰ ਤਿੰਨ ਸਾਲ ਬਾਅਦ।
3. ਮੈਮੋਗ੍ਰਾਮ (ਛਾਤੀਆਂ ਦਾ ਐਕਸ-ਰੇ) : 50 ਸਾਲ ਦੀ ਉਮਰ ਤੋਂ ਬਾਅਦ ਹਰ 1-2 ਸਾਲ ਬਾਅਦ। ਜੇਕਰ ਛਾਤੀ ਦੇ ਕੈਂਸਰ ਦਾ ਪਰਿਵਾਰਿਕ ਪਿਛੋਕੜ ਹੋਵੇ ਤਾਂ ਮੈਮੋਗ੍ਰਾਮ ਜਲਦੀ ਕਰਵਾਓ।

**ਹਵਾਈ ਸਫ਼ਰ ਅਤੇ ਸਿਹਤ**

1. ਆਪਣੇ ਬੈਗ ਵਿੱਚ ਆਪਣੀ ਦਵਾਈ ਰੱਖਣੀ ਨਾ ਭੁੱਲੋ।
2. ਜੇਕਰ ਤੁਸੀਂ ਸ਼ੂਗਰ ਲਈ ਇੰਸੁਲਿਨ ਦੇ ਟੀਕੇ ਵਰਤਦੇ ਹੋ ਤਾਂ ਟੀਕਿਆਂ ਨੂੰ ਹਵਾਈ ਜਹਾਜ਼ ਵਿੱਚ ਲਿਜਾਣ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਜ਼ਰੂਰ ਲਵੋ।
3. ਸਫ਼ਰ ਕਰਨ ਤੋਂ ਜੇਕਰ ਦੋ ਹਫ਼ਤੇ ਪਹਿਲਾਂ ਤੁਹਾਨੂੰ ਦਿਲ ਦਾ ਅਟੈਕ ਹੋਇਆ ਹੈ ਜਾਂ ਦਿਲ ਦਾ ਅਪਰੇਸ਼ਨ ਹੋਇਆ ਹੈ ਤਾਂ ਸਫ਼ਰ ਨਾ ਕਰੋ।
4. ਸਫ਼ਰ ਦੇ ਦੌਰਾਨ ਜੇਕਰ ਤੁਹਾਨੂੰ ਆਕਸੀਜਨ ਦੀ ਲੋੜ ਹੈ ਤਾਂ ਇਸਦੀ ਇਜਾਜ਼ਤ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਲਵੋ।
5. ਬਹੁਤ ਜ਼ਿਆਦਾ ਸਮੇਂ ਲਈ ਆਪਣੇ ਪਿਸ਼ਾਬ ਨੂੰ ਨਾ ਰੋਕੋ, ਇਸ ਨਾਲ ਇਨਫ਼ੈਕਸ਼ਨ ਹੋ ਸਕਦੀ ਹੈ ਅਤੇ ਗੁਰਦੇ ਦੀ ਪ੍ਰੇਸ਼ਾਨੀ ਹੋ ਸਕਦੀ ਹੈ।
6. ਹਵਾਈ ਸਫ਼ਰ ਕਰਦੇ ਸਮੇਂ ਬਹੁਤ ਜ਼ਿਆਦਾ ਸਮੇਂ ਲਈ ਬੈਠੇ ਰਹਿਣਾ ਪੈਂਦਾ ਹੈ, ਇਸ ਨਾਲ ਲੱਤਾਂ ਵਿੱਚ ਖ਼ੂਨ ਦੀਆਂ ਗਿਲਟੀਆਂ ਬਣ ਸਕਦੀਆਂ ਹਨ, ਜੋ ਖ਼ਤਰਨਾਕ ਹਨ ਕਿਉਂਕਿ ਇਸ ਨਾਲ ਅਚਾਨਕ ਮੌਤ ਵੀ ਹੋ ਸਕਦੀ ਹੈ। ਲੱਤਾਂ ਵਿੱਚ ਖ਼ੂਨ ਦੀਆਂ ਗਿਲਟੀਆਂ ਤੋਂ ਬਚਾਅ ਲਈ ਸਫ਼ਰ ਦੌਰਾਨ, ਹਰ ਦੋ ਘੰਟੇ ਬਾਅਦ ਸੀਟ ਤੋਂ ਉੱਠੋ ਅਤੇ ਚੱਲੋ ਫਿਰੋ।




7. ਜੇਕਰ ਤੁਸੀਂ ਕੋਈ ਵਿਸ਼ੇਸ਼ ਖਾਣਾ ਖਾਂਦੇ ਹੋ ਤਾਂ ਏਅਰ ਲਾਈਨ ਨੂੰ ਸੂਚਿਤ ਕਰੋ, ਜਿਵੇਂ ਸ਼ਾਕਾਹਾਰੀ ਖਾਣਾ ਜਾਂ ਜੇ ਕਿਸੇ ਵਿਸ਼ੇਸ਼ ਖਾਣੇ ਤੋਂ ਤੁਹਾਨੂੰ ਐਲਰਜੀ ਹੋਵੇ।
8. ਕਿਸੇ ਦਵਾਈ ਦੇ ਕਾਰਨ ਜੇ ਤੁਸੀਂ ਵਾਰ-ਵਾਰ ਪਿਸ਼ਾਬ ਕਰਨ ਲਈ ਉੱਠਦੇ ਹੋ ਤਾਂ ਸਾਈਡ ਵਾਲੀ ਸੀਟ ਲੈਣ ਬਾਰੇ ਬੇਨਤੀ ਕਰੋ।
9. ਮਲੇਰੀਆ, ਹੈਪੇਟਾਈਟਸ, ਅਤੇ ਟਾਈਫ਼ੋਇਡ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਸਫ਼ਰ ਕਰਨ ਤੋਂ 4-6 ਹਫ਼ਤੇ ਪਹਿਲਾਂ ਆਪਣੇ ਡਾਕਟਰ ਤੋਂ ਦਵਾਈ ਲਵੋ।
10. ਦਰਦ ਅਤੇ ਮਾਨਸਿਕ ਤਣਾਓ ਦੀਆਂ ਕਈ ਦਵਾਈਆਂ ਲਈ ਡਾਕਟਰਦਾ ਇਜਾਜ਼ਤੀ-ਪੱਤਰ ਜ਼ਰੂਰੀ ਹੋ ਸਕਦਾ ਹੈ।

**ਡਾਕਟਰ ਦੇ ਸਮੇਂ ਦੀ ਸਹੀ ਵਰਤੋਂ**

**ਡਾਕਟਰ ਕੋਲ ਜਾਣ ਤੋਂ ਪਹਿਲਾਂ :**

1. ਜੇਕਰ ਤੁਸੀਂ ਇੱਕ ਤੋਂ ਵੱਧ ਸਰੀਰਕ ਮੁਸ਼ਕਲਾਂ ਦੇ ਸੰਬੰਧ ਵਿੱਚ ਵਿਚਾਰ-ਵਟਾਂਦਰਾ ਕਰਨਾ ਹੈ, ਤਾਂ ਸਾਰੀਆਂ ਸਰੀਰਕ ਮੁਸ਼ਕਲਾਂ ਦੀ ਇੱਕ ਲਿਸਟ ਬਣਾ ਲਓ।
2. ਜੇਕਰ ਤੁਸੀਂ ਹੋਰ ਦਵਾਈਆਂ ਲੈ ਰਹੇ ਹੋਵੋ ਤਾਂ ਦਵਾਈਆਂ ਆਪਣੇ ਕੋਲ ਰੱਖੋ ਜਾਂ ਦਵਾਈਆਂ ਦੀ ਲਿਸਟ ਬਣਾਓ। ਡਾਕਟਰ ਨੂੰ ਇਹ ਜਾਨਣ ਦੀ ਜ਼ਰੂਰਤ ਹੋਵੇਗੀ ਕਿ ਤੁਸੀਂ ਘਰ ਵਿੱਚ ਕਿਹੜੀਆਂ ਦਵਾਈਆਂ ਲੈ ਰਹੇ ਹੋ।
3. ਜੇਕਰ ਤੁਹਾਨੂੰ ਕਿਸੇ ਵੀ ਦਵਾਈ ਤੋਂ ਐਲਰਜੀ ਹੈ, ਇਸਨੂੰ ਲਿਖੋ ਅਤੇ ਡਾਕਟਰ ਕੋਲ ਜਾ ਕੇ ਡਾਕਟਰ ਨੂੰ ਇਹ ਲਿਸਟ ਦਿਓ।
8. ਦਵਾਈ ਡਾਕਟਰ ਦੀ ਹਦਾਇਤ ਅਨੁਸਾਰ ਲਵੋ ਅਤੇ ਕੋਰਸ ਪੂਰਾ ਕਰੋ।

**ਡਾਕਟਰ ਕੋਲ ਜਾ ਕੇ :**

1. ਮੁੱਖ ਮੁਸ਼ਕਲ ਪਹਿਲਾਂ ਦੱਸੋ।
2. ਸਿਹਤ ਬਾਰੇ ਹੀ ਗੱਲ ਕਰੋ ਅਤੇ ਹੋਰ ਵਿਸ਼ਿਆਂ ਵਾਰੇ ਗੱਲ ਕਰ ਕੇ ਆਪਣਾ ਅਤੇ ਡਾਕਟਰ ਦਾ ਸਮਾਂ ਜਾਇਆ ਨਾ ਕਰੋ ।
3. ਜੇਕਰ ਤੁਸੀਂ ਡਾਕਟਰ ਦੀਆਂ ਹਦਾਇਤਾਂ ਨੂੰ ਸਮਝ ਨਹੀਂ ਸਕੇ ਤਾਂ ਇਸ ਬਾਰੇ ਦੁਬਾਰਾ ਪੁੱਛੋ।
4. ਦਿੱਤੀਆਂ ਗਈਆਂ ਦਵਾਈਆਂ ਦੇ ਸਾਈਡ ਇਫ਼ੈਕਟਾਂ ਬਾਰੇ ਪੁੱਛੋ।
5. ਡਾਕਟਰ ਨੂੰ ਪੁੱਛੋ ਕਿ ਤੁਹਾਨੂੰ ਦੁਬਾਰਾ ਆਉਣ ਦੀ ਜ਼ਰੂਰਤ ਹੈ ਜਾਂ ਨਹੀਂ।
6. ਬਿਮਾਰੀ ਦੇ ਲੱਛਣਾਂ ਨੂੰ ਠੀਕ ਹੋਣ ਲਈ ਕਿੰਨਾ ਸਮਾਂ ਲੱਗੇਗਾ, ਇਸ ਬਾਬਤ ਪੁੱਛੋ।
7. ਕਿਸੇ ਵੀ ਹੋ ਸਕਣ ਵਾਲੇ ਐਮਰਜੈਂਸੀ ਲੱਛਣਾਂ ਬਾਰੇ ਡਾਕਟਰ ਨੂੰ ਪੁੱਛੋ ।
8. ਦਵਾਈ ਡਾਕਟਰ ਦੀ ਹਦਾਇਤ ਅਨੁਸਾਰ ਲਵੋ ਅਤੇ ਕੋਰਸ ਪੂਰਾ ਕਰੋ।

**ਦਵਾਈਆਂ ਦੀ ਸਹੀ ਵਰਤੋਂ**

**1. ਨਵੀਂ ਦਵਾਈ ਸ਼ੁਰੂ ਕਰਨ ਸਮੇਂ :**

(ੳ) ਕਿਸੇ ਵੀ ਨਵਲ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਕੋਲੋਂ ਦਵਾਈ ਦੇ ਬੁਰੇ ਪ੍ਰਭਾਵਾਂ ਬਾਰੇ ਪੁੱਛੋ।

(ਅ) ਜੇਕਰ ਪਹਿਲਾਂ ਤੁਹਾਨੂੰ ਦਵਾਈ ਨਾਲ ਕਿਸੇ ਵੀ ਐਲਰਜੀ ਦਾ ਰਿਐਕਸ਼ਨ ਹੋਇਆ ਹੈ ਤਾਂ ਇਸਦਾ ਰਿਕਾਰਡ ਆਪਣੇ ਕੋਲ ਰੱਖੋ ਅਤੇ ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ।

(ੲ) ਹਦਾਇਤਾਂ ਬਾਰੇ ਪੂਰੀ ਤਰ੍ਹਾਂ ਪੱਕਾ ਕਰੋ ਕਿ ਦਵਾਈਆਂ ਕਿਵੇਂ ਲੈਣੀਆਂ ਹਨ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਸੁਪਰੀਮ ਕੋਰਟ ਨੇ ਬਿਕਰਮ ਮਜੀਠੀਆ ਨੂੰ ਡਰੱਗਜ਼ ਮਾਮਲੇ ਵਿੱਚ SIT ਅੱਗੇ ਪੇਸ਼ ਹੋਣ ਦਾ ਦਿੱਤਾ ਹੁਕਮ

ਚੰਡੀਗੜ੍ਹ : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਇੱਕ ਹਾਈ-ਪ੍ਰੋਫਾਈਲ ਡਰੱਗਜ਼ ਮਾਮਲੇ ਦੇ ਸਬੰਧ ਵਿੱਚ ਪੁੱਛਗਿੱਛ ਲਈ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਅੱਗੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਹੈ।



ਅਦਾਲਤ ਨੇ ਉਨ੍ਹਾਂ ਨੂੰ 17 ਮਾਰਚ, 2025 ਨੂੰ ਸਵੇਰੇ 11 ਵਜੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ, ਜੇਕਰ ਜਾਂਚ ਟੀਮ ਨੂੰ ਲੋੜ ਹੋਵੇ ਤਾਂ 18 ਮਾਰਚ ਨੂੰ ਉਸੇ ਸਮੇਂ ਪੇਸ਼ ਹੋਣ ਦੇ ਹੋਰ ਨਿਰਦੇਸ਼ ਦਿੱਤੇ ਹਨ। ਇਹ ਹੁਕਮ ਉਦੋਂ ਆਇਆ ਜਦੋਂ ਸੁਪਰੀਮ ਕੋਰਟ ਪੰਜਾਬ ਸਰਕਾਰ ਵੱਲੋਂ ਮਜੀਠੀਆ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ 10 ਅਗਸਤ, 2022 ਨੂੰ ਦਿੱਤੀ ਗਈ ਸੀ।

ਰਾਜ ਨੇ ਜ਼ਮਾਨਤ ਨੂੰ ਚੁਣੌਤੀ ਦਿੱਤੀ ਹੈ, ਅਕਾਲੀ ਆਗੂ ਦੀ ਡਰੱਗ ਰੈਕੇਟ ਮਾਮਲੇ ਵਿੱਚ ਕਥਿਤ ਸ਼ਮੂਲੀਅਤ 'ਤੇ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ, ਜੋ ਕਿ ਦਸੰਬਰ 2021 ਵਿੱਚ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐਨਡੀਪੀਐਸ) ਐਕਟ ਤਹਿਤ ਉਸ ਵਿਰੁੱਧ ਐਫ਼ਈਆਰ ਦਰਜ ਹੋਣ ਤੋਂ ਬਾਅਦ ਜਾਂਚ ਅਧੀਨ ਹੈ।

ਸੁਣਵਾਈ ਦੌਰਾਨ, ਸੁਪਰੀਮ ਕੋਰਟ ਨੇ ਮਜੀਠੀਆ ਨੂੰ ਐਸਆਈਟੀ ਨਾਲ ਪੂਰਾ ਸਹਿਯੋਗ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਜੋ ਕਿ ਨਸ਼ਾ ਵਿਰੋਧੀ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਦੀ 2018 ਦੀ ਰਿਪੋਰਟ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਅਦਾਲਤ ਨੇ ਜ਼ਮਾਨਤ ਰੱਦ ਕਰਨ ਦੀ ਪਟੀਸ਼ਨ ਦੀ ਅਗਲੀ ਸੁਣਵਾਈ 24 ਮਾਰਚ, 2025 ਲਈ ਨਿਰਧਾਰਤ ਕੀਤੀ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਪੁੱਛਗਿੱਛ ਵਿੱਚ ਹੋਰ ਵਿਕਾਸ ਇਸਦੇ ਫੈਸਲੇ ਨੂੰ ਪ੍ਰਭਾਵਤ ਕਰ ਸਕਦਾ ਹੈ।

ਮਜੀਠੀਆ, ਇੱਕ ਪ੍ਰਮੁੱਖ ਅਕਾਲੀ ਆਗੂ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਾਲਾ ਇਸ ਕਾਨੂੰਨੀ ਲੜਾਈ ਵਿੱਚ ਇੱਕ ਵਿਵਾਦਪੂਰਨ ਸ਼ਖ਼ਸੀਅਤ ਰਿਹਾ ਹੈ। ਉਸ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਪਹਿਲਾਂ ਪੰਜ ਮਹੀਨੇ ਤੋਂ ਵੱਧ ਸਮਾਂ ਪਟਿਆਲਾ ਜੇਲ੍ਹ ਵਿੱਚ ਬਿਤਾਇਆ ਸੀ। ਪੰਜਾਬ ਸਰਕਾਰ ਨੇ ਵਾਰ-ਵਾਰ ਉਸ 'ਤੇ ਜਾਂਚ ਵਿੱਚ ਸਹਿਯੋਗ ਨਾ ਕਰਨ ਦਾ ਦੋਸ਼ ਲਗਾਇਆ ਹੈ, ਜਿਸ ਦੋਸ਼ ਨੂੰ ਮਜੀਠੀਆ ਅਤੇ ਉਸ ਦੀ ਕਾਨੂੰਨੀ ਟੀਮ ਨੇ ਨਕਾਰ ਦਿੱਤਾ ਹੈ, ਇਸ ਮਾਮਲੇ ਨੂੰ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਦੱਸਿਆ ਹੈ। ਸੁਪਰੀਮ ਕੋਰਟ ਦਾ ਨਿਰਦੇਸ਼ ਪੰਜਾਬ ਸਰਕਾਰ ਅਤੇ ਅਕਾਲੀ ਆਗੂ ਵਿਚਕਾਰ ਚੱਲ ਰਹੇ ਤਣਾਅ ਨੂੰ ਉਜਾਗਰ ਕਰਦਾ ਹੈ, ਜਿਸ ਵਿੱਚ ਰਾਜ ਨਸ਼ਿਆਂ ਦੇ ਮਾਮਲੇ ਵਿੱਚ ਸਖ਼ਤ ਕਾਰਵਾਈ ਲਈ ਜ਼ੋਰ ਦੇ ਰਿਹਾ ਹੈ। ਐਸਆਈਟੀ ਪੁੱਛਗਿੱਛ ਅਤੇ 24 ਮਾਰਚ ਦੀ ਸੁਣਵਾਈ ਦਾ ਨਤੀਜਾ ਇਸ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਵਿੱਚ ਮਜੀਠੀਆ ਦੀ ਕਾਨੂੰਨੀ ਸਥਿਤੀ ਨੂੰ ਨਿਰਧਾਰਤ ਕਰਨ ਵਿੱਚ ਮਹੱਤਵਪੂਰਨ ਸਾਬਤ ਹੋ ਸਕਦਾ ਹੈ।

# ਸ਼ੇਅਰ ਬਾਜ਼ਾਰ 'ਧੋਖਾਧੜੀ' ਮਾਮਲੇ 'ਚ ਸੇਬੀ ਦੇ ਸਾਬਕਾ ਮੁਖੀ ਬੁਚ ਸਮੇਤ 5 ਹੋਰਾਂ ਵਿਰੁਧ ਐਫ.ਆਈ.ਆਰ. ਦਰਜ ਕਰਨ ਦੇ ਹੁਕਮ

## *ਹੁਕਮ ਨੂੰ ਚੁਨੌਤੀ ਦੇਣ ਲਈ ਉਚਿਤ ਕਾਨੂੰਨੀ ਕਦਮ ਚੁਕਾਂਗੇ : ਸੇਬੀ*

ਮੁੰਬਈ ਇਕ ਵਿਸ਼ੇਸ਼ ਅਦਾਲਤ ਨੇ ਭ੍ਰਿਸ਼ਟਾਚਾਰ ਰੋਕੂ ਬਿਊਰੋ (ਏ.ਸੀ.ਬੀ.) ਨੂੰ ਸੇਬੀ ਦੀ ਸਾਬਕਾ ਚੇਅਰਪਰਸਨ ਮਾਧਬੀ ਪੁਰੀ ਬੁਚ ਅਤੇ ਪੰਜ ਹੋਰ ਅਧਿਕਾਰੀਆਂ ਵਿਰੁਧ ਸ਼ੇਅਰ ਬਾਜ਼ਾਰ 'ਚ ਕਥਿਤ ਧੋਖਾਧੜੀ ਅਤੇ ਰੈਗੂਲੇਟਰੀ ਉਲੰਘਣਾ ਦਾ ਮਾਮਲਾ ਦਰਜ ਕਰਨ ਦਾ ਹੁਕਮ ਦਿਤਾ ਹੈ। ਮੁੰਬਈ ਦੀ ਵਿਸ਼ੇਸ਼ ਏ.ਸੀ.ਬੀ. ਅਦਾਲਤ ਦੇ ਜੱਜ ਸ਼ਸ਼ੀਕਾਂਤ ਏਕਨਾਥਰਾਓ ਬੰਗੜ ਨੇ ਸਨਿਚਰਵਾਰ ਨੂੰ ਜਾਰੀ ਹੁਕਮ 'ਚ ਕਿਹਾ, "ਪਹਿਲੀ ਨਜ਼ਰ 'ਚ ਰੈਗੂਲੇਟਰੀ ਖਾਮੀਆਂ ਅਤੇ ਮਿਲੀਭੁਗਤ ਦੇ ਸਬੂਤ ਹਨ, ਜਿਸ ਦੀ ਨਿਰਪੱਖ ਜਾਂਚ ਦੀ ਲੋੜ ਹੈ।" ਅਦਾਲਤ ਨੇ ਕਿਹਾ ਕਿ ਉਹ ਜਾਂਚ ਦੀ ਨਿਗਰਾਨੀ ਕਰੇਗੀ ਅਤੇ 30 ਦਿਨਾਂ ਦੇ ਅੰਦਰ ਸਥਿਤੀ ਰੀਪੋਰਟ ਮੰਗੀ ਹੈ। ਅਦਾਲਤ ਨੇ ਹੁਕਮ 'ਚ ਇਹ ਵੀ ਨੋਟ ਕੀਤਾ ਕਿ ਦੋਸ਼ ਇਕ ਸੰਗੀਨ ਅਪਰਾਧ ਦਾ ਸੁਝਾਅ ਦਿੰਦੇ ਹਨ ਜਿਸ ਲਈ ਜਾਂਚ ਜ਼ਰੂਰੀ ਹੈ।



ਇਸ ਵਿਚ ਕਿਹਾ ਗਿਆ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਭਾਰਤੀ ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ (ਸੇਬੀ) ਦੀ ਅਸਫਲਤਾ ਕਾਰਨ ਸੀ.ਆਰ.ਪੀ.ਸੀ. (ਅਪਰਾਧਕ ਪ੍ਰਕਿਰਿਆ ਜ਼ਾਬਤਾ) ਦੀਆਂ ਧਾਰਾਵਾਂ ਤਹਿਤ ਨਿਆਂਇਕ ਦਖ਼ਲ ਦੀ ਜ਼ਰੂਰਤ ਹੈ। ਬੁਚ ਤੋਂ ਇਲਾਵਾ ਅਦਾਲਤ ਨੇ ਜਿਨ੍ਹਾਂ ਹੋਰ ਅਧਿਕਾਰੀਆਂ ਵਿਰੁਧ ਐਫ.ਆਈ.ਆਰ. ਦਰਜ ਕਰਨ ਦਾ ਹੁਕਮ ਦਿਤਾ ਹੈ, ਉਨ੍ਹਾਂ 'ਚ ਬੀ.ਐਸ.ਈ. ਦੇ ਪ੍ਰਬੰਧ ਨਿਰਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਸੁੰਦਰਰਮਨ ਰਾਮਮੂਰਤੀ, ਇਸ ਦੇ ਤਤਕਾਲੀ ਚੇਅਰਮੈਨ ਅਤੇ ਜਨਹਿੱਤ ਨਿਰਦੇਸ਼ਕ ਪ੍ਰਮੋਦ ਅਗਰਵਾਲ ਅਤੇ ਸੇਬੀ ਦੇ ਤਿੰਨ ਪੂਰੇ ਸਮੇਂ ਦੇ ਮੈਂਬਰ ਅਸ਼ਵਨੀ ਭਾਟੀਆ, ਅਨੰਤ ਨਾਰਾਇਣ ਜੀ. ਅਤੇ ਕਮਲੇਸ਼ ਚੰਦਰ ਵਰਸ਼ਨੇ ਸ਼ਾਮਲ ਹਨ।


ਸ਼ਿਕਾਇਤਕਰਤਾ ਸਪਨ ਸ਼੍ਰੀਵਾਸਤਵ, ਜੋ ਇਕ ਮੀਡੀਆ ਰੀਪੋਰਟਰ ਹੈ, ਨੇ ਵੱਡੇ ਪੱਧਰ 'ਤੇ ਵਿੱਤੀ ਧੋਖਾਧੜੀ, ਰੈਗੂਲੇਟਰੀ ਉਲੰਘਣਾ ਅਤੇ ਭ੍ਰਿਸ਼ਟਾਚਾਰ ਸਮੇਤ ਕਥਿਤ ਅਪਰਾਧਾਂ ਦੀ ਜਾਂਚ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਕਿ ਸੇਬੀ ਦੇ ਅਧਿਕਾਰੀ ਅਪਣੀ ਕਾਨੂੰਨੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੇ, ਬਾਜ਼ਾਰ ਵਿਚ ਹੇਰਾਫੇਰੀ ਨੂੰ ਉਤਸ਼ਾਹਤ ਕੀਤਾ ਅਤੇ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਨਾ ਕਰਨ ਵਾਲੀ ਕੰਪਨੀ ਨੂੰ ਸੂਚੀਬੱਧ ਕਰਨ ਦੀ ਇਜਾਜ਼ਤ ਦੇ ਕੇ ਕਾਰਪੋਰੇਟ ਧੋਖਾਧੜੀ ਦਾ ਰਾਹ ਖੋਲ੍ਹਿਆ। ਸ਼ਿਕਾਇਤਕਰਤਾ ਨੇ ਕਿਹਾ ਕਿ ਕਈ ਵਾਰ ਥਾਣੇ ਅਤੇ ਸਬੰਧਤ ਰੈਗੂਲੇਟਰੀ ਸੰਸਥਾਵਾਂ ਕੋਲ ਪਹੁੰਚ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ।

ਭਾਰਤ ਦੀ ਪਹਿਲੀ ਮਹਿਲਾ ਸੇਬੀ ਮੁਖੀ ਬੁਚ 'ਤੇ ਅਮਰੀਕਾ ਦੀ ਰੀਸਰਚ ਐਂਡ ਇਨਵੈਸਟਮੈਂਟ ਫਰਮ ਹਿੰਡਨਬਰਗ ਰੀਸਰਚ ਨੇ ਹਿੱਤਾਂ ਦੇ ਟਕਰਾਅ ਦਾ ਦੋਸ਼ ਲਗਾਇਆ ਸੀ। ਸਿਆਸੀ ਤਣਾਅ ਦੇ ਵਿਚਕਾਰ, ਬੁਚ ਨੇ ਸ਼ੁਕਰਵਾਰ ਨੂੰ ਅਪਣਾ ਤਿੰਨ ਸਾਲ ਦਾ ਕਾਰਜਕਾਲ ਪੂਰਾ ਕੀਤਾ। ਸੇਬੀ ਨੇ ਕਿਹਾ ਕਿ ਉਹ ਇਸ ਹੁਕਮ ਨੂੰ ਚੁਨੌਤੀ ਦੇਣ ਲਈ ਉਚਿਤ ਕਾਨੂੰਨੀ ਕਦਮ ਚੁੱਕੇਗਾ ਅਤੇ ਸਾਰੇ ਮਾਮਲਿਆਂ 'ਚ ਉਚਿਤ ਰੈਗੂਲੇਟਰੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਅਦਾਲਤ ਦੇ ਹੁਕਮ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਸੇਬੀ ਨੇ ਇਕ ਬਿਆਨ 'ਚ ਕਿਹਾ, "ਹਾਲਾਂਕਿ ਇਹ ਅਧਿਕਾਰੀ ਸਬੰਧਤ ਸਮੇਂ 'ਤੇ ਅਪਣੇ-ਅਪਣੇ ਅਹੁਦਿਆਂ 'ਤੇ ਨਹੀਂ ਸਨ ਪਰ ਅਦਾਲਤ ਨੇ ਬਿਨਾਂ ਕੋਈ ਨੋਟਿਸ ਜਾਰੀ ਕੀਤੇ ਜਾਂ ਸੇਬੀ ਨੂੰ ਤੱਥਾਂ ਨੂੰ ਰੀਕਾਰਡ 'ਤੇ ਰੱਖਣ ਦਾ ਕੋਈ ਮੌਕਾ ਦਿਤੇ ਬਿਨਾਂ ਅਰਜ਼ੀ ਮਨਜ਼ੂਰ ਕਰ ਲਈ।" ਸੇਬੀ ਦੇ ਬਿਆਨ ਅਨੁਸਾਰ ਬਿਨੈਕਾਰ ਨੂੰ ਇਕ ਬੇਤੁਕੇ ਅਤੇ ਆਦਤ ਵਾਲੇ ਲਿਟਿਗੇਟਰ ਵਜੋਂ ਜਾਣਿਆ ਜਾਂਦਾ ਹੈ, ਜਿਸ ਦੀਆਂ ਪਿਛਲੀਆਂ ਅਰਜ਼ੀਆਂ ਨੂੰ ਅਦਾਲਤ ਨੇ ਰੱਦ ਕਰ ਦਿਤਾ ਸੀ, ਅਤੇ ਕੁੱਝ ਮਾਮਲਿਆਂ 'ਚ ਜੁਰਮਾਨਾ ਵੀ ਲਗਾਇਆ ਸੀ।

# ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਿਆਂ ਨੂੰ ਨਹੀਂ ਬਖ਼ਸ਼ਿਆ ਜਾਵੇਗਾ : ਅਮਿਤ ਸ਼ਾਹ

## ਹੁਣ ਤੱਕ ਅਦਾਲਤਾਂ ਰਾਹੀਂ 29 ਤਸਕਰਾਂ ਨੂੰ ਦੋਸ਼ੀ ਠਹਿਰਾਇਆ ਗਿਆ



ਨਵੀਂ ਦਿੱਲੀ : ਨਸ਼ਿਆ ਵਿਰੁੱਧ ਕੇਂਦਰ ਸਰਕਾਰ ਵੀ ਸਖ਼ਤ ਹੋ ਗਈ ਹੈ। ਨਸ਼ਾ ਮੁਕਤ ਭਾਰਤ ਬਣਾਉਣ ਲਈ ਅਮਿਤ ਸ਼ਾਹ ਨੇ ਆਪਣੇ ਸ਼ੋਸ਼ਲ ਮੀਡੀਆ 'ਤੇ ਲਿਖਿਆ ਹੈ ਕਿ "ਮੋਦੀ ਸਰਕਾਰ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਸਜ਼ਾ ਦੇਣ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਹੈ ਜੋ ਪੈਸੇ ਦੇ ਲਾਲਚ ਲਈ ਸਾਡੇ ਨੌਜਵਾਨਾਂ ਨੂੰ ਨਸ਼ੇ ਦੇ ਹਨੇਰੇ ਖੱਡ ਵਿੱਚ ਧੱਕਦੇ ਹਨ। ਹੇਠਾਂ ਤੋਂ ਉੱਪਰ ਅਤੇ ਉੱਪਰ ਤੋਂ ਹੇਠਾਂ ਤੱਕ ਦੀ ਰਣਨੀਤੀ ਨਾਲ ਇੱਕ ਬੇਵਕੂਫ ਜਾਂਚ ਦੇ ਨਤੀਜੇ ਵਜੋਂ, ਭਾਰਤ ਭਰ 'ਚ 12 ਵੱਖ-ਵੱਖ ਮਾਮਲਿਆਂ 'ਚ ਅਦਾਲਤ ਦੁਆਰਾ 29 ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਅਸੀਂ ਨਸ਼ਾ ਮੁਕਤ ਭਾਰਤ ਬਣਾਉਣ ਲਈ ਨਿਰਮਾਣ ਅਤੇ ਬਾਰੀਕੀ ਨਾਲ ਜਾਂਚਾਂ ਨਾਲ ਨਸ਼ੀਲੇ ਪਦਾਰਥਾਂ ਦੇ ਖ਼ਤਰੇ ਨਾਲ ਲੜਨਾ ਜਾਰੀ ਰੱਖਣ ਦਾ ਵਾਅਦਾ ਕਰਦੇ ਹਾਂ।"

# ਭਾਰਤ ਨੂੰ ਉੱਭਰਦੇ ਸੁਰੱਖਿਆ ਖ਼ਤਰਿਆਂ ਦੇ ਟਾਕਰੇ ਲਈ ਤਿਆਰ ਰਹਿਣ ਦੀ ਲੋੜ: ਰਾਜਨਾਥ

## ਰੱਖਿਆ ਮੰਤਰੀ ਨੇ ਸਾਈਬਰ ਹਮਲੇ, 'ਹਾਈਬ੍ਰਿਡ' ਜੰਗ ਤੇ 'ਪੁਲਾੜ ਅਧਾਰਿਤ ਜਾਸੂਸੀ' ਦੀ ਚੁਣੌਤੀ ਬਾਰੇ ਚੌਕਸ ਕੀਤਾ




ਨਵੀਂ ਦਿੱਲੀ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਿਹਾ ਕਿ ਭਾਰਤ ਦੀ ਸੁਰੱਖਿਆ ਪ੍ਰਣਾਲੀ ਨੂੰ ਸਾਈਬਰ ਤੇ 'ਹਾਈਬ੍ਰਿਡ' ਜੰਗ ਦੇ ਨਾਲ-ਨਾਲ 'ਪੁਲਾੜ ਅਧਾਰਿਤ ਜਾਸੂਸੀ' ਵਰਗੇ ਉੱਭਰਦੇ ਖ਼ਤਰਿਆਂ ਨਾਲ ਨਜਿੱਠਣ ਲਈ ਸਮਰੱਥ ਬਣੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੰਦਰੂਨੀ ਸੁਰੱਖਿਆ ਤੋਂ ਭਾਵ ਸਿਰਫ਼ ਅਤਿਵਾਦ, ਵੱਖਵਾਦੀ ਅੰਦੋਲਨ ਤੇ ਖੱਬੇ-ਪੱਖੀ ਅਤਿਵਾਦ ਵਰਗੇ ਰਵਾਇਤੀ ਖ਼ਤਰਿਆ ਨਾਲ ਹੀ ਨਜਿੱਠਣਾ ਨਹੀਂ ਹੈ ਬਲਕਿ ਇਸ ਦਾ ਮਤਲਬ ਉਨ੍ਹਾਂ ਗ਼ੈਰ-ਰਵਾਇਤੀ ਖ਼ਤਰਿਆਂ ਨਾਲ ਨਜਿੱਠਣ ਦੀ ਤਿਆਰੀ ਕਰਨਾ ਵੀ ਹੈ ਜੋ ਦੇਸ਼ ਦੇ ਆਰਥਿਕ ਅਤੇ ਰਣਨੀਤਕ ਹਿੱਤਾਂ ਨੂੰ ਅਸਥਿਰ ਕਰ ਸਕਦੇ ਹਨ।

ਰਾਜਨਾਥ ਨੇ ਆਖਿਆ, "ਹੁਣ ਦੁਸ਼ਮਣ ਸਿਰਫ ਰਵਾਇਤੀ ਹਥਿਆਰਾਂ ਨਾਲ ਨਹੀਂ ਆਉਂਦੇ ਬਲਕਿ ਸਾਈਬਰ ਹਮਲੇ, ਅਫਵਾਹਾਂ ਅਤੇ ਪੁਲਾੜ ਅਧਾਰਿਤ ਜਾਸੂਸੀ ਨਵੇਂ ਯੁੱਗ ਦੇ ਖ਼ਤਰਿਆਂ ਵਜੋਂ ਉੱਭਰ ਰਹੇ ਹਨ, ਜਿਨ੍ਹਾਂ ਦੇ ਆਧੁਨਿਕ ਹੱਲ ਦੀ ਲੋੜ ਹੈ।" ਰੱਖਿਆ ਮੰਤਰੀ ਰਾਜਨਾਥ ਸਿੰਘ ਰੱਖਿਆ ਖੋਜ ਤੇ ਵਿਕਾਸ ਸੰਗਠਨ (ਡੀਆਰਡੀਓ) ਅਤੇ ਗ੍ਰਹਿ ਮੰਤਰਾਲੇ ਵੱਲੋਂ 'ਅੰਦਰੂਨੀ ਸੁਰੱਖਿਆ ਤੇ ਆਫ਼ਤ ਰਾਹਤ ਕਾਰਜਾਂ ਲਈ ਆਧੁਨਿਕ ਤਕਨੀਕਾਂ' ਵਿਸ਼ੇ 'ਤੇ ਕਰਵਾਏ ਸਾਂਝੇ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਰਾਜਨਾਥ ਨੇ ਕਿਹਾ, "ਆਧੁਨਿਕ ਦੁਨੀਆ 'ਚ ਸੁਰੱਖਿਆ ਚੁਣੌਤੀਆਂ ਤੇਜ਼ੀ ਨਾਲ ਵਧ ਰਹੀਆਂ ਹਨ ਤੇ ਅੰਦਰੂਨੀ ਤੇ ਬਾਹਰੀ ਸੁਰੱਖਿਆ ਖ਼ਤਰਿਆਂ ਵਿਚਾਲੇ ਸਬੰਧ ਵਧ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਾਡੀਆਂ ਸੰਸਥਾਵਾਂ ਪਾਬੰਦੀਆਂ ਤੋੜ ਕੇ ਇੱਕ ਮਜ਼ਬੂਤ ਸੁਰੱਖਿਅਤ ਅਤੇ ਆਤਮਨਿਰਭਰ ਭਾਰਤ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਨ।"

ਰੱਖਿਆ ਮੰਤਰੀ ਮੁਤਾਬਕ ਭਾਰਤ ਦੀ ਕੌਮੀ ਸੁਰੱਖਿਆ ਨੂੰ ਸਮੁੱਚੇ ਤੌਰ 'ਤੇ ਦੇਖਿਆ ਜਾਣਾ ਚਾਹੀਦਾ ਹੈ। ਵੱਖ-ਵੱਖ ਸੁਰੱਖਿਆ ਏਜੰਸੀਆਂ ਦੀਆਂ ਕੋਸ਼ਿਸ਼ਾਂ ਦਾ ਏਕੀਕਰਨ ਕਰਨਾ ਅਤੇ ਆਧੁਨਿਕ ਤਕਨੀਕੀ ਵਿਕਾਸ ਦਾ ਲਾਹਾ ਲੈਣਾ ਚਾਹੀਦਾ ਹੈ। ਰਾਜਨਾਥ ਸਿੰਘ ਨੇ ਕਿਹਾ, "ਡੀਆਰਡੀਓ ਨੇ ਭਾਰਤ ਦੀਆਂ ਰੱਖਿਆ ਸਮਰੱਥਾਵਾਂ ਵਧਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ ਤੇ ਅੰਦਰੂਨੀ ਸੁਰੱਖਿਆ 'ਚ ਇਸ ਦਾ ਯੋਗਦਾਨ ਵੀ ਓਨਾ ਹੀ ਸਲਾਹੁਣਯੋਗ ਹੈ।" ਉਨ੍ਹਾਂ ਨੇ ਡੀਆਰਡੀਓ ਤੇ ਗ੍ਰਹਿ ਮੰਤਰਾਲੇ ਨੂੰ ਅਪੀਲ ਕੀਤੀ ਕਿ ਉਹ ਮਿਲ ਕੇ ਅਜਿਹੇ ਉਤਪਾਦਾਂ ਦੀ ਸੂਚੀ ਤਿਆਰ ਕਰਨ ਜਿਨ੍ਹਾਂ ਨੂੰ ਸਮਾਂਬੱਧ ਤਰੀਕੇ ਨਾਲ ਸਾਂਝੇ ਤੌਰ 'ਤੇ ਵਿਕਸਤ ਅਤੇ ਤਾਇਨਾਤ ਕੀਤਾ ਜਾ ਸਕੇ। ਉਨ੍ਹਾਂ ਆਖਿਆ, "ਸਾਡੇ ਸੁਰੱਖਿਆ ਬਲਾਂ ਨੂੰ ਮੋਹਰੀ ਰਹਿਣ ਲਈ ਸਰਵੋਤਮ ਹਥਿਆਰਾਂ ਤੇ ਤਕਨੀਕਾਂ ਦੀ ਲੋੜ ਹੈ।" ਰੱਖਿਆ ਮੰਤਰੀ ਨੇ ਸੁਰੱਖਿਆ ਤੋਂ ਇਲਾਵਾ ਆਫ਼ਤ ਪ੍ਰਬੰਧਨ ਤੇ ਮਨੁੱਖੀ ਰਾਹਤ ਲਈ ਵੀ ਤਕਨੀਕਾਂ ਦਾ ਲਾਹਾ ਲੈਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਤਕਨੀਕ ਦੀ ਭੂਮਿਕਾ ਸਿਰਫ਼ ਰੱਖਿਆ ਵਿੱਚ ਹੀ ਨਹੀਂ ਬਲਕਿ ਸ਼ਾਂਤੀ ਤੇ ਸਮਾਜਿਕ ਭਲਾਈ ਯਕੀਨੀ ਬਣਾਉਣ 'ਚ ਵੀ ਹੈ।

# ਜਿਹੜੇ ਤਖ਼ਤ ਸਾਹਿਬ ਨੂੰ ਆਪਣੀ ਨਿੱਜੀ ਮਲਕੀਅਤ ਸਮਝਦੇ ਹਨ ਉਨ੍ਹਾਂ ਨੂੰ ਬਾਜ਼ ਆਉਣ ਦੀ ਚਿਤਾਵਨੀ

## *ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਪ੍ਰਭੁਸੱਤਾ ਅਤੇ ਜਥੇਦਾਰਾਂ ਦੇ ਸਨਮਾਨ ਸਬੰਧ ਵਿੱਚ ਯੂਕੇ ਵਿਚ ਵਿਸ਼ਾਲ ਪੰਥਕ ਇਕੱਠ*




ਯੂਕੇ : ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ 2 ਦਸੰਬਰ ਨੂੰ ਹੋਏ ਇਤਿਹਾਸਿਕ ਆਦੇਸ਼ਾਂ ਦੀ ਸ਼ਲਾਘਾ ਕਰਦਿਆਂ ਬਰਤਾਨੀਆਂ ਦੀਆਂ ਸਿੱਖ ਸੰਗਤਾਂ ਵੱਲੋਂ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਭਾਰੀ ਇਕੱਠ ਕੀਤਾ ਗਿਆ। ਜਿਸ ਵਿੱਚ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਸਾਹਿਬਾਨਾਂ ਦੇ ਮੋਹਤਵਾਰ ਸੱਜਣਾਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਜੈਕਾਰੇ ਦੀ ਗੂੰਜ ਅੰਦਰ ਚਾਰ ਮੱਤੇ ਪਾਸ ਕੀਤੇ ਗਏ। ਸਮੈਦਿਕ ਗੁਰੂਘਰ ਦੇ ਪ੍ਰਧਾਨ ਸ ਕੁਲਦੀਪ ਸਿੰਘ ਦਿਉਲ ਨੇ ਅਰੰਭਤਾਂ ਕਰਦਿਆਂ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੁੱਚੇ ਸਿੱਖ ਪੰਥ ਦੀ ਅਗਵਾਈ ਕਰਦੇ ਹਨ ਤੇ ਉਨ੍ਹਾਂ ਦਾ ਦਾਇਰਾ ਕਦੇ ਵੀ ਸੀਮਿਤ ਨਹੀਂ ਹੋ ਸਕਦਾ, ਇਸ ਲਈ ਜਿਹੜੇ ਲੋਕ ਤਖ਼ਤ ਸਾਹਿਬ ਨੂੰ ਆਪਣੀ ਨਿੱਜੀ ਮਲਕੀਅਤ ਸਮਝਦੇ ਹਨ ਉਂਨਾਂ ਨੂੰ ਬਾਜ਼ ਆਉਣਾ ਚਾਹੀਦਾ ਹੈ। ਸਿੱਖ ਫੈਡਰੇਸ਼ਨ ਯੂਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਬਹੁਤ ਸੁਹਿਰਦਤਾ ਨਾਲ ਸਾਰੇ ਪੰਥ ਨੂੰ ਇਕਜੁੱਟਤਾ ਨਾਲ ਤਖ਼ਤ ਸਾਹਿਬ ਦੇ ਫ਼ੈਸਲਿਆ ਨਾਲ ਖੜਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਪੂਰੀ ਦੁਨੀਆ ਵਿੱਚ ਵੱਸਦੇ ਸਿੱਖਾਂ ਨੂੰ ਜਥੇਦਾਰ ਸਾਹਿਬਾਨਾ ਦੀ ਨਿਯੁਕਤੀ ਅਤੇ ਬਰਖਾਸਤਗੀ ਕਰਣ ਲਈ ਇਕ ਨਵੇਂ ਵਿਧਾਨ ਨੂੰ ਸ਼ਾਮਲ ਕਰਨ ਲਈ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਭਾਈ ਦਇਆ ਸਿੰਘ ਨੇ ਜਥੇਦਾਰਾਂ ਸਾਹਿਬ ਨਾਲ ਖੜ੍ਹਨ ਦੀ ਲੋੜ ਤੇ ਜ਼ੋਰ ਦਿੱਤਾ, ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਭਾਈ ਕਪਤਾਨ ਸਿੰਘ ਨੇ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਅਤੇ ਕਥਾਵਾਚਕਾਂ ਨੂੰ ਆਖਿਆ ਕਿ ਇਸ ਸਮੇਂ ਤੁਹਾਡੇ ਬੋਲਣ ਦੀ ਲੋੜ ਹੈ। ਪੰਥਕ ਆਗੂ ਭਾਈ ਕੁਲਦੀਪ ਸਿੰਘ ਜੀ ਚਹੇੜੂ ਨੇ ਆਪਣੇ ਸੰਖੇਪ ਸ਼ਬਦਾਂ ਵਿੱਚ ਮਤੇ ਪੜ ਕੇ ਸੁਣਾਏ ਕਿ 2 ਦਸੰਬਰ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋ ਆਏ ਆਦੇਸ਼ਾਂ ਦੀ ਅੱਜ ਦੇ ਪੰਥਕ ਇਕੱਠ ਵਿੱਚ ਯੂਕੇ ਦੀਆਂ ਸਮੁੱਚੀਆਂ ਸੰਗਤਾਂ ਵਲੋ ਸ਼ਲਾਘਾ ਕਰਦੇ ਹਾਂ ਤੇ ਨਾਲ ਹੀ ਇਨ੍ਹਾਂ ਫੈਸਲਿਆ ਤੋ ਬਾਅਦ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿੱਜੀ ਤੌਰ 'ਤੇ ਜਿਨ੍ਹਾਂ ਲੋਕਾਂ ਵੱਲੋਂ ਕਿਰਦਾਰਕੁਸ਼ੀ ਕੀਤੀ ਗਈ ਉਨ੍ਹਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਦੂਜੇ ਮੱਤੇ ਵਿਚ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਬ-ਉੱਚਤਾ ਅਤੇ ਅਜ਼ਾਦ ਪ੍ਰਭੁਸੱਤਾ ਵਾਸਤੇ ਰਣਨੀਤੀ ਤਿਆਰ ਕਰਨੀ ਜਿਸ ਵਿੱਚ ਵਿਸ਼ਵਭਰ ਵਿੱਚ ਵੱਸਦੇ ਸਿੱਖਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਇੰਨ-ਬਿੰਨ ਮੰਨਣਾ ਅਤੇ ਲਾਗੂ ਕਰਵਾਉਣਾ।

ਤੀਜੇ ਮੱਤੇ ਅੰਦਰ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਬੇਨਤੀ ਕੀਤੀ ਗਈ ਕਿ ਸਮੇਂ ਦੀ ਨਿਯਾਕਤ ਨੂੰ ਪਛਾਣਦਿਆਂ ਵਿਸ਼ਵ ਸਿੱਖ ਸੰਮੇਲਨ ਸੱਦਿਆ ਜਾਵੇ। ਚੌਥੇ ਮੱਤੇ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਨੂੰ ਸਖ਼ਤ ਸ਼ਬਦਾਂ ਵਿੱਚ ਤਾੜਨਾ ਕਰਦੇ ਕਿਹਾ ਕਿ ਅੱਜ ਦੇ ਇਸ ਬਿਖੜੇ ਸਮੇਂ ਦੌਰਾਨ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਜੇਕਰ ਅਹੁਦੇ ਤੋ ਬਰਖ਼ਾਸਤ ਕੀਤਾ ਤਾਂ ਸੰਸਾਰ ਭਰ ਦੇ ਸਿੱਖਾਂ ਵੱਲੋਂ ਇਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਭਾਈ ਗੁਰਨਾਮ ਸਿੰਘ ਨਵਾਂਸ਼ਹਿਰ ਪ੍ਰਧਾਨ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਲੈਸਟਰ, ਭਾਈ ਜਸਪਾਲ ਸਿੰਘ ਨਿੱਜਰ ਪ੍ਰਧਾਨ ਸੈਜਲੀ ਸਟਰੀਟ, ਭਾਈ ਰਘਬੀਰ ਸਿੰਘ ਪ੍ਰਧਾਨ ਬਾਬਾ ਸੰਗ, ਭਾਈ ਰਜਿੰਦਰ ਸਿੰਘ ਚਿੱਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਡਾ. ਸਾਧੂ ਸਿੰਘ, ਭਾਈ ਤਰਸੇਮ ਸਿੰਘ ਦਿਉਲ ਬ੍ਰਿਟਸ਼ ਸਿੱਖ ਕੌਂਸਲ, ਭਾਈ ਚਰਨ ਸਿੰਘ ਪ੍ਰਧਾਨ ਗੁਰੂ ਹਰਗੋਬਿੰਦ ਸਾਹਿਬ ਜੀ, ਭਾਈ ਗੁਰਦੇਵ ਸਿੰਘ ਚੌਹਾਨ, ਭਾਈ ਬਲਦੇਵ ਸਿੰਘ ਸੁਪਰੀਮ ਸਿੱਖ ਕੌਂਸਲ, ਭਾਈ ਬਲਵਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਮੱਖਣਸ਼ਾਹ ਲੁਬਾਣਾ ਟਰੱਸਟ ਯੂਕੇ, ਭਾਈ ਦਰਸ਼ਨ ਸਿੰਘ ਲੋਟੇ ਪ੍ਰਧਾਨ ਮਿਲਟਨ ਕੀਨਜ, ਭਾਈ ਰਘਬੀਰ ਸਿੰਘ ਅਵਾਜਿ ਕੌਮ, ਭਾਈ ਰਣਜੀਤ ਸਿੰਘ ਵਿਰਕ, ਭਾਈ ਜਸਵੰਤ ਸਿੰਘ ਅਤੇ ਹੋਰ ਬਹੁਤ ਸਾਰੇ ਹਾਜਿਰ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਭਾਰਤ ਤੇ ਯੂਰੋਪੀ ਯੂਨੀਅਨ ਮੁਕਤ ਵਪਾਰ ਸਮਝੌਤੇ ਲਈ ਰਾਜ਼ੀ

## *ਦੋਵੇਂ ਧਿਰਾਂ ਵੱਲੋਂ ਮੌਜੂਦਾ ਵਰ੍ਹੇ ਦੇ ਅਖ਼ੀਰ ਤੱਕ ਸਮਝੌਤਾ ਸਿਰੇ ਚਾੜ੍ਹਨ ਦਾ ਅਹਿਦ*



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਰੋਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੌਨ ਡੇਰ ਲੇਯੇਨ ਨੇ ਅੱਜ ਇੱਥੇ ਇਸ ਸਾਲ ਦੇ ਅਖ਼ੀਰ ਤੱਕ ਮੁਕਤ ਵਪਾਰ ਸਮਝੌਤੇ ਨੂੰ ਨੇਪਰੇ ਚਾੜ੍ਹਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਦੋਵੇਂ ਆਗੂਆਂ ਨੇ ਰੱਖਿਆ, ਸੁਰੱਖਿਆ ਅਤੇ ਮਹੱਤਵਪੂਰਨ ਤਕਨਾਲੋਜੀ ਦੇ ਖੇਤਰਾਂ ਵਿੱਚ ਭਾਰਤ-ਯੂਰੋਪੀ ਯੂਨੀਅਨ ਦੀ ਰਣਨੀਤਕ ਸਾਂਝੇਦਾਰੀ ਦਾ ਵਿਸਤਾਰ ਕਰਨ ਦਾ ਸੰਕਲਪ ਵੀ ਲਿਆ। ਵੌਨ ਡੇਰ ਲੇਯੇਨ ਨਾਲ ਗੱਲਬਾਤ ਤੋਂ ਬਾਅਦ ਆਪਣੇ ਮੀਡੀਆ ਬਿਆਨ ਵਿੱਚ ਮੋਦੀ ਨੇ ਭਾਰਤ-ਯੂਰੋਪੀ ਯੂਨੀਅਨ ਦੀ ਰਣਨੀਤਕ ਸਾਂਝੇਦਾਰੀ ਨੂੰ 'ਕੁਦਰਤੀ' ਦੱਸਿਆ ਅਤੇ ਕਿਹਾ ਕਿ ਇਹ 'ਵਿਸ਼ਵਾਸ' ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਵਿੱਚ ਸਾਂਝੇ ਵਿਸ਼ਵਾਸ 'ਤੇ ਆਧਾਰਿਤ ਹੈ। ਅਸੀਂ ਆਪਣੀਆਂ ਟੀਮਾਂ ਨੂੰ ਇਸ ਸਾਲ ਦੇ ਅਖ਼ੀਰ ਤੱਕ ਦੋਹਾਂ ਦੇਸ਼ਾਂ ਲਈ ਫਾਇਦੇਮੰਦ ਦੁਵੱਲਾ ਮੁਕਤ ਵਪਾਰ ਸਮਝੌਤਾ ਨੇਪਰੇ ਚਾੜ੍ਹਨ ਦਾ ਨਿਰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਬੇਹੱਦ ਮਹੱਤਵਪੂਰਨ ਫੈਸਲਾ ਹੈ ਜੋ ਕਿ ਵਪਾਰ ਤੇ ਟੈਕਸਾਂ ਬਾਰੇ ਟਰੰਪ ਪ੍ਰਸ਼ਾਸਨ ਦੀ ਨੀਤੀ ਸਬੰਧੀ ਵਧਦੀਆਂ ਆਲਮੀ ਚਿੰਤਾਵਾਂ ਦਰਮਿਆਨ ਆਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਧਿਰਾਂ ਨਿਵੇਸ਼ ਸੁਰੱਖਿਆ ਸਮਝੌਤੇ ਦੇ ਨਾਲ-ਨਾਲ ਭੂਗੋਲਿਕ ਸੰਕੇਤਾਂ 'ਤੇ ਇਕ ਸਮਝੌਤੇ ਲਈ ਗੱਲਬਾਤ ਅੱਗੇ ਵਧਾ ਰਹੀਆਂ ਹਨ। ਕਨੈਕਟੀਵਿਟੀ ਬਾਰੇ ਮੋਦੀ ਨੇ ਕਿਹਾ ਕਿ ਭਾਰਤ-ਮੱਧ ਪੂਰਬ-ਯੂਰੋਪ ਆਰਥਿਕ ਲਾਂਘੇ ਨੂੰ ਅੱਗੇ ਵਧਾਉਣ ਲਈ ਠੋਸ ਕਦਮ ਉਠਾਏ ਜਾਣਗੇ। ਉਨ੍ਹਾਂ ਕਿਹਾ, "ਮੈਨੂੰ ਪੂਰਾ ਭਰੋਸਾ ਹੈ ਕਿ ਆਈਐੱਮਈਸੀ ਲਾਂਘਾ ਆਲਮੀ ਵਣਜ, ਸਥਿਰ ਵਿਕਾਸ ਤੇ ਖੁਸ਼ਹਾਲੀ ਨੂੰ ਅੱਗੇ ਵਧਾਉਣ ਦਾ ਇੰਜਣ ਸਾਬਿਤ ਹੋਵੇਗਾ।" ਉਨ੍ਹਾਂ ਲੇਯੇਨ ਤੇ ਕਾਲਜ ਆਫ਼ ਕਮਿਸ਼ਨਰਜ਼ ਦੇ ਹੋਰ ਮੈਂਬਰਾਂ ਦੇ ਭਾਰਤ ਦੌਰੇ ਨੂੰ 'ਲਾਮਿਸਾਲ' ਕਰਾਰ ਦਿੱਤਾ। ਮੋਦੀ ਨੇ ਕਿਹਾ ਕਿ ਭਾਰਤ ਤੇ ਯੂਰੋਪੀ ਯੂਨੀਅਨ ਹਿੰਦ-ਪ੍ਰਸ਼ਾਂਤ ਖਿੱਤੇ ਵਿੱਚ ਸ਼ਾਂਤੀ, ਸੁਰੱਖਿਆ, ਸਥਿਰਤਾ ਤੇ ਖੁਸ਼ਹਾਲੀ ਦੀ ਅਹਿਮੀਅਤ 'ਤੇ ਸਹਿਮਤ ਹਨ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਬੈਲਜੀਅਮ ਦੀ ਰਾਜਕੁਮਾਰੀ ਐਸਟ੍ਰਿਡ ਨਾਲ ਮੁਲਾਕਾਤ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਬੈਲਜੀਅਮ ਦੀ ਰਾਜਕੁਮਾਰੀ ਐਸਟ੍ਰਿਡ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਉਹ ਵਪਾਰ, ਟੈਕਨਾਲੋਜੀ, ਰੱਖਿਆ ਅਤੇ ਖੇਤੀਬਾੜੀ ਵਿੱਚ ਨਵੀਂ ਭਾਈਵਾਲੀ ਰਾਹੀਂ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਅਥਾਹ ਮੌਕੇ ਖੁੱਲ੍ਹਣ ਦੀ ਉਮੀਦ ਕਰਦੇ ਹਨ। ਰਾਜਕੁਮਾਰੀ ਐਸਟ੍ਰਿਡ ਭਾਰਤ ਵਿੱਚ ਇੱਕ ਆਰਥਿਕ ਮਿਸ਼ਨ ਦੀ ਅਗਵਾਈ ਕਰ ਰਹੀ ਹੈ ਜਿਸ ਵਿੱਚ ਸੀਨੀਅਰ ਮੰਤਰੀ ਅਤੇ ਕਾਰੋਬਾਰੀ ਸ਼ਾਮਲ ਹਨ। ਪ੍ਰਧਾਨ ਮੰਤਰੀ ਨੇ ਇਸ ਦੌਰਾਨ ਭਾਰਤ ਵਿੱਚ ਇਸ ਮਿਸ਼ਨ ਦੀ ਅਗਵਾਈ ਕਰਨ ਲਈ ਐਸਟ੍ਰਿਡ ਦੇ ਉੱਦਮ ਦੀ ਪ੍ਰਸ਼ੰਸਾ ਕੀਤੀ।



ਮੋਦੀ ਨੇ 'ਐਕਸ' ਉੱਤੇ ਲਿਖਿਆ, "ਬੈਲਜੀਅਮ ਦੀ ਰਾਜਕੁਮਾਰੀ ਐਸਟ੍ਰਿਡ ਨੂੰ ਮਿਲ ਕੇ ਖੁਸ਼ੀ ਹੋਈ। ਮੈਂ ਭਾਰਤ ਵਿੱਚ 300 ਮੈਂਬਰੀ ਆਰਥਿਕ ਮਿਸ਼ਨ ਦੀ ਅਗਵਾਈ ਕਰਨ ਦੇ ਉਨ੍ਹਾਂ ਦੇ ਉੱਦਮ ਦੀ ਪ੍ਰਸ਼ੰਸਾ ਕਰਦਾ ਹਾਂ। ਅਸੀਂ ਵਪਾਰ, ਤਕਨਾਲੋਜੀ, ਰੱਖਿਆ, ਖੇਤੀਬਾੜੀ, ਜੀਵ ਵਿਗਿਆਨ, ਨਵੀਨਤਾ, ਹੁਨਰ ਅਤੇ ਵਿਦਿਅਕ ਆਦਾਨ-ਪ੍ਰਦਾਨ ਵਿੱਚ ਨਵੀ ਭਾਈਵਾਲੀ ਰਾਹੀਂ ਆਪਣੇ ਲੋਕਾਂ ਲਈ ਅਥਾਹ ਮੌਕੇ ਖੋਲ੍ਹਣ ਲਈ ਉਤਸ਼ਾਹਿਤ ਹਾਂ।"

# ਹੋਲੇ-ਮੁਹੱਲੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

## ਗੁਰਦੁਆਰਾ ਸਿੰਘ ਸ਼ਹੀਦਾਂ ਲਾਂਡਰਾਂ ਤੋਂ ਸ਼ੁਰੂ ਹੋਏ ਨਗਰ ਕੀਰਤਨ ਦਾ ਥਾਂ-ਥਾਂ ਸਵਾਗਤ



ਐੱਸ.ਏ.ਐੱਸ. ਨਗਰ (ਮੁਹਾਲੀ) : ਇੱਥੋਂ ਦੇ ਗੁਰਦੁਆਰਾ ਸਾਹਿਬ ਸਿੰਘ ਸ਼ਹੀਦਾਂ ਲਾਂਡਰਾਂ ਤੋਂ ਹੋਲੇ-ਮਹੱਲੇ ਅਤੇ ਵਿਸਾਖੀ ਦਿਹਾੜੇ ਨੂੰ ਸਮਰਪਿਤ ਤੀਜਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਨਗਰ ਕੀਰਤਨ ਵਿੱਚ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ, ਸੰਤ ਮਹਾਂਪੁਰਖ ਅਤੇ ਨਿਹੰਗ ਸਿੰਘਾਂ ਸਮੇਤ ਇਲਾਕੇ ਦੀ ਵੱਡੀ ਗਿਣਤੀ ਸੰਗਤ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਜੰਟ ਸਿੰਘ ਨੇ ਗੁਰਦੁਆਰਾ ਸਾਹਿਬ ਸਿੰਘ ਸ਼ਹੀਦਾਂ ਲਾਂਡਰਾਂ ਤੋਂ ਆਰੰਭ ਹੋ ਕੇ ਇਹ ਨਗਰ ਕੀਰਤਨ ਪਿੰਡ ਲਾਂਡਰਾਂ ਤੇ ਸੈਕਟਰ-91 'ਚੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਅਕਾਲ ਆਸ਼ਰਮ ਸਾਹਿਬ, ਇਤਿਹਾਸਕ ਗੁਰਦੁਆਰਾ ਸਾਹਿਬ ਸਿੰਘ ਸ਼ਹੀਦਾਂ ਸੋਹਾਣਾ, ਸੈਕਟਰ-77 ਤੇ ਸੈਕਟਰ-77, ਪਿੰਡ ਮਾਣਕਮਾਜਰਾ, ਬੈਰੋਂਪੁਰ-ਭਾਗੋਮਾਜਰਾ, ਮੌਜਪੁਰ, ਭਾਰਤਪਰ, ਚਡਿਆਲਾ, ਗਿੱਦੜਪੁਰ, ਸੈਦਪੁਰ ਤੇ ਸਵਾੜਾ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਿੰਘ ਸ਼ਹੀਦਾਂ ਲਾਂਡਰਾਂ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਇਸ ਮੌਕੇ ਸੱਚਖੰਡ ਪਾਲਕੀ ਸੇਵਕ ਜਥਾ, ਬਾਬਾ ਦੀਪ ਸਿੰਘ ਗਤਕਾ ਅਖਾੜਾ ਸੈਕਟਰ-34 ਚੰਡੀਗੜ੍ਹ, ਸਾਡਾ ਪੁਆਧ ਸੇਵਕ ਜਥਾ, ਅਕਾਲੀ ਆਗੂ ਜਤਿੰਦਰਪਾਲ ਸਿੰਘ ਜੇਪੀ ਸਣੇ ਵੱਡੀ ਗਿਣਤੀ 'ਚ ਉੱਘੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

# ਵੱਖ-ਵੱਖ ਪੰਥਕ ਜਥੇਬੰਦੀਆਂ ਵਲੋਂ ਅਕਾਲ ਤਖ਼ਤ ਸਾਹਿਬ ਸਨਮੁਖ ਅਰਦਾਸ



ਅੰਮ੍ਰਿਤਸਰ : ਅਕਾਲੀ ਦਲ 1920, ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨਜ਼, ਇੰਟਰਨੈਸ਼ਨਲ ਸਿੱਖ ਫੈਡਰੇਸ਼ਨ, ਮਿਸਲ ਸਤਲੁਜ, ਦਰਬਾਰ-ਏ-ਖ਼ਾਲਸਾ ਅਤੇ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਆਦਿ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਆਗੂਆਂ ਦੇ ਕਾਰਕੁੰਨਾਂ ਵਲੋਂ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਇੰਨ-ਬਿੰਨ ਲਾਗੂ ਕਰਵਾਉਣ ਲਈ ਸ੍ਰੀ ਅਕਾਲ ਤਖ਼ਤ ਸਨਮੁੱਖ ਅਰਦਾਸ ਕਰਨ ਉਪਰੰਤ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ। ਅਰਦਾਸ ਉਪਰੰਤ ਉਕਤ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬੀਤੀ 2 ਦਸੰਬਰ 2024 ਨੂੰ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬਾਨ ਵਲੋਂ ਆਦੇਸ਼ ਜਾਰੀ ਕੀਤੇ ਗਏ ਸਨ, ਉਨ੍ਹਾਂ ਆਦੇਸ਼ਾਂ ਤੋਂ ਭਗੌੜੇ ਹੋਣ ਵਾਲੇ ਅਕਾਲੀ ਦਲ (ਬਾਦਲ) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ, ਜਥੇਦਾਰਾਂ ਦੇ ਅਧਿਕਾਰਾਂ ਅਤੇ ਗੁਰੂ ਪੰਥ 'ਤੇ ਸਵਾਲ ਖੜੇ ਕਰ ਦਿੱਤੇ ਹਨ, ਜਿਸ ਕਰਕੇ ਪੂਰੀ ਦੁਨੀਆ ਦਾ ਸਿੱਖ ਅੱਜ ਬੇਚੈਨੀ ਵਿਚ ਹੈ। ਇਸ ਉਪਰੰਤ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਛੁੱਟੀ ਹੋਣ ਕਾਰਨ ਉਕਤ ਜਥੇਬੰਦੀਆਂ ਵਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਾਂਅ ਇਕ ਚਾਰ ਸਫਿਆਂ ਦਾ ਮੰਗ ਪੱਤਰ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਰਜਿੰਦਰ ਸਿੰਘ ਰੂਬੀ ਨੂੰ ਸੌਂਪਿਆ। ਮੰਗ ਪੱਤਰ ਵਿਚ ਪੰਥਕ ਜਥੇਬੰਦੀਆਂ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਇਸ ਅਜਮਾਇਸ਼ੀ ਦੌਰ ਦੌਰਾਨ ਸਿੰਘ ਸਾਹਿਬਾਨ ਦੀ ਮੀਟਿੰਗ ਕਰਨ ਦੀ ਥਾਂ ਪੰਥ ਦਾ ਨੁਮਾਇੰਦਾ ਇਕੱਠ ਬੁਲਾਇਆ ਜਾਵੇ, ਜਿਸ ਵਿਚ ਦੋ ਦਸੰਬਰ ਦੇ ਹੁਕਮਨਾਮੇ ਨੂੰ ਨਾ ਮੰਨਣ ਵਾਲੇ ਕੁਝ ਅਕਾਲੀ ਆਗੂਆਂ ਜਿਨ੍ਹਾਂ ਦੇ ਉਨ੍ਹਾਂ ਨਾਂਅ ਵੀ ਲਏ, ਨੂੰ ਪੰਥ ਵਿਚੋਂ ਛੇਕਣ ਦਾ ਫ਼ੈਸਲਾ ਲਿਆ ਜਾਵੇ ਤੇ ਹੁਕਮਨਾਮਾ ਲਾਗੂ ਕਰਾਉਣ ਲਈ ਅਕਾਲ ਤਖ਼ਤ ਸਾਹਿਬ ਦੀ ਖੁਦਮੁਖਤਿਆਰੀ ਦਾ ਹੱਲ ਪੰਥ ਦੇ ਸਹਿਯੋਗ ਨਾਲ ਸਦੀਵੀ ਤੌਰ 'ਤੇ ਲੱਭਿਆ ਜਾਵੇ। ਇਸ ਤੋਂ ਪਹਿਲਾਂ ਇਹ ਪੰਥਕ ਆਗੂ ਤੇ ਕਾਰਕੁੰਨ ਵਿਰਾਸਤੀ ਮਾਰਗ ਸਥਿਤ ਗੁ: ਸਾਰਾਗੜ੍ਹੀ ਸਾਹਿਬ ਤੋਂ ਮਾਰਚ ਦੇ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ। ਇਸ ਮੌਕੇ ਉਕਤ ਜਥੇਬੰਦੀਆਂ ਦੇ ਪੁੱਜੇ ਆਗੂਆਂ ਵਿਚ ਅਜੇਪਾਲ ਸਿੰਘ ਬਰਾੜ, ਪਰਮਪਾਲ ਸਿੰਘ ਸਭਰਾ, ਮੇਜਰ ਸਿੰਘ ਖ਼ਾਲਸਾ, ਤਜਿੰਦਰ ਸਿੰਘ ਪੰਨੂ, ਸਰਬਜੀਤ ਸਿੰਘ ਘੁਮਾਣ, ਸੁਖਦੇਵ ਸਿੰਘ ਫਗਵਾੜਾ, ਪ੍ਰੋ. ਬਲਵਿੰਦਰਪਾਲ ਸਿੰਘ, ਹਰਪਿੰਦਰ ਸਿੰਘ ਕੋਟਕਪੂਰਾ, ਜਗਪ੍ਰੀਤ ਸਿੰਘ, ਦਵਿੰਦਰ ਸਿੰਘ ਸੇਖੋਂ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇ: ਹਰਬੰਸ ਸਿੰਘ ਕੰਦੋਲਾ, ਭਜਨ ਸਿੰਘ ਸ਼ੇਰਗਿਲ, ਹਰਦੀਪ ਸਿੰਘ ਡਿੱਬਡਿੱਬਾ ਤੇ ਭਰਪੂਰ ਸਿੰਘ ਧਾਂਦਰਾ, ਸਰਬਜੀਤ ਸਿੰਘ, ਹਜ਼ਾਰਾ ਸਿੰਘ, ਅਰਵਿੰਦਰ ਸਿੰਘ ਪਿੰਟਾ, ਸਤਨਾਮ ਸਿੰਘ ਵੈਰੋਵਾਲ, ਰਮਿੰਦਰ ਸਿੰਘ, ਬੇਅੰਤ ਸਿੰਘ ਖਿਆਲਾ, ਪ੍ਰਦੀਪ ਸਿੰਘ ਪੱਟੀ, ਸਾਹਿਬ ਸਿੰਘ ਸੈਦੋ, ਸਵੰਬਰਜੀਤ ਸਿੰਘ, ਗੁਰਵਿੰਦਰ ਸਿੰਘ ਜੰਡਿਆਲਾ, ਪ੍ਰਿੰ: ਸਕੱਤਰ ਸਿੰਘ, ਇੱਜ਼ਤਪਾਲ ਸਿੰਘ ਕਵੀਸ਼ਰੀ ਜਥਾ, ਸੁਖਵਿੰਦਰ ਸਿੰਘ ਨਿਜ਼ਾਮਪੁਰਾ, ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

# ਰੂਸ ਦੀ ਫੌਜ 'ਚ ਭਰਤੀ ਹੋਏ ਨੌਜਵਾਨਾਂ ਦੀ ਸਾਰ ਕੌਣ ਲਵੇਗਾ

## ਸਾਲ ਤੋਂ ਨਹੀਂ ਲੱਗ ਰਿਹਾ ਥਹੁ-ਪਤਾ; ਰਾਜ ਸਭਾ ਮੈਂਬਰ ਸੀਚੇਵਾਲ ਨਾਲ ਕੀਤੀ ਮੁਲਾਕਾਤ



ਜਲੰਧਰ : ਰੂਸ ਦੀ ਫੌਜ ਵਿੱਚ ਸ਼ਾਮਲ 19 ਜਣਿਆਂ ਦਾ ਆਪਣੇ ਮਾਪਿਆਂ ਨਾਲ ਕੋਈ ਸੰਪਰਕ ਨਾ ਹੋਣ ਕਾਰਨ ਉਨ੍ਹਾਂ ਦੇ ਸਕੇ ਸਬੰਧੀ ਪ੍ਰੇਸ਼ਾਨ ਹਨ। ਇਨ੍ਹਾਂ ਲਾਪਤਾ ਹੋਏ ਭਾਰਤੀਆਂ ਵਿੱਚ ਪੰਜਾਬ, ਕਸ਼ਮੀਰ ਅਤੇ ਉਤਰ ਪ੍ਰਦੇਸ਼ ਦੇ ਨੌਜਵਾਨ ਸ਼ਾਮਲ ਹਨ। ਇਟਲੀ ਜਾਣ ਲਈ ਪਹਿਲਾਂ ਇਹ ਨੌਜਵਾਨ ਅਰਮੀਨੀਆ ਗਏ ਤੇ ਮਗਰੋਂ ਉਥੋਂ ਮਾਸਕੋ ਚਲੇ ਗਏ। ਮਾਸਕੋ ਤੋਂ ਇਟਲੀ ਭੇਜਣ ਦੀ ਥਾਂ ਡੰਕਰਾਂ ਨੇ 19 ਜਣਿਆਂ ਨੂੰ ਰੂਸ ਦੀ ਫੌਜ ਵਿੱਚ ਭਰਤੀ ਕਰਵਾ ਦਿੱਤਾ। ਹੁਣ ਸਾਲ ਭਰ ਤੋਂ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲੱਗ ਰਿਹਾ।


ਜ਼ਿਕਰਯੋਗ ਹੈ ਕਿ ਗੁਰਾਇਆ ਦਾ ਮਨਦੀਪ ਆਪਣੇ ਪੰਜ ਸਾਥੀਆਂ ਨਾਲ 21 ਦਸੰਬਰ 2023 ਨੂੰ ਇਟਲੀ ਜਾਣ ਲਈ ਮਾਸਕੋ ਉਤਰਿਆ ਸੀ। ਜਗਦੀਪ ਕੁਮਾਰ ਨੇ ਦੱਸਿਆ ਕਿ 3 ਮਾਰਚ 2024 ਨੂੰ ਉਸ ਦੀ ਆਪਣੇ ਵੱਡੇ ਭਰਾ ਮਨਦੀਪ ਨਾਲ ਫੋਨ 'ਤੇ ਆਖਰੀ ਵਾਰ ਗੱਲਬਾਤ ਹੋਈ ਸੀ। ਸਾਲ ਬੀਤ ਗਿਆ ਪਰ ਉਸ ਦਾ ਕੋਈ ਥਹੁ-ਪਤਾ ਨਹੀਂ ਲੱਗ ਰਿਹਾ। ਜਿਹੜੇ ਚਾਰ ਜਣੇ ਉਸ ਦੇ ਨਾਲ ਗਏ ਸਨ ਉਹ ਤਾਂ ਮਾਸਕੋ ਤੋਂ ਵਾਪਸ ਆ ਗਏ ਪਰ ਉਸ ਦੇ ਭਰਾ ਦਾ ਪਤਾ ਨਹੀਂ ਲੱਗ ਰਿਹਾ। ਜਦੋਂ ਕਿ ਏਜੰਟ ਨੇ ਭਰੋਸਾ ਦਿੱਤਾ ਸੀ ਕਿ ਦੋ ਦਿਨ ਮਾਸਕੋ ਰੁਕਣ ਬਾਅਦ ਉਥੋਂ ਫਿਨਲੈਂਡ ਦੀ ਫਲਾਇਟ ਹੋਵੇਗੀ ਤੇ ਮਹੀਨੇ ਬਾਅਦ ਉਸ ਨੂੰ ਇਟਲੀ ਭੇਜਿਆ ਜਾਣਾ ਸੀ।

ਜਗਦੀਪ ਨੇ ਦੱਸਿਆ ਕਿ ਉਸ ਦਾ ਭਰਾ ਤਾਂ ਅੰਗਹੀਣ ਹੈ, ਇਸ ਦੇ ਬਾਵਜੂਦ ਉਹ ਕਿਵੇਂ ਰੂਸ ਦੀ ਫੌਜ ਵਿੱਚ ਭਰਤੀ ਹੋ ਗਿਆ। ਇਸ ਬਾਰੇ ਉਨ੍ਹਾਂ ਨੂੰ ਕੋਈ ਇਲਮ ਨਹੀਂ ਹੈ। ਫੋਨ 'ਤੇ ਭਰਾ ਮਨਦੀਪ ਨੇ ਕਿਹਾ ਸੀ ਕਿ ਉਸ ਨੂੰ ਇੱਥੋਂ ਕੱਢ ਲਵੋ ਨਹੀਂ ਤਾਂ ਉਸ ਦੇ ਇੱਥੋਂ ਜਿਊਂਦਾ ਮੁੜ ਕੇ ਆਉਣ ਦੀ ਆਸ ਨਹੀਂ ਹੈ।

ਮਨਦੀਪ ਦੇ ਵਟਸਐਪ 'ਤੇ ਫੌਜੀ ਵਰਦੀ ਪਾਈ ਦੀ ਫੋਟੋ ਲੱਗੀ ਹੋਈ ਸੀ ਮਗਰੋਂ ਫੋਟੋ ਵੀ ਗਾਇਬ ਹੋ ਗਈ ਤੇ ਉਸ ਦੇ ਭਰਾ ਨਾਲ ਗੱਲ ਹੋਣੀ ਵੀ ਬੰਦ ਹੋ ਗਈ। ਜਦੋਂ ਪੰਜ ਜਣੇ ਇਟਲੀ ਨੂੰ ਜਾਣ ਲਈ ਘਰੋਂ ਗਏ ਸਨ ਤਾਂ ਏਜੰਟ ਨੂੰ 31 ਲੱਖ 40 ਹਜ਼ਾਰ ਰੁਪਏ ਦਿੱਤੇ ਸਨ। ਪਹਿਲਾਂ ਏਜੰਟ ਕਹਿੰਦਾ ਸੀ ਕਿ ਇਟਲੀ ਜਾਣ 'ਤੇ ਹੀ ਪੈਸੇ ਲਵਾਂਗਾ ਪਰ ਮਾਸਕੋ ਜਾਣ ਮਗਰੋਂ ਉਹ ਪ੍ਰੇਸ਼ਾਨ ਕਰਨ ਲੱਗਿਆ। ਜਦੋਂ ਏਜੰਟ ਵਿਰੁੱਧ ਕੇਸ ਕਰਨ ਦੀ ਗੱਲ ਕੀਤੀ ਤਾਂ ਫਿਰ ਉਸ ਦੇ ਭਰਾ ਦਾ ਪਤਾ ਨਹੀਂ ਲੱਗਿਆ। ਜਗਦੀਪ ਨੇ ਦੱਸਿਆ ਕਿ ਰੂਸ ਵਿਚ 19 ਜਣੇ ਹਨ ਜਿਨ੍ਹਾਂ ਬਾਰੇ ਪਤਾ ਨਹੀਂ ਲੱਗ ਰਿਹਾ ਕਿ ਉਹ ਹੁਣ ਕਿੱਥੇ ਹਨ। ਉਹ ਇਨ੍ਹਾਂ ਪਰਿਵਾਰਾਂ ਨੂੰ ਲੈ ਕੇ ਦਿੱਲੀ ਵਿਦੇਸ਼ ਮੰਤਾਰਲੇ ਦੇ ਅਧਿਕਾਰੀਆਂ ਨੂੰ ਮਿਲ ਚੁੱਕੇ ਹਨ। ਉਹ ਹੁਣ ਮਾਸਕੋ ਜਾਣਾ ਚਾਹੁੰਦੇ ਹਨ ਤਾਂ ਜੋ ਉਨ੍ਹਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਦਾ ਪਤਾ ਲੱਗ ਸਕੇ। ਇਸ ਬਾਬਤ ਉਹ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ।

# ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ 7 ਮਾਰਚ ਨੂੰ

## ਬਜਟ ਬਾਰੇ ਸਬ-ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਸਿੱਖ ਸੰਸਥਾ ਦੇ ਕੰਮਕਾਜ ਬਾਰੇ ਹੋਵੇਗੀ ਵਿਚਾਰ ਚਰਚਾ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 7 ਮਾਰਚ ਨੂੰ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿੱਚ 7 ਮਾਰਚ ਨੂੰ ਸਵੇਰੇ 11 ਵਜੇ ਰੱਖੀ ਗਈ ਹੈ। ਉਨ੍ਹਾਂ ਦੱਸਿਆ ਇਸ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਦੇ ਆਉਣ ਵਾਲੇ ਬਜਟ ਸਬੰਧੀ ਗਠਿਤ ਸਬ-ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਸਿੱਖ ਸੰਸਥਾ ਦੇ ਕੰਮਕਾਜ ਨਾਲ ਸਬੰਧਤ ਵਿਚਾਰ ਚਰਚਾ ਕੀਤੀ ਜਾਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬੀਤੇ ਦਿਨੀਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ। ਉਨ੍ਹਾਂ ਨੂੰ ਅਸਤੀਫਾ ਵਾਪਸ ਲੈਣ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਸੇਵਾਵਾਂ ਮੁੜ ਸ਼ੁਰੂ ਕਰਨ ਲਈ ਕਈ ਉਪਰਾਲੇ ਕੀਤੇ ਗਏ ਹਨ, ਪਰ ਹੁਣ ਤੱਕ ਇਹ ਉਪਰਾਲੇ ਸਫਲ ਨਹੀਂ ਹੋਏ, ਜਿਸ ਕਾਰਨ ਸਿੱਖ ਸੰਸਥਾ ਇਸ ਵੇਲੇ ਸੰਕਟ ਦੇ ਘੇਰੇ ਵਿੱਚ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ 31 ਮਾਰਚ ਤੋਂ ਪਹਿਲਾਂ ਪਾਸ ਕਰਨਾ ਜ਼ਰੂਰੀ ਹੈ। 7 ਮਾਰਚ ਨੂੰ ਹੋਣ ਵਾਲੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਬਜਟ ਸਬੰਧੀ ਮੀਟਿੰਗ ਤੈਅ ਕਰਨ ਦਾ ਫੈਸਲਾ ਹੋਵੇਗਾ। ਨਿਯਮਾਂ ਮੁਤਾਬਕ ਬਜਟ ਸਬੰਧੀ ਜਨਰਲ ਇਜਲਾਸ 21 ਦਿਨ ਦੇ ਵਕਫੇ 'ਤੇ ਸੱਦਿਆ ਜਾਵੇਗਾ। ਬਜਟ ਇਜਲਾਸ ਮਾਰਚ ਮਹੀਨੇ ਦੇ ਅਖੀਰਲੇ ਹਫਤੇ ਵਿੱਚ ਹੋਣ ਦੀ ਸੰਭਾਵਨਾ ਹੈ, ਪਰ ਬਜਟ ਸਬੰਧੀ ਪ੍ਰਕਿਰਿਆ ਨੂੰ ਪੂਰਾ ਕਰਨ ਵਾਸਤੇ ਅਤੇ ਹੁਣ ਤੱਕ ਰੁਕੇ ਹੋਏ ਕੰਮਾਂ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਮੁਖੀ ਵਜੋਂ ਸੀਨੀਅਰ ਮੀਤ ਪ੍ਰਧਾਨ ਜਾਂ ਕਿਸੇ ਹੋਰ ਅੰਤਰਿੰਗ ਕਮੇਟੀ ਮੈਂਬਰ ਨੂੰ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਹਨ।

ਇਸ ਤੋਂ ਪਹਿਲਾਂ ਪਿਛਲੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਐਡਵੋਕੇਟ ਧਾਮੀ ਵੱਲੋਂ ਦਿੱਤੇ ਗਏ ਅਸਤੀਫੇ 'ਤੇ ਵਿਚਾਰ ਕੀਤਾ ਗਿਆ ਸੀ ਪਰ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਅੰਤਰਿੰਗ ਕਮੇਟੀ ਵੱਲੋਂ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਗਈ ਸੀ ਜਿਸ ਨੂੰ ਐਡਵੋਕੇਟ ਧਾਮੀ ਨਾਲ ਮਿਲਣ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਸਨ। ਇਹ ਪੰਜ ਮੈਂਬਰੀ ਕਮੇਟੀ ਅੱਜ ਐਡਵੋਕੇਟ ਧਾਮੀ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲੀ ਹੈ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂ ਵੀ ਉਨ੍ਹਾਂ ਨੂੰ ਮਿਲ ਕੇ ਅਸਤੀਫਾ ਵਾਪਸ ਲੈਣ ਦੀ ਅਪੀਲ ਕਰ ਚੁੱਕੇ ਹਨ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਜਾਰੀ

## ਕਮੇਟੀ ਦੇ 5 ਮੈਂਬਰ ਧਾਮੀ ਨਾਲ ਕਰ ਰਹੇ ਮੁਲਾਕਾਤ



ਅੰਮ੍ਰਿਤਸਰ : ਐਸਜੀਪੀਸੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਹਰਜਿੰਦਰ ਸਿੰਘ ਧਾਮੀ ਦੇ ਘਰ ਹੁਸ਼ਿਆਰਪੁਰ 5 ਮੈਂਬਰ ਕਮੇਟੀ ਧਾਮੀ ਨਾਲ ਗੱਲਬਾਤ ਕਰਨ ਲਈ ਪਹੁੰਚੇ। ਇਸ ਮੀਟਿੰਗ 'ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਹੁਸ਼ਿਆਰਪੁਰ ਨਿਵਾਸ ਸਥਾਨ 'ਤੇ ਪਹੁੰਚਣ ਵਾਲੇ 5 ਮੈਂਬਰੀ ਕਮੇਟੀ 'ਚ ਬਲਦੇਵ ਸਿੰਘ ਕਲਿਆਣ, ਬਲਦੇਵ ਸਿੰਘ ਕੈਮਪੁਰੀ, ਸੁਰਜੀਤ ਸਿੰਘ ਤੁਗਲਵਾਲ, ਬੀਬੀ ਹਰਜਿੰਦਰ ਕੌਰ ਸ਼ਾਮਲ ਹੋਏ ਹਨ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਜਥੇਦਾਰ ਅਕਾਲ ਤਖ਼ਤ ਅਤੇ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ ਨੇ ਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੀ ਮੁਲਾਕਾਤ ਇੱਕ ਘੰਟੇ ਤੋਂ ਵੱਧ ਚੱਲੀ। ਇਸ ਮੀਟਿੰਗ ਤੋਂ ਬਾਅਦ ਜਿਵੇਂ ਹੀ ਜਥੇਦਾਰ ਸਾਹਿਬ ਬਾਹਰ ਆਏ ਤਾਂ ਪੱਤਰਕਾਰਾਂ ਦੇ ਸਵਾਲ ਦੇ ਜਵਾਬ ਦਿੰਦੇ ਉਨ੍ਹਾਂ ਨੇ ਕਿਹਾ ਕਿ ਹਰਜਿੰਦਰ ਸਿੰਘ ਧਾਮੀ ਦੇ ਘਰ ਪੋਤਰੇ ਨੇ ਜਨਮ ਲਿਆ ਹੈ ਤੇ ਉਸ ਸਬੰਧੀ ਅੱਜ ਉਹ ਹਰਜਿੰਦਰ ਸਿੰਘ ਧਾਮੀ ਅਤੇ ਉਹਨਾਂ ਦੇ ਪਰਿਵਾਰ ਨੂੰ ਵਧਾਈ ਦੇਣ ਲਈ ਪਹੁੰਚੇ ਸਨ।

ਦੱਸ ਦੇਈਏ ਕਿ ਐਸਜੀਪੀਸੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਹਰਜਿੰਦਰ ਸਿੰਘ ਧਾਮੀ ਦੇ ਘਰ ਅਲੱਗ-ਅਲੱਗ ਅਕਾਲੀ ਆਗੂ ਅਤੇ ਧਾਰਮਿਕ ਆਗੂ ਪਹੁੰਚ ਰਹੇ ਹਨ।

# ਫਿਲੌਰ ਨੇੜੇ ਨਸ਼ਾ ਤਸਕਰਾਂ ਦੀਆਂ ਅਣ-ਅਧਿਕਾਰਤ ਉਸਾਰੀਆਂ ਢਹਿ ਢੇਰੀ



ਫਿਲੌਰ/ਅੱਪਰਾ (ਜਲੰਧਰ) : ਸੂਬਾ ਸਰਕਾਰ ਵਲੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਦੇ ਖ਼ਾਤਮੇ ਅਤੇ ਨਸ਼ਾ ਤਸਕਰਾਂ ਵਲੋਂ ਕੀਤੇ ਗੈਰ-ਕਾਨੂੰਨੀ ਕਬਜ਼ਿਆਂ ਨੂੰ ਹਟਾਉਣ ਲਈ ਜਲੰਧਰ ਦਿਹਾਤੀ ਪੁਲਿਸ ਵਲੋਂ ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਫਿਲੌਰ ਦੇ ਪਿੰਡ ਖ਼ਾਨਪੁਰ ਅਤੇ ਮੰਡੀ ਦੀ ਪੰਚਾਇਤੀ ਜ਼ਮੀਨ 'ਤੇ ਹੋਈਆਂ ਅਣਅਧਿਕਾਰਤ ਉਸਾਰੀਆਂ ਨੂੰ ਅੱਜ ਢਾਹਿਆ ਗਿਆ। ਇਹ ਉਸਾਰੀਆਂ ਦੋ ਵਿਅਕਤੀ ਜਿਨ੍ਹਾਂ ਦਾ ਨਸ਼ਿਆਂ ਦੇ ਕਾਰੋਬਾਰ ਨਾਲ ਸੰਬੰਧ ਹੈ, ਵਲੋਂ ਬਣਾਈਆਂ ਗਈਆਂ ਸਨ, ਜਿਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆ ਮੁਕੰਮਲ ਕਰਨ ਉਪਰੰਤ ਢਾਹਿਆ ਗਿਆ ਹੈ। ਐਸ.ਐਸ.ਪੀ. ਜਲੰਧਰ ਦਿਹਾਤੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਬੀ.ਡੀ.ਪੀ.ਓ. ਫਿਲੌਰ ਨੂੰ ਗੈਰ-ਕਾਨੂੰਨੀ ਉਸਾਰੀਆਂ ਢਾਹੁਣ ਲਈ ਪੁਲਿਸ ਸਹਾਇਤਾ ਦੀ ਲੋੜ ਸੀ। ਇਹ ਕਾਰਵਾਈ ਜਸਵੀਰ ਸਿੰਘ ਉਰਫ਼ ਸ਼ੀਰਾ ਪੁੱਤਰ ਦਲਵੀਰ ਵਾਸੀ ਖ਼ਾਨਪੁਰ ਅਤੇ ਭੋਲੀ ਪਤਨੀ ਰਾਮਪਾਲ ਉਰਫ਼ ਰਾਮਾ ਵਾਸੀ ਪਿੰਡ ਮੰਡੀ ਵਿਰੁੱਧ ਕੀਤੀ ਗਈ ਹੈ। ਇਨ੍ਹਾਂ ਦੋਵਾਂ ਵਲੋਂ ਪੰਚਾਇਤੀ ਜ਼ਮੀਨਾਂ ਉੱਤੇ ਗੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੋਇਆ ਸੀ।

**ਭੋਲੀ ਤੇ ਸ਼ੀਰਾ ਖ਼ਿਲਾਫ਼ ਕਈ ਮੁਕੱਦਮੇ ਦਰਜ**

ਐਸ.ਐਸ.ਪੀ. ਖੱਖ ਨੇ ਦੱਸਿਆ ਕਿ ਰਿਕਾਰਡ ਅਨੁਸਾਰ ਭੋਲੀ ਨਸ਼ਾ ਤਸਕਰ ਹੈ ਅਤੇ ਐਨ.ਡੀ.ਪੀ.ਐਸ. ਐਕਟ ਤਹਿਤ ਕਈ ਕੇਸਾਂ ਵਿਚ ਸ਼ਾਮਿਲ ਹੈ। ਇਸ ਕੋਲੋਂ ਸਾਲ 2005 'ਚ 1.190 ਕਿੱਲੋਗਰਾਮ ਸਮੈਕ, ਸਾਲ 2015 'ਚ 2 ਕਿੱਲੋ ਭੁੱਕੀ ਅਤੇ ਸਾਲ 2022 'ਚ ਭਾਰੀ ਮਾਤਰਾ 'ਚ ਡਰੱਗ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਜਸਵੀਰ ਸਿੰਘ ਉਰਫ਼ ਸ਼ੀਰਾ ਦਾ ਨਾਂਅ ਵੀ ਕਈ ਕੇਸਾਂ ਜਿਵੇਂ ਕਿ ਵੱਡੀ ਮਾਤਰਾ 'ਚ ਚਰਸ ਅਤੇ ਨਸ਼ੇ ਦੇ ਟੀਕੇ ਬਰਾਮਦ ਕਰਨ 'ਚ ਸ਼ਾਮਿਲ ਹੈ।

**ਸਥਾਨਕ ਲੋਕਾਂ ਕਾਰਵਾਈ ਦਾ ਸਵਾਗਤ**

ਇਸੇ ਦੌਰਾਨ ਡੀ.ਐਸ.ਪੀ. ਫਿਲੌਰ ਸਰਵਣ ਸਿੰਘ ਬਲ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ 'ਤੇ ਪੁਲਿਸ ਵਲੋਂ ਗੈਰ-ਕਾਨੂੰਨੀ ਕਬਜ਼ਿਆਂ ਖ਼ਿਲਾਫ਼ ਕਾਰਵਾਈ ਨੂੰ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਸਬੰਧੀ ਜਾਣਕਾਰੀ ਦਿੱਤੀ ਜਾਵੇ। ਉਨ੍ਹਾਂ ਭਰੋਸਾ ਦੁਆਇਆ ਕਿ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇਗੀ।



ਜਲੰਧਰ 'ਚ ਬੁੱਧਵਾਰ ਨੂੰ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀ ਇਕ ਨਾਜਾਇਜ਼ ਇਮਾਰਤ ਨੂੰ ਢਾਹਿਆ ਜਾ ਰਿਹਾ ਹੈ।

# ਨਸ਼ਾ ਤਸਕਰਾਂ 'ਤੇ ਪੰਜਾਬ ਪੁਲਿਸ ਦੀ ਵੱਡੀ ਕਾਰਵਾਈ, 70 ਤਸਕਰ ਕੀਤੇ ਗ੍ਰਿਫ਼ਤਾਰ

## ਕਾਰਵਾਈ ਦੌਰਾਨ 48 ਐਫਆਈਆਰ ਦਰਜ, 4.63 ਕਿਲੋਗ੍ਰਾਮ ਹੈਰੋਇਨ, 1.32 ਲੱਖ ਰੁਪਏ ਦੀ ਨਸ਼ੀਲੇ ਪਦਾਰਥ ਬਰਾਮਦ

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਖਾਤਮੇ ਲਈ ਚਲਾਈ ਗਈ ਨਸ਼ਿਆਂ ਵਿਰੁੱਧ ਜੰਗ 'ਯੁੱਧ ਨਸ਼ਿਆਂ ਵਿਰੁੱਧ' ਦੇ ਤੀਜੇ ਦਿਨ ਵਿੱਚ ਦਾਖਲ ਹੋਣ ਦੇ ਨਾਲ, ਪੰਜਾਬ ਪੁਲਿਸ ਨੇ ਸੋਮਵਾਰ ਨੂੰ 70 ਨਸ਼ੇ ਤਸਕਰਾਂ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਵਿੱਚ ਦੋ ਗੋਲੀਬਾਰੀ ਤੋਂ ਬਾਅਦ ਸ਼ਾਮਲ ਸਨ ਅਤੇ ਸੂਬੇ ਭਰ ਵਿੱਚ 48 ਪਹਿਲੀ ਸੂਚਨਾ ਰਿਪੋਰਟਾਂ (ਐਫਆਈਆਰ) ਦਰਜ ਕੀਤੀਆਂ। ਇਸ ਨਾਲ, ਸਿਰਫ ਤਿੰਨ ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ੇ ਤਸਕਰਾਂ ਦੀ ਗਿਣਤੀ 403 ਹੋ ਗਈ ਹੈ। ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ੇ ਤਸਕਰਾਂ ਦੇ ਕਬਜ਼ੇ ਵਿੱਚੋਂ 4.63 ਕਿਲੋਗ੍ਰਾਮ ਹੈਰੋਇਨ, 500 ਗ੍ਰਾਮ ਗਾਂਜਾ, 100 ਗ੍ਰਾਮ ਅਫੀਮ, 1548 ਨਸ਼ੀਲੀਆਂ ਗੋਲੀਆਂ/ਟੀਕੇ/ਟੀਕੇ ਅਤੇ 1.32 ਲੱਖ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਰਾਜ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਆਫ਼ ਪੁਲਿਸ ਨੂੰ ਆਉਣ ਵਾਲੇ ਤਿੰਨ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ। ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਸ਼ਨੀਵਾਰ ਨੂੰ ਦੋਸ਼ੀ ਜਗਤਾਰ ਸਿੰਘ ਅਤੇ ਅੰਗਰੇਜ਼ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ, ਉਨ੍ਹਾਂ ਦੇ ਕਬਜ਼ੇ ਵਿੱਚੋਂ 1 ਕਿਲੋ ਆਈਸੀਈ (ਮੈਥੈਮਫੇਟਾਮਾਈਨ) ਅਤੇ 1.4 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਸੀ। ਜਗਤਾਰ ਸਿੰਘ ਦੇ ਖੁਲਾਸੇ ਤੋਂ ਬਾਅਦ, ਪੁਲਿਸ ਟੀਮਾਂ ਉਸਨੂੰ ਬਰਾਮਦਗੀ ਲਈ ਲੈ ਜਾ ਰਹੀਆਂ ਸਨ ਜਦੋਂ ਉਸਨੇ ਡਿਫੈਂਸ ਡਰੇਨ ਅਟਾਰੀ ਨੇੜੇ ਪੁਲਿਸ ਹਿਰਾਸਤ ਵਿੱਚੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਪੁਲਿਸ ਨੇ ਗੋਲੀਬਾਰੀ ਕੀਤੀ, ਜਿਸ ਨਾਲ ਉਸਦੀ ਸੱਜੀ ਲੱਤ ਜ਼ਖਮੀ ਹੋ ਗਈ, ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਦੁਬਾਰਾ ਫੜ ਲਿਆ ਗਿਆ ਅਤੇ ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਗਈ। ਉਨ੍ਹਾਂ ਕਿਹਾ ਕਿ ਇੱਕ ਹੋਰ ਕਾਰਵਾਈ ਵਿੱਚ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਦਰ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਪਾਮ ਗਾਰਡਨ ਕਲੋਨੀ ਨੇੜੇ ਇੱਕ ਸੰਖੇਪ ਗੋਲੀਬਾਰੀ ਤੋਂ ਬਾਅਦ, ਅੰਮ੍ਰਿਤਸਰ ਦੇ ਫੈਜ਼ਪੁਰਾ ਦੇ ਸਾਹਿਲ



ਉਰਫ ਨੀਲਾ ਵਜੋਂ ਜਾਣੇ ਜਾਂਦੇ ਇੱਕ ਬਦਨਾਮ ਡਰੱਗ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਦੋਸ਼ੀ ਦਾ ਪਿੱਛਾ ਕਰ ਰਹੀਆਂ ਸਨ, ਜਦੋਂ ਉਸਨੇ ਪੁਲਿਸ ਪਾਰਟੀ 'ਤੇ ਗੋਲੀਬਾਰੀ ਕੀਤੀ, ਜਿਸ ਕਾਰਨ ਪੁਲਿਸ ਟੀਮਾਂ ਨੇ ਜਵਾਬੀ ਕਾਰਵਾਈ ਕੀਤੀ, ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਉਸਦੇ ਕਬਜ਼ੇ 'ਚੋਂ .32 ਬੋਰ ਪਿਸਤੌਲ ਬਰਾਮਦ ਕੀਤਾ ਹੈ। ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਰਾਜ ਸਰਕਾਰ ਨੇ ਰਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀਐਡਿਕਸ਼ਨ ਐਂਡ ਪ੍ਰੀਵੈਂਸ਼ਨ (EDP) - ਲਾਗੂ ਕੀਤੀ ਹੈ, ਪੰਜਾਬ ਪੁਲਿਸ 'ਰੋਕਥਾਮ' ਦੇ ਹਿੱਸੇ ਵਜੋਂ ਨਸ਼ਿਆਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਅਤੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਆਮ ਲੋਕਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਵੱਖ-ਵੱਖ ਸਮਾਗਮ ਵੀ ਆਯੋਜਿਤ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਐਤਵਾਰ ਨੂੰ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ 137 ਜਾਗਰੂਕਤਾ ਸਮਾਗਮ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਜਾਗਰੂਕਤਾ ਕੈਂਪ, ਸੈਮੀਨਾਰ ਅਤੇ ਜਨਤਕ ਮੀਟਿੰਗਾਂ ਸ਼ਾਮਲ ਹਨ। ਇਸ ਦੌਰਾਨ, ਪੰਜਾਬ ਪੁਲਿਸ ਨੇ ਜੇਲ੍ਹ ਵਿੱਚ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਰਾਜ ਦੀਆਂ ਅੱਠ ਵੱਖ-ਵੱਖ ਜੇਲ੍ਹਾਂ ਵਿੱਚ ਤਲਾਸ਼ੀ ਮੁਹਿੰਮ ਵੀ ਚਲਾਈ ਹੈ। ਕੇਂਦਰੀ ਜੇਲ੍ਹ ਪਟਿਆਲਾ, ਨਵੀਂ ਜੇਲ੍ਹ ਨਾਭਾ, ਓਪਨ ਜੇਲ੍ਹ ਨਾਭਾ, ਜ਼ਿਲ੍ਹਾ ਜੇਲ੍ਹਾਂ - ਸੰਗਰੂਰ, ਬਰਨਾਲਾ, ਬਠਿੰਡਾ, ਮਾਨਸਾ ਅਤੇ ਰੂਪਨਗਰ। ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਕਿਹਾ, "ਸਾਡੀਆਂ ਪੁਲਿਸ ਟੀਮਾਂ ਨੇ ਜੇਲ੍ਹ ਕੰਪਲੈਕਸ ਦੇ ਬੈਰਕਾਂ, ਰਸੋਈ ਅਤੇ ਟਾਇਲਟਾਂ ਸਮੇਤ ਹਰ ਕੋਨੇ ਅਤੇ ਕੋਨੇ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਹੈ।



ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਦੌਲਾ ਵਿਖੇ ਇਕ ਨਸ਼ਾ ਤਸਕਰ ਦੇ ਘਰ 'ਤੇ ਨੋਟਿਸ ਚਿਪਕਾਉਂਦੇ ਹੋਏ ਐਸ.ਪੀ.ਡੀ. ਮਨਮੀਤ ਸਿੰਘ ਢਿੱਲੋਂ, ਡੀ. ਐਸ.ਪੀ.ਅਵਤਾਰ ਸਿੰਘ ਤੇ ਥਾਣਾ ਮੁਖੀ ਦੀਪਿਕਾ ਕੰਬੋਜ

# ਨਸ਼ਾ ਤਸਕਰ ਦੀ ਉਸਾਰੀ ਅਧੀਨ ਇਮਾਰਤ ਢਾਹੀ

## ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਕੇ ਉਸਾਰਿਆ ਜਾ ਰਿਹਾ ਸੀ ਮਕਾਨ, ਨਸ਼ਾ ਤਸਕਰ ਸੂਰਜ ਖ਼ਿਲਾਫ਼ ਦਰਜ ਹਨ ਨੌਂ ਕੇਸ

ਬਠਿੰਡਾ : ਨਸ਼ਾ ਤਸਕਰੀ ਲਈ ਬਦਨਾਮ ਬਠਿੰਡਾ ਦੀ ਬਸਤੀ ਬੀੜ ਤਲਾਬ ਵਿੱਚ ਪੁਲੀਸ ਨੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਕੇ ਉਸਾਰੀ ਜਾ ਰਹੀ ਇਮਾਰਤ ਨੂੰ ਢਾਹ ਦਿੱਤਾ ਹੈ। ਐੱਸਐੱਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਪਿੰਡ ਬੀੜ ਤਲਾਬ ਵਿੱਚ ਨਸ਼ਾ ਤਸਕਰ ਸੂਰਜ ਦੀ ਪਤਨੀ ਕੁਲਵਿੰਦਰ ਕੌਰ ਵੱਲੋਂ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਉਸਾਰੀ ਕੀਤੀ ਜਾ ਰਹੀ ਸੀ। ਪੁਲੀਸ ਨੇ ਅੱਜ ਇਸ ਉਸਾਰੀ ਅਧੀਨ ਇਮਾਰਤ ਨੂੰ ਢਹਿ-ਢੇਰੀ ਕਰ ਦਿੱਤਾ ਗਿਆ ਹੈ। ਨਸ਼ਾ ਤਸਕਰ ਸੂਰਜ ਖ਼ ?ਲਾਫ਼ ਨੌਂ ਕੇਸ ਦਰਜ ਹਨ ਅਤੇ ਉਹ ਹੁਣ ਜੇਲ੍ਹ ਵਿੱਚ ਬੰਦ ਹੈ। ਇਸ ਤੋਂ ਇਲਾਵਾ ਸੂਰਜ ਦੇ ਭਰਾ ਖ਼ਿਲਾਫ਼ ਵੀ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਹਨ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇ ਪਿੰਡਾਂ ਜਾਂ ਸ਼ਹਿਰਾਂ ਵਿੱਚ ਕੋਈ ਵੀ ਵਿਅਕਤੀ ਨਸ਼ਾ ਤਸਕਰੀ ਕਰਦਾ ਹੈ ਤਾਂ ਤੁਰੰਤ ਪੁਲੀਸ ਦੇ ਟੌਲ ਫਰੀ ਨੰਬਰ, ਵਟਸਐਪ ਨੰਬਰ 91155-02252 ਜਾਂ ਕੰਟਰੋਲ ਰੂਮ ਦੇ ਨੰਬਰ 75080-09080 'ਤੇ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਦੇ ਦਫ਼ਤਰ ਪਹੁੰਚ ਕੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਨਸ਼ਾ ਤਸਕਰਾਂ ਬਾਰੇ ਦੱਸਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।



# ਨਸ਼ੇ ਦੇ ਧੰਦੇ ਨਾਲ ਜੁੜੇ ਵਿਅਕਤੀ ਦਾ ਸਰਕਾਰੀ ਜਗ੍ਹਾ 'ਚ ਬਣ ਰਿਹਾ ਘਰ ਕੀਤਾ ਢਹਿ-ਢੇਰੀ



ਬਠਿੰਡਾ : ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵਲੋਂ ਨਸ਼ਿਆਂ ਖਿਲਾਫ਼ ਛੇੜੇ ਗਏ ਯੁੱਧ ਦੇ ਤਹਿਤ ਜ਼ਿਲ੍ਹਾ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਪਿੰਡ ਬੀੜ ਤਲਾਬ 'ਚ ਵੱਡੀ ਕਾਰਵਾਈ ਕਰਦਿਆਂ ਨਸ਼ੇ ਦੇ ਕਥਿਤ ਕਾਲੇ ਧੰਦੇ ਨਾਲ ਜੁੜੇ ਇਕ ਵਿਅਕਤੀ ਦੇ ਸਰਕਾਰੀ ਜਗ੍ਹਾ 'ਤੇ ਉਸਾਰੇ ਜਾ ਰਹੇ ਘਰ ਨੂੰ ਜੇ. ਸੀ. ਬੀ. ਮਸ਼ੀਨਾਂ ਦੀ ਮੱਦਦ ਨਾਲ ਢਹਿ-ਢੇਰੀ ਕੀਤਾ ਗਿਆ। ਇਸ ਘਰ ਦੀ ਉਸਾਰੀ ਲਗਭਗ ਮੁਕੰਮਲ ਹੋ ਚੁੱਕੀ ਸੀ ਤੇ ਛੱਤ ਪੈਣੀ ਬਾਕੀ ਸੀ। ਕਾਰਵਾਈ ਨੂੰ ਅਮਲ 'ਚ ਲਿਆਉਣ ਲਈ ਇੱਥੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਤਾਂ ਜੋ ਕਿਸੇ ਤਰ੍ਹਾਂ ਦੀ ਹੋਣ ਵਾਲੀ ਅਣਸੁਖਾਵੀਂ ਘਟਨਾ ਨਾਲ ਨਜਿੱਠਿਆ ਜਾ ਸਕੇ। ਇਸ ਮੁਹਿੰਮ ਦੀ ਅਗਵਾਈ ਕਰ ਰਹੇ ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਨੇ ਦੱਸਿਆ ਕਿ ਇਹ ਘਰ ਨਸ਼ੇ ਦਾ ਕਾਲਾ ਕਾਰੋਬਾਰ ਕਰਨ ਵਾਲੇ ਸੂਰਜ ਕੁਮਾਰ ਦੀ ਪਤਨੀ ਵਲੋਂ ਸਰਕਾਰੀ ਜ਼ਮੀਨ 'ਤੇ ਉਸਾਰਿਆ ਜਾ ਰਿਹਾ ਸੀ, ਜਦਕਿ ਸੂਰਜ ਕੇਂਦਰੀ ਜ਼ੇਲ੍ਹ ਬਠਿੰਡਾ 'ਚ ਬੰਦ ਹੈ, ਜਿਸ ਦੇ ਖਿਲਾਫ਼ ਨਸ਼ੇ ਤੋਂ ਇਲਾਵਾ ਹੋਰ ਵੱਖ-ਵੱਖ ਤਰ੍ਹਾਂ ਦੇ 9 ਮੁਕੱਦਮੇ ਦਰਜ ਹਨ ਤੇ ਉਸ ਦੇ ਭਰਾ ਦੇ ਖਿਲਾਫ਼ ਵੀ ਨਸ਼ੇ ਦੇ ਮੁਕੱਦਮੇ ਦਰਜ ਹਨ। ਇਸ ਮੌਕੇ ਐਸ.ਪੀ. (ਸਿਟੀ) ਨਰਿੰਦਰ ਸਿੰਘ, ਏ.ਐਸ.ਪੀ. ਅਨੁਭਵ ਜੈਨ, ਐਨ.ਡੀ.ਪੀ.ਐਸ. ਡੀ.ਐਸ.ਪੀ. ਹਰਵਿੰਦਰ ਸਿੰਘ ਸਰਾਂ, ਡੀ.ਐਸ.ਪੀ. ਦਿਹਾਤੀ ਹਿਨਾ ਗੁਪਤਾ, ਐਸ.ਡੀ.ਐਮ. ਬਲਕਰਨ ਸਿੰਘ ਮਾਹਲ ਅਤੇ ਥਾਣਾ ਸਦਰ ਦੇ ਮੁੱਖ ਅਧਿਕਾਰੀ ਇੰਸ. ਜਗਦੀਪ ਸਿੰਘ ਸਮੇਤ ਸਿਵਲ ਤੇ ਪੁਲਿਸ ਅਧਿਕਾਰੀ ਮੌਜੂਦ ਸਨ।

# ਸਿੱਖਾਂ ਨੂੰ ਸੁਚੇਤ ਰਹਿਣ ਦੀ ਲੋੜ: ਬਲਦੇਵ ਸਿੰਘ



ਧਾਰੀਵਾਲ : ਸਮੂਹ ਸਿੱਖ ਧਰਮੀ ਫ਼ੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਸਿੱਖ ਇਤਿਹਾਸ ਵਿੱਚ ਵੱਖ-ਵੱਖ ਸਮੇਂ 'ਤੇ ਸ੍ਰੀ ਦਰਬਾਰ ਸਾਹਿਬ ਉਪਰ ਕਈ ਵਾਰ ਹੋਏ ਹਮਲਿਆਂ ਦਾ ਜ਼ਿਕਰ ਹੈ, ਜਦਕਿ ਜੂਨ 1984 ਦੌਰਾਨ ਟੈਕਾਂ-ਤੋਪਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਇਆ ਹਮਲਾ ਸਭ ਤੋਂ ਵੱਡਾ ਅਤੇ ਭਿਆਨਕ ਸੀ ਪਰ ਮੌਜੂਦਾ ਸਮੇਂ ਦੌਰਾਨ ਪੰਥ ਖਤਰੇ ਵਿੱਚ ਹੋਣ ਦੀ ਦੁਹਾਈ ਦੇਣ ਵਾਲਿਆਂ ਨੂੰ ਜੂਨ 1984 ਦੇ ਫੌਜੀ ਹਮਲੇ ਦੀ ਯਾਦ ਕਿਉਂ ਨਹੀਂ ਆਉਂਦੀ। ਪ੍ਰਧਾਨ ਬਲਦੇਵ ਸਿੰਘ ਨੇ ਕਿਹਾ ਕਿ ਨਵੰਬਰ 2016 ਤੋਂ ਕਿਰਪਾਲ ਸਿੰਘ ਬਡੂੰਗਰ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਬਣਨ ਉਪਰੰਤ ਧਰਮੀ ਫੌਜੀਆਂ ਦੀਆਂ ਮੰਗਾਂ ਬੰਦ ਕੀਤੀਆਂ ਤੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਤਤਕਾਲੀ ਸਮੇਂ ਦੌਰਾਨ ਮਤੇ 'ਤੇ ਮਤਾ ਪਾ ਕੇ ਧਰਮੀ ਫੌਜੀਆਂ ਨੂੰ ਕੈਟਾਗਿਰੀ ਵਿੱਚ ਵੰਡ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਮਿੱਟੀ ਵਿੱਚ ਮਿਲਾਉਣ 'ਚ ਕੋਈ ਕਸਰ ਨਹੀਂ ਛੱਡੀ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਬਾਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਕਿ ਨਵੇਂ ਪ੍ਰਧਾਨ ਦੀ ਜ਼ਿੰਮੇਵਾਰੀ ਉਸ ਨੂੰ ਸੌਂਪੀ ਜਾਵੇ, ਜੋ ਜੂਨ 1984 ਦੇ ਦਰਦ ਨੂੰ ਜਾਣਦਾ ਹੋਵੇ ਅਤੇ ਪਹਿਲੀ ਮੀਟਿੰਗ ਤੇ ਪਲੇਠੀ ਪ੍ਰੈੱਸ ਕਾਨਫਰੰਸ ਦੌਰਾਨ ਜੂਨ 1984 ਦੇ ਫੌਜੀ ਹਮਲੇ, ਸਿੱਖ ਪੀੜਤ ਅਤੇ ਸਿੱਖ ਕੈਦੀਆਂ ਬਾਰੇ ਤੇ ਧਰਮੀ ਫੌਜੀਆਂ ਦੀਆਂ ਬੈਰਕਾਂ ਛੱਡਣ 'ਤੇ ਤੱਥ ਪੇਸ਼ ਕਰੇ।

# 1993 ਦੇ ਫਰਜ਼ੀ ਮੁਕਾਬਲਾ ਮਾਮਲੇ 'ਚ ਸਾਬਕਾ ਐਸ. ਐਚ. ਓ. ਸਮੇਤ 2 ਪੁਲਿਸ ਮੁਲਾਜ਼ਮ ਦੋਸ਼ੀ ਕਰਾਰ



ਦੋਸ਼ੀ ਕਰਾਰ ਦਿੱਤੇ ਗਏ ਸੀਤਾ ਰਾਮ ਤਤਕਾਲੀ ਐਸ.ਐਚ.ਓ. ਪੱਟੀ



ਫਰਜ਼ੀ ਪੁਲਿਸ ਮੁਕਾਬਲੇ ਬਾਰੇ ਮ੍ਰਿਤਕ ਦੀ ਤਸਵੀਰ ਦਿਖਾ ਕੇ ਜਾਣਕਾਰੀ ਦਿੰਦੇ ਹੋਏ ਉਸ ਦੇ ਪਰਿਵਾਰਕ ਮੈਂਬਰ।

ਐੱਸ. ਏ. ਐੱਸ. ਨਗਰ : ਮੁਹਾਲੀ ਦੀ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 1993 ਦੇ ਇਕ ਫਰਜ਼ੀ ਪਲਿਸ ਮੁਕਾਬਲੇ ਦੇ ਮਾਮਲੇ 'ਚ ਫ਼ੈਸਲਾ ਸੁਣਾਉਂਦਿਆਂ ਦੋ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਬੀ.ਆਈ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੇ ਆਧਾਰ 'ਤੇ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਮਾਮਲੇ ਸੰਬੰਧੀ ਸ਼ੁਰੂਆਤੀ ਜਾਂਚ ਕਰਕੇ 27.11.1996 ਨੂੰ ਸੀ. ਬੀ. ਆਈ. ਨੇ ਗਵਾਹ ਗਿਆਨ ਸਿੰਘ ਦਾ ਬਿਆਨ ਦਰਜ ਕੀਤਾ ਸੀ, ਜਿਸ ਤੋਂ ਬਾਅਦ ਫਰਵਰੀ 1997 ਵਿਚ ਸੀ.ਬੀ.ਆਈ. ਵਲੋਂ ਪੁਲਿਸ ਚੌਕੀ ਕੈਰੋਂ ਅਤੇ ਥਾਣਾ ਪੱਟੀ ਦੇ ਏ. ਐਸ. ਆਈ. ਨੌਰੰਗ ਸਿੰਘ ਅਤੇ ਹੋਰਨਾਂ ਵਿਰੁੱਧ ਅ/ਧ 364 ਅਤੇ 34 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਉਕਤ ਮਾਮਲੇ ਬਾਰੇ ਸੀ. ਬੀ. ਆਈ. ਦੇ ਸਰਕਾਰੀ ਵਕੀਲ ਅਨਮੋਲ ਨਾਰੰਗ ਨੇ ਦੱਸਿਆ ਕਿ ਅਦਾਲਤ ਨੇ ਮੁਲਜ਼ਮ ਸੀਤਾ ਰਾਮ (80) ਨੂੰ ਅ/ਧ 302, 201 ਅਤੇ 218 ਦੇ ਤਹਿਤ ਅਤੇ ਸਹਿ-ਮੁਲਜ਼ਮ ਰਾਜਪਾਲ (57) ਨੂੰ ਅ/ਧ 201 ਅਤੇ 120-ਬੀ ਆਈ. ਪੀ. ਸੀ. ਦੇ ਤਹਿਤ ਅਪਰਾਧ ਕਰਨ ਲਈ ਦੋਸ਼ੀ ਠਹਿਰਾਇਆ ਹੈ। ਅਨਮੋਲ ਨਾਰੰਗ ਵਲੋਂ ਇਹ ਵੀ ਜਾਣਕਾਰੀ ਸਾਂਝੀ ਕੀਤੀ ਗਈ ਕਿ ਸੀ.ਬੀ.ਆਈ. ਦੀ ਜਾਂਚ ਇਹ ਸਾਬਤ ਕਰਦੀ ਹੈ ਕਿ 30.1.1993 ਨੂੰ ਗੁਰਦੇਵ ਸਿੰਘ ਉਰਫ਼ ਦੇਬਾ ਪੁੱਤਰ ਗਿਆਨ ਸਿੰਘ ਵਾਸੀ ਗਲੀਲੀਪੁਰ (ਤਰਨ ਤਾਰਨ) ਨੂੰ ਪੁਲਿਸ ਚੌਕੀ ਕਰਨ (ਤਰਨ ਤਾਰਨ) ਦੇ ਮੁਖੀ ਏ. ਐੱਸ. ਆਈ. ਨੌਰੰਗ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਵਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਲਿਆ ਸੀ ਅਤੇ ਇਸ ਤੋਂ ਬਾਅਦ 05.02.1993 ਨੂੰ ਇਕ ਹੋਰ ਨੌਜਵਾਨ ਸੁਖਵੰਤ ਸਿੰਘ ਨੂੰ ਏ. ਐਸ. ਆਈ. ਦੀਦਾਰ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਵਲੋਂ ਪਿੰਡ ਬਾਹਮਣੀਵਾਲਾ (ਤਰਨ ਤਾਰਨ) ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਲਿਆ ਗਿਆ ਸੀ। ਇਸ ਤੋਂ ਬਾਅਦ ਵਿਚ ਉਨ੍ਹਾਂ ਦੋਵਾਂ ਨੂੰ 6.2.1993 ਨੂੰ ਥਾਣਾ ਪੱਟੀ ਦੇ ਭਾਗੂਪੁਰ ਇਲਾਕੇ 'ਚ ਇਕ ਮੁਕਾਬਲਾ ਵਿਖਾ ਕੇ ਮਾਰ ਦਿੱਤਾ ਗਿਆ ਸੀ ਅਤੇ ਮੁਕਾਬਲੇ ਦੀ ਝੂਠੀ ਕਹਾਣੀ ਬਣਾ ਕੇ ਥਾਣਾ ਪੱਟੀ ਵਿਖੇ ਐਫ. ਆਈ. ਆਰ. ਨੰਬਰ 9/1993 ਦਰਜ ਕੀਤੀ ਗਈ ਸੀ। ਦੋਵਾਂ ਮਿ ?ਤਕਾਂ ਦੀਆਂ ਲਾਸ਼ਾਂ ਦਾ ਸਸਕਾਰ ਪੁਲਿਸ ਵਲੋਂ ਲਾਵਾਰਸ ਦੱਸ ਕੇ ਕਰ ਦਿੱਤਾ ਸੀ। ਉਸ ਸਮੇਂ ਪੁਲਿਸ ਵਲੋਂ ਦਾਅਵਾ ਕੀਤਾ ਗਿਆ ਸੀ ਕਿ ਉਹ ਦੋਵੇਂ ਕਤਲ ਤੇ ਜ਼ਬਰਦਸਤੀ ਆਦਿ ਅਪਰਾਧਾਂ ਦੇ 300 ਮਾਮਲਿਆਂ ਵਿਚ ਸ਼ਾਮਿਲ ਹਨ, ਪਰ ਜਾਂਚ ਦੌਰਾਨ ਇਹ ਤੱਥ ਗ਼ਲਤ ਪਾਇਆ ਗਿਆ। 2000 ਵਿਚ ਮਾਮਲੇ ਦੀ ਜਾਂਚ ਪੂਰੀ ਹੋਣ ਉਪਰੰਤ ਸੀ.ਬੀ.ਆਈ. ਨੇ ਤਰਨ ਤਾਰਨ ਦੇ 11 ਪੁਲਿਸ ਅਧਿਕਾਰੀਆਂ, ਜਿਨ੍ਹਾਂ ਵਿਚ ਨੌਰੰਗ ਸਿੰਘ ਤਤਕਾਲੀ ਇੰਚਾਰਜ ਪੀ. ਪੀ. ਕੈਰੋਂ, ਏ. ਐੱਸ. ਆਈ. ਦੀਦਾਰ ਸਿੰਘ, ਕਸ਼ਮੀਰ ਸਿੰਘ ਤਤਕਾਲੀ ਡੀ. ਐੱਸ. ਪੀ. ਪੱਟੀ, ਸੀਤਾ ਰਾਮ ਤਤਕਾਲੀ ਐੱਸ. ਐੱਚ. ਓ. ਪੱਟੀ, ਦਰਸ਼ਨ ਸਿੰਘ, ਗੋਬਿੰਦਰ ਸਿੰਘ ਤਤਕਾਲੀ ਐੱਸ. ਐੱਚ. ਓ. ਵਲਟੋਹਾ, ਏ. ਐੱਸ. ਆਈ. ਸ਼ਮੀਰ ਸਿੰਘ, ਏ. ਐੱਸ. ਆਈ ਫਕੀਰ ਸਿੰਘ, ਕਾਂਸਟੇਬਲ ਸਰਦੂਲ ਸਿੰਘ, ਕਾਂਸਟੇਬਲ ਰਾਜਪਾਲ ਅਤੇ ਕਾਂਸਟੇਬਲ ਅਮਰਜੀਤ ਸਿੰਘ ਵਿਰੁੱਧ ਦੋਸ਼ ਪੱਤਰ ਪੇਸ਼ ਕੀਤਾ ਸੀ ਅਤੇ ਉਨ੍ਹਾਂ ਵਿਰੁੱਧ 2001 ਵਿਚ ਦੋਸ਼ ਤੈਅ ਕੀਤੇ ਗਏ ਸਨ। ਇਸ ਤੋਂ ਬਾਅਦ ਪੰਜਾਬ ਡਿਸਟਰਬਡ ਏਰੀਆ ਐਕਟ 1983 ਦੇ ਤਹਿਤ ਲੋੜੀਂਦੀ ਮਨਜ਼ੂਰੀ ਦੀ ਅਪੀਲ ਦੇ ਆਧਾਰ 'ਤੇ ਉੱਚ ਅਦਾਲਤਾਂ ਵਲੋਂ 2021 ਤੱਕ ਕੇਸ 'ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਨੂੰ ਬਾਅਦ ਵਿਚ ਖਾਰਜ ਕਰ ਦਿੱਤਾ ਗਿਆ ਸੀ। ਪੀੜਤ ਪਰਿਵਾਰਾਂ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਦਾ ਕਹਿਣਾ ਹੈ ਕਿ ਸੀ. ਬੀ. ਆਈ. ਨੇ ਇਸ ਕੇਸ ਵਿਚ 48 ਗਵਾਹਾਂ ਦਾ ਹਵਾਲਾ ਦਿੱਤਾ ਸੀ, ਪਰ ਮੁਕੱਦਮੇ ਦੌਰਾਨ ਸਿਰਫ਼ 22 ਗਵਾਹਾਂ ਨੂੰ ਹੀ ਪੇਸ਼ ਕੀਤਾ ਗਿਆ ਸੀ ਕਿਉਂਕਿ 23 ਗਵਾਹਾਂ ਦੀ ਕਾਰਵਾਈ ਲੰਬਿਤ ਹੋਣ ਕਾਰਨ ਮੌਤ ਹੋ ਗਈ ਸੀ। ਇਸ ਮਾਮਲੇ ਦੀ ਸੁਣਵਾਈ ਦੀ ਕਾਰਵਾਈ ਸ਼ੁਰੂ ਹੋਣ ਤੋਂ 2 ਸਾਲਾਂ ਦੇ ਅੰਦਰ ਸੀ. ਬੀ. ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਕੁਮਾਰ ਗੁਪਤਾ ਦੀ ਅਦਾਲਤ ਨੇ ਫ਼ੈਸਲਾ ਸੁਣਾਇਆ ਅਤੇ ਉਕਤ 2 ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ, ਜਦਕਿ 5 ਮੁਲਜ਼ਮਾਂ ਨੂੰ ਸ਼ੱਕ ਦਾ ਲਾਭ ਦੇ ਕੇ ਬਰੀ ਕਰ ਦਿੱਤਾ। ਸੀ. ਬੀ. ਆਈ ਦੀ ਵਿਸ਼ੇਸ਼ ਅਦਾਲਤ ਵਲੋਂ ਸਜ਼ਾ ਤੈਅ ਕਰਨ ਲਈ ਉਕਤ ਮਾਮਲੇ ਦੀ ਸੁਣਵਾਈ 6 ਮਾਰਚ ਤੱਕ ਮੁਲਤਵੀ ਕਰ ਦਿੱਤੀ ਗਈ ਹੈ।

# ਆਸਟਰੇਲੀਆ ਦੀ ਖੋਜ ਕਰਨ ਵਾਲੇ ਕੈਪਟਨ ਜੇਮਸ ਕੁੱਕ ਦੇ ਬੁੱਤ ਦੀ ਭੰਨਤੋੜ

## ਪੁਲਿਸ ਨੇ ਬੁੱਤ ਦੀ ਬੇਅਦਬੀ ਕਰਨ ਵਾਲਿਆਂ ਦੀ ਭਾਲ ਆਰੰਭੀ, ਬੁੱਤ ਨੇੜੇ ਸੁਰੱਖਿਆ ਵਧਾਈ



ਸਿਡਨੀ : ਆਸਟਰੇਲੀਆ ਦੀ ਖੋਜ ਕਰਨ ਵਾਲੇ ਕੈਪਟਨ ਜੇਮਸ ਕੁੱਕ ਦੇ ਬੁੱਤ ਉੱਤੇ ਲਾਲ ਪੇਂਟ ਸੁੱਟਣ ਤੋਂ ਇਲਾਵਾ ਇਸ ਦੇ ਨੱਕ ਤੇ ਹੱਥ ਦੀ ਭੰਨਤੋੜ ਕੀਤੀ ਗਈ ਹੈ। ਪੁਲੀਸ ਬੁੱਤ ਦੀ ਬੇਅਦਬੀ ਕਰਨ ਵਾਲੇ ਵਿਅਕਤੀਆਂ ਦਾ ਪਤਾ ਲਾਉਣ ਲਈ ਸਰਗਰਮ ਹੈ। ਅਜਿਹੀ ਘਟਨਾ ਨੂੰ ਵਾਪਰਨ ਤੋਂ ਰੋਕਣ ਲਈ ਬੁੱਤ ਨੇੜੇ ਪੁਲੀਸ ਸੁਰੱਖਿਆ ਪਹਿਰਾ ਲਾਇਆ ਗਿਆ ਹੈ।

ਬ੍ਰਿਟੇਨ ਦੇ ਕੈਪਟਨ ਕੁੱਕ ਨੇ ਆਪਣੇ ਸਮੁੰਦਰੀ ਜਹਾਜ਼ ਨਾਲ 1770 ਵਿੱਚ ਆਸਟਰੇਲਿਆਈ ਮਹਾਂਦੀਪ ਦੇ ਪੂਰਬੀ ਤੱਟ ਉੱਤੇ ਆ ਕਿ ਇਸ ਦੀ ਖੋਜ ਕੀਤੀ ਸੀ। ਕੈਪਟਨ ਕੁੱਕ ਨੇ ਇਸ ਨੂੰ ਬਰਤਾਨਵੀ ਰਾਜ ਦੀ ਨਵੀਂ ਕਲੋਨੀ ਨਿਊ ਸਾਊਥ ਵੇਲਜ਼ ਦਾ ਨਾਮ ਦਿੱਤਾ ਸੀ। ਆਸਟਰੇਲੀਆ ਦੇ ਅਸਲ ਬਾਸ਼ਿੰਦੇ ਓਬਰਿਜਨਲਜ ਤੇ ਉਨ੍ਹਾਂ ਨਾਲ ਸਨੇਹ ਰੱਖਣ ਵਾਲੇ ਲੋਕ ਇਸ ਨੂੰ ਇੱਕ ਸਾਮਰਾਜੀ ਧੱਕਾ ਮੰਨਦੇ ਹੋਏ ਕੁੱਕ ਦੀ ਨੀਤੀ ਦਾ ਵਿਰੋਧ ਕਰਦੇ ਹਨ। ਆਸਟਰੇਲੀਆ ਡੇਅ ਜੋ ਕਿ 26 ਜਨਵਰੀ ਨੂੰ ਕੌਮੀ ਪੱਧਰ 'ਤੇ ਮਨਾਇਆ ਜਾਂਦਾ ਹੈ, ਵਾਲੇ ਦਿਨ ਨੂੰ ਘੱਟ ਗਿਣਤੀ ਭਾਈਚਾਰੇ ਦੇ ਲੋਕ ਨਸਲੀ ਹਮਲਾ ਮੰਨਦੇ ਹਨ।

ਪਿਛਲੇ ਕੁਝ ਅਰਸੇ ਤੋਂ ਚੱਲ ਰਹੀ ਇਸ ਮੁਹਿੰਮ ਦਾ ਪਿਛੋਕੜ ਕੈਪਟਨ ਕੁੱਕ ਦੇ ਬੁੱਤ 'ਤੇ ਹਮਲੇ ਦਾ ਕਾਰਨ ਮੰਨਿਆ ਜਾ ਰਿਹਾ ਹੈ। ਕੁੱਕ ਦੇ ਬੁੱਤ ਉੱਤੇ ਲਾਲ ਰੰਗ ਦੀ ਸਿਆਹੀ ਸੁੱਟ ਕਿ ਉਸ ਨੂੰ ਨਿਹੱਥਿਆਂ ਦਾ ਕਾਤਲ ਦੱਸਦੇ ਹੋਏ ਹੱਥ ਤੇ ਨੱਕ ਵੀ ਤੋੜਿਆ ਗਿਆ ਹੈ। ਪੁਲੀਸ ਪ੍ਰਸ਼ਾਸਨ ਤੇ ਸਥਾਨਕ ਲੋਕਾਂ ਨੇ ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ।

# ਤੇਗਬੀਰ ਸਿੰਘ ਦਾ ਨਾਂ ਏਸ਼ੀਆ ਬੁੱਕ ਆਫ ਰਿਕਾਰਡਜ਼ 'ਚ ਦਰਜ

## ਫਰੀਦਾਬਾਦ ਸਥਿਤ ਦਫ਼ਤਰ ਵਿੱਚ ਕੀਤਾ ਗਿਆ ਸਨਮਾਨਿਤ



ਰੂਪਨਗਰ : ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਦੇ ਪਹਿਲੀ ਜਮਾਤ ਦੇ ਵਿਦਿਆਰਥੀ ਤੇ ਬਾਲ ਪਰਬਤਰੋਹੀ ਤੇਗ਼ਬੀਰ ਸਿੰਘ ਦਾ ਨਾਂ ਏਸ਼ੀਆ ਬੁੱਕ ਆਫ ਰਿਕਾਰਡਜ਼ ਤੇ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋ ਗਿਆ ਹੈ। ਤੇਗ਼ਬੀਰ ਸਿੰਘ ਦੇ ਪਿਤਾ ਸੁਖਿੰਦਰਦੀਪ ਸਿੰਘ ਨੇ ਉਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ, "ਰਿਕਾਰਡ ਕੀਤੇ ਟੈਬਲੇਟ ਦੇ ਅਨੁਸਾਰ ਤੇਗਬੀਰ ਸਿੰਘ ਨੇ ਇਕ ਸਾਲ ਵਿੱਚ ਮਾਊਂਟ ਕਿਲੀਮੰਜਾਰੋ ਅਤੇ ਮਾਊਂਟ ਐਵਰੈਸਟ ਬੇਸ ਕੈਂਪ ਸਰ ਕਰਨ ਵਾਲੇ ਦੇਸ਼ ਅਤੇ ਏਸ਼ੀਆ ਦੇ ਸਭ ਤੋਂ ਘੱਟ ਉਮਰ ਦੇ ਪਰਬਤਰੋਹੀ ਹੋਣ ਦਾ ਰਿਕਾਰਡ ਦਰਜ ਕੀਤਾ ਹੈ।" ਉਨ੍ਹਾਂ ਦੱਸਿਆ ਕਿ ਤੇਗ਼ਬੀਰ ਸਿੰਘ ਨੂੰ ਅੱਜ ਫਰੀਦਾਬਾਦ (ਹਰਿਆਣਾ) ਵਿੱਚ ਸਥਿਤ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਅਤੇ ਇੰਡੀਆ ਬੁੱਕ ਆਫ਼ ਰਿਕਾਰਡਜ਼ ਦੇ ਮੁੱਖ ਦਫ਼ਤਰ ਵਿੱਚ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਤੇਗ਼ਬੀਰ ਸਿੰਘ ਨੇ ਅਗਸਤ 2024 ਵਿੱਚ ਮਾਊਂਟ ਕਿਲੀਮੰਜ਼ਾਰੋ (ਅਫ਼ਰੀਕੀ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ) ਨੂੰ ਸਰ ਕੀਤਾ ਤੇ ਇਸ ਤੋਂ ਪਹਿਲਾਂ ਅਪਰੈਲ 2024 ਵਿੱਚ ਨੇਪਾਲ ਦੇ ਮਾਊਂਟ ਐਵਰੈਸਟ ਪਰਬਤ ਦੇ ਬੇਸ ਕੈਂਪ ਤੱਕ ਪੁੱਜਣ ਵਿੱਚ ਸਫ਼ਲਤਾ ਹਾਸਲ ਕੀਤੀ ਸੀ। ਉਸ ਦੀਆਂ ਦੋਵੇਂ ਪ੍ਰਾਪਤੀਆਂ ਨੂੰ ਕ੍ਰਮਵਾਰ ਏਬੀਆਰ ਅਤੇ ਆਈਬੀਆਰ ਵਿੱਚ ਆਪਣਾ ਸਥਾਨ ਮਿਲਿਆ ਉਸ ਨੇ 5 ਸਾਲ ਦੀ ਉਮਰ ਵਿੱਚ ਇਹ ਉਪਲਬਧੀਆਂ ਪ੍ਰਾਪਤ ਕੀਤੀਆਂ।

# ਅਮਰੀਕੀ ਖੋਜਕਰਤਾ ਨੇ ਲਾਹੌਰ ਕਿਲ੍ਹੇ ਵਿੱਚ ਸਿੱਖ ਸਾਮਰਾਜ ਦੇ 100 ਸਮਾਰਕਾਂ ਦੀ ਕੀਤੀ ਪਛਾਣ

## ਸਿੱਖ ਸ਼ਾਸਨ ਦੌਰਾਨ ਲਾਹੌਰ ਕਿਲ੍ਹੇ 'ਤੇ 'ਟੂਰ ਗਾਈਡਬੁੱਕ' ਲਿਖਣ ਲਈ ਡਾ. ਤਰੁਣਜੀਤ ਸਿੰਘ ਬੁਟਾਲੀਆ ਨੂੰ ਨਿਯੁਕਤ



ਲਾਹੌਰ: ਇੱਕ ਅਮਰੀਕੀ ਖੋਜਕਰਤਾ ਨੇ ਲਾਹੌਰ ਕਿਲ੍ਹੇ ਵਿੱਚ ਸਿੱਖ ਸਾਮਰਾਜ (1799-1849) ਨਾਲ ਸਬੰਧਤ ਲਗਭਗ 100 ਸਮਾਰਕਾਂ ਦੀ ਪਛਾਣ ਕੀਤੀ ਹੈ, ਜੋ ਇਸਦੀ ਇਤਿਹਾਸਕ ਮਹੱਤਤਾ ਨੂੰ ਦਰਸਾਉਂਦੇ ਹਨ। ਇਨ੍ਹਾਂ ਵਿੱਚੋਂ ਲਗਭਗ 30 ਸਮਾਰਕ ਅੱਜ ਮੌਜੂਦ ਨਹੀਂ ਹਨ। ਸਿੱਖ ਸਾਮਰਾਜ ਦੌਰਾਨ ਲਾਹੌਰ ਕਿਲ੍ਹੇ ਅਤੇ ਇਸਦੀ ਇਤਿਹਾਸਕ ਮਹੱਤਤਾ ਬਾਰੇ ਵਿਆਪਕ ਜਾਣਕਾਰੀ ਪ੍ਰਦਾਨ ਕਰਨ ਲਈ, ਸਰਕਾਰੀ ਸੰਸਥਾ 'ਵਾਲਡ ਸਿਟੀ ਆਫ਼ ਲਾਹੌਰ ਅਥਾਰਟੀ' (ਡਬਲਯੂ.ਸੀ.ਐਲ.ਏ.) ਨੇ ਸਿੱਖ ਸ਼ਾਸਨ ਦੌਰਾਨ ਲਾਹੌਰ ਕਿਲ੍ਹੇ 'ਤੇ 'ਟੂਰ ਗਾਈਡਬੁੱਕ' ਲਿਖਣ ਲਈ ਡਾ. ਤਰੁਣਜੀਤ ਸਿੰਘ ਬੁਟਾਲੀਆ ਨੂੰ ਨਿਯੁਕਤ ਕੀਤਾ। ਡਾ: ਬੁਟਾਲੀਆ ਨੇ ਇੱਕ ਇੰਟਰਵਿਊ ਵਿੱਚ ਕਿਹਾ, 'ਲਾਹੌਰ ਕਿਲ੍ਹਾ ਇੱਕ ਭਾਵਨਾਤਮਕ ਸਮਾਰਕ ਹੈ ਜੋ ਸਿੱਖ ਮਾਨਸਿਕਤਾ ਵਿੱਚ ਡੂੰਘਾਈ ਨਾਲ ਜੁੜਿਆ ਹੋਇਆ ਹੈ, ਜੋ ਲਗਭਗ ਅੱਧੀ ਸਦੀ ਤੋਂ ਸਿੱਖ ਸਾਮਰਾਜ ਲਈ ਸ਼ਕਤੀ ਦਾ ਕੇਂਦਰ ਰਿਹਾ ਹੈ।' ਉਸਨੇ ਕਿਹਾ, 'ਇਹ ਮੇਰੇ ਦਿਲ ਵਿੱਚ ਇੱਕ ਖਾਸ ਜਗ੍ਹਾ ਰੱਖਦਾ ਹੈ ਕਿਉਂਕਿ, ਫਾਰਸੀ ਰਿਕਾਰਡਾਂ ਅਨੁਸਾਰ, ਮੇਰੇ ਪੁਰਖਿਆਂ ਨੇ ਸਿੱਖ ਦਰਬਾਰ ਵਿੱਚ ਸਤਿਕਾਰਤ ਅਹੁਦਿਆਂ 'ਤੇ ਕੰਮ ਕੀਤਾ ਸੀ।' ਬੁਟਾਲੀਆ ਨੇ ਕਿਹਾ, "ਭਾਰਤ ਵਿੱਚ ਸਿੱਖਾਂ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ 1947 ਵਿੱਚ, ਸਿੱਖ ਵਿਰਾਸਤ ਅਤੇ ਪੂਜਾ ਸਥਾਨ ਦੁਨੀਆ ਦੇ ਦੋ ਹਿੱਸਿਆਂ ਵਿੱਚ ਵੰਡੇ ਗਏ ਸਨ। ਬਹੁਤ ਲੰਬੇ ਸਮੇਂ ਤੱਕ, ਭਾਰਤ ਵਿੱਚ ਸਿੱਖ ਪਾਕਿਸਤਾਨ ਵਿੱਚ ਆਪਣੇ ਇਤਿਹਾਸਕ ਸਥਾਨਾਂ ਤੋਂ ਕੱਟੇ ਰਹੇ।" ਲਾਹੌਰ ਕਿਲ੍ਹੇ ਦਾ ਅਮੀਰ ਮੁਗਲ ਇਤਿਹਾਸ 16ਵੀਂ ਸਦੀ ਦਾ ਹੈ ਜਦੋਂ ਬਾਦਸ਼ਾਹ ਅਕਬਰ ਨੇ ਇਸਨੂੰ ਬਣਵਾਇਆ ਸੀ। ਇਸ ਤੋਂ ਇਲਾਵਾ, ਇਹ ਕਿਲ੍ਹਾ ਅੱਧੀ ਸਦੀ ਤੱਕ ਸਿੱਖ ਸਾਮਰਾਜ ਦੇ ਅਧੀਨ ਰਿਹਾ ਸਾਲ 1799 ਵਿੱਚ, ਪੰਜਾਬ ਦੇ ਸਿੱਖ ਸ਼ਾਸਕ ਨੇ ਇਸ ਕਿਲ੍ਹੇ ਨੂੰ ਜਿੱਤ ਲਿਆ ਅਤੇ ਇਹ 1849 ਤੱਕ ਉਸਦੇ ਕਬਜ਼ੇ ਵਿੱਚ ਰਿਹਾ। ਇਸ ਤੋਂ ਬਾਅਦ ਬ੍ਰਿਟਿਸ਼ ਸਾਮਰਾਜ ਨੇ ਇਸਨੂੰ ਫੌਜੀ ਛਾਉਣੀ ਵਿੱਚ ਬਦਲ ਦਿੱਤਾ। ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਨੇ ਕਿਲ੍ਹੇ ਦੀਆਂ ਬਹੁਤ ਸਾਰੀਆਂ ਇਮਾਰਤਾਂ ਨੂੰ ਸੁਰੱਖਿਅਤ ਰੱਖਿਆ ਅਤੇ ਨਵੇਂ ਬਣਾਏ, ਜਿਨ੍ਹਾਂ ਵਿੱਚ ਹਜ਼ੂਰੀ ਬਾਗ ਅਤੇ ਇਸਦੀ ਸ਼ਾਨਦਾਰ ਬਾਰਾਂਦਰੀ ਸ਼ਾਮਲ ਹੈ।

# ਜਿੰਨੀ ਦੇਰ ਅਹੁਦੇ 'ਤੇ ਹਾਂ, ਹਰ ਫੈਸਲਾ ਲਾਗੂ ਕਰਵਾਉਣ ਲਈ ਵਚਨਬੱਧ ਹਾਂ : ਜਥੇਦਾਰ ਗਿਆਨੀ ਰਘਬੀਰ ਸਿੰਘ

## ਅਸਤੀਫ਼ੇ ਲਈ ਵੀ ਤਿਆਰ ਹਾਂ, ਕੱਪੜੇ ਬੈਗ ਵਿਚ ਪੈਕ ਹਨ



ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਉਹ ਜਿੰਨਾ ਚਿਰ ਅਹੁਦੇ 'ਤੇ ਹਨ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਦਿੱਤੇ ਹਰ ਫੈਸਲੇ ਨੂੰ ਲਾਗੂ ਕਰਵਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਵੀ ਤਿਆਰ ਹਨ। ਇਕ ਗੱਲਬਾਤ ਦੌਰਾਨ ਜਦੋਂ ਜਥੇਦਾਰ ਰਘਬੀਰ ਸਿੰਘ ਤੋਂ ਅਸਤੀਫ਼ੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਜਾਂਦਾ ਹੈ ਤਾਂ ਉਹ ਇਸ ਲਈ ਪਹਿਲਾਂ ਹੀ ਤਿਆਰ ਹਨ। ਜੇ ਹਟਾਇਆ ਗਿਆ ਤਾਂ ਕੱਪੜੇ ਬੈਗ ਵਿਚ ਪੈਕ ਹਨ ਤੇ ਗੁਰੂਆਂ ਦੇ ਆਦੇਸ਼ ਦਾ ਪਾਲਣ ਕਰਾਂਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹਰਜਿੰਦਰ ਸਿੰਘ ਧਾਮੀ ਨੂੰ ਆਪਣਾ ਅਸਤੀਫ਼ਾ ਵਾਪਸ ਲੈਣ ਲਈ ਸਬੰਧੀ ਉਨ੍ਹਾਂ ਸਪਸ਼ਟ ਕੀਤਾ ਕਿ ਉਹ ਪ੍ਰਧਾਨ ਧਾਮੀ ਨੂੰ ਮਿਲੇ ਸਨ, ਪਰ ਉਸ ਦੌਰਾਨ ਅਸਤੀਫ਼ੇ ਬਾਰੇ ਕੋਈ ਚਰਚਾ ਨਹੀਂ ਹੋਈ। ਇਸ ਦੇ ਨਾਲ ਹੀ ਜਦੋਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮਿਲੇ ਸਨ। ਇਹ ਇਕ ਪਰਿਵਾਰਕ ਮੁਲਾਕਾਤ ਸੀ ਪਰ ਇਸ ਸਮੇਂ ਦੌਰਾਨ ਅਸਤੀਫੇ ਬਾਰੇ ਕੋਈ ਚਰਚਾ ਨਹੀਂ ਹੋਈ। ਸ਼੍ਰੋਮਣੀ ਅਕਾਲੀ ਦੀ ਭਰਤੀ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿਚੋਂ ਹੁਣ ਤੱਕ ਸਿਰਫ਼ ਧਾਮੀ ਦਾ ਅਸਤੀਫ਼ਾ ਹੀ ਪ੍ਰਾਪਤ ਹੋਇਆ ਹੈ, ਜਦੋਂ ਕਿ ਬਡੂੰਗਰ ਦਾ ਅਸਤੀਫ਼ਾ ਅਜੇ ਤੱਕ ਪ੍ਰਾਪਤ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜੇ ਇਹ ਦੋਵੇਂ ਇਸ ਕਮੇਟੀ ਦਾ ਹਿੱਸਾ ਨਹੀਂ ਰਹਿੰਦੇ ਹਨ ਤਾਂ ਅਕਾਲ ਤਖਤ ਦੇ ਜਥੇਦਾਰ ਤੇ ਹੋਰ ਸਿੱਖ ਸੰਤਾਂ ਨਾਲ ਮਹੱਤਵਪੂਰਨ ਮੀਟਿੰਗ ਕੀਤੀ ਜਾਵੇਗੀ ਅਤੇ ਇਕ ਨਵਾਂ ਕੋਆਰਡੀਨੇਟਰ ਨਿਯੁਕਤ ਕੀਤਾ ਜਾਵੇਗਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਪੰਜ ਸਿੰਘ ਸਾਹਿਬਾਨ ਦੀ ਇਕ ਮਹੱਤਵਪੂਰਨ ਮੀਟਿੰਗ ਹੋਵੇਗੀ ਜਿਸ ਵਿਚ ਕਈ ਵੱਡੇ ਫੈਸਲੇ ਲਏ ਜਾ ਸਕਦੇ ਹਨ। ਧਾਮੀ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੂੰ ਆਪਣਾ ਅਸਤੀਫ਼ਾ ਵਾਪਸ ਲੈਣ ਲਈ ਕਿਹਾ ਗਿਆ ਹੈ ਪਰ ਇਸ ਬਾਰੇ ਅਜੇ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਹੁਣ ਗਿਆਨੀ ਰਘਬੀਰ ਸਿੰਘ ਨੇ ਵੀ ਸੰਕੇਤ ਦਿੱਤਾ ਹੈ ਕਿ ਜੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾਂਦਾ ਹੈ ਤਾਂ ਉਹ ਬਿਨਾਂ ਕਿਸੇ ਵਿਰੋਧ ਦੇ ਇਸ ਫੈਸਲੇ ਨੂੰ ਸਵੀਕਾਰ ਕਰਨਗੇ।

# ਜਥੇਦਾਰ ਬਲਬੀਰ ਸਿੰਘ ਦੀ ਅਗਵਾਈ ਹੇਠ ਨਿਹੰਗ ਸਿੰਘ ਜਥੇਬੰਦੀਆਂ ਨੇ ਗਿਆਨੀ ਰਘਬੀਰ ਸਿੰਘ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿਚ ਨਿਹੰਗ ਸਿੰਘ ਜਥੇਬੰਦੀਆਂ ਦੇ ਪ੍ਰਤੀਨਿਧ ਤੇ ਵੱਡੀ ਗਿਣਤੀ ਵਿਚ ਨਿਹੰਗ ਸਿੰਘ ਫੌਜਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਅਤੇ ਇਕ ਪੱਤਰ ਸੌਂਪ ਕੇ ਉਨ੍ਹਾਂ ਨੂੰ 2 ਦਸੰਬਰ ਨੂੰ ਜਾਰੀ ਹੁਕਮਨਾਮਿਆਂ ਨੂੰ ਪੂਰੀ ਤਰ੍ਹਾਂ ਲਾਗੂ ਕਰਾਉਣ ਲਈ ਦ੍ਰਿੜਤਾ ਨਾਲ ਪਹਿਰਾ ਦੇਣ ਦੀ ਅਪੀਲ ਕਰਦਿਆਂ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਉਨ੍ਹਾਂ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਜਥੇਦਾਰ 96 ਕਰੋੜੀ ਨਾਲ ਦਲ ਪੰਥ ਬਾਬਾ ਬਿਧੀ ਚੰਦ ਸੁਰ ਸਿੰਘ ਤੇ ਤਰਨਾ ਦਲ ਹਰੀਆਂ ਵੇਲਾਂ ਤੋਂ ਇਲਾਵਾ ਹੋਰ ਨਿਹੰਗ ਸਿੰਘ ਜਥੇਬੰਦੀਆਂ ਦੇ ਵੀ ਪ੍ਰਤੀਨਿਧ ਸ਼ਾਮਿਲ ਸਨ। ਜਥੇਦਾਰ ਨਾਲ ਮੁਲਾਕਾਤ ਉਪਰੰਤ ਗੱਲਬਾਤ ਕਰਦਿਆਂ ਜਥੇਦਾਰ 96 ਕਰੋੜੀ ਨੇ ਕਿਹਾ ਕਿ ਸਮੁੱਚਾ ਸਿੱਖ ਜਗਤ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹਰ ਹੁਕਮ-ਆਦੇਸ਼, ਸੰਦੇਸ਼ ਅੱਗੇ ਸਿਰ ਝੁਕਾਉਂਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗਲਤੀ ਸਵੀਕਾਰ ਕਰਨ ਤੋਂ ਬਾਅਦ ਸਿੰਘ ਸਾਹਿਬਾਨ ਦੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਨਾ ਸ਼੍ਰੋਮਣੀ ਅਕਾਲੀ ਦਲ ਲਈ ਚੰਗੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦੀ ਨਿਯੁਕਤੀ ਰਾਜਨੀਤਕ ਫ਼ੈਸਲਿਆਂ ਨਾਲ ਨਹੀਂ ਬਲਕਿ ਪੁਰਾਤਨ ਸਮਿਆਂ ਵਾਂਗ ਸਰਬੱਤ ਖ਼ਾਲਸਾ ਦੁਆਰਾ ਹੋਣੀ ਚਾਹੀਦੀ ਹੈ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਸੇਵਾਵਾਂ ਤੋਂ ਮੁਕਤ ਕਰਨ ਸੰਬੰਧੀ ਨਾਰਾਜ਼ਗੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਬੈਗ ਪੈਕ ਕਰਨ ਦੇ ਫ਼ੈਸਲੇ ਨੂੰ ਸਵੀਕਾਰ ਨਹੀਂ ਕਰਾਂਗੇ, ਸਗੋਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ 2 ਦਸੰਬਰ ਦੇ ਹੁਕਮਨਾਮੇ ਨੂੰ ਸਖ਼ਤੀ ਨਾਲ ਲਾਗੂ ਕਰਦਿਆਂ ਜਥੇਦਾਰ ਅਕਾਲੀ ਫੂਲਾ ਸਿੰਘ ਵਾਂਗ ਫ਼ੈਸਲਾ ਲੈਣਾ ਚਾਹੀਦਾ ਹੈ। ਵਫਦ ਵਿਚ ਤਰਨਾ ਦਲ ਮਿਸਲ ਸ਼ਹੀਦ ਬਾਬਾ ਦੀਪ ਸਿੰਘ ਬਾਬਾ ਬਕਾਲਾ ਵਲੋਂ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਬਿਧੀਚੰਦ ਸਾਹਿਬ ਤਰਨਾ ਦਲ ਸੁਰਸਿੰਘ ਵਲੋਂ ਬਾਬਾ ਨਾਹਰ ਸਿੰਘ ਸਾਧ, ਬਾਬਾ ਮੇਜਰ ਸਿੰਘ ਸੋਢੀ ਤਰਨਾ ਦਲ, ਬਾਬਾ ਨਾਗਰ ਸਿੰਘ ਹਰੀਆਂ ਬੇਲਾਂ ਤੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਆਦਿ ਹਾਜ਼ਰ ਸਨ।

# ਰਿਸ਼ੀਕੇਸ 'ਚ ਦੋ ਸਿੱਖ ਭਰਾਵਾਂ ਦੀ ਕੁੱਟਮਾਰ ਕਰਕੇ ਕੀਤੀ ਦਸਤਾਰਾਂ ਦੀ ਬੇਅਦਬੀ

## ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਘਟਨਾ ਦੀ ਨਿਖੇਧੀ



ਰਿਸ਼ੀਕੇਸ਼ : ਉਤਰਾਖੰਡ ਦੇ ਰਿਸ਼ੀਕੇਸ ਤੋਂ ਇਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿਚ ਭੀੜ ਵਲੋਂ ਇਕ ਸ਼ੋਅਰੂਮ ਉਤੇ ਹਮਲਾ ਕਰ ਦਿੱਤਾ ਜਾਂਦਾ ਹੈ ਤੇ ਇਸ ਦੇ ਸਿੱਖ ਮਾਲਕ ਦੋ ਭਰਾਵਾਂ ਦੀ ਕੁੱਟਮਾਰ ਕੀਤੀ ਜਾਂਦੀ ਹੈ ਤੇ ਉਨ੍ਹਾਂ ਦੀਆਂ ਦਸਤਾਰਾਂ ਦੀ ਵੀ ਬੇਅਦਬੀ ਕੀਤੀ ਜਾਂਦੀ ਹੈ ਜਿਸ ਤੋਂ ਬਾਅਦ ਭੀੜ ਦੇ ਖਿਲਾਫ਼ ਪੰਜਾਬ ਵਿਚੋਂ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ, ਸਰਵਹਰਾ ਨਗਰ ਵਿਚ ਇਕ ਬਾਈਕ ਸ਼ੋਅਰੂਮ ਦੇ ਮਾਲਕ ਅਤੇ ਕੌਂਸਲਰ ਵਿਚਕਾਰ ਪਾਰਕਿੰਗ ਨੂੰ ਲੈ ਕੇ ਝਗੜਾ ਹੋ ਗਿਆ। ਝਗੜਾ ਇੰਨਾ ਵੱਧ ਗਿਆ ਕਿ ਦੋਵਾਂ ਧਿਰਾਂ ਵਿਚਕਾਰ ਜ਼ਬਰਦਸਤ ਲੜਾਈ ਹੋ ਗਈ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਮੌਕੇ ਭੀੜ ਨੇ ਬਾਈਕ ਸ਼ੋਅਰੂਮ 'ਤੇ ਪੱਥਰਬਾਜ਼ੀ ਕੀਤੀ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕੀਤਾ। ਇਸ ਤੋਂ ਬਾਅਦ ਦੋਵੇਂ ਧਿਰਾਂ ਥਾਣੇ ਪਹੁੰਚ ਗਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਅਸੀਂ ਰਿਸ਼ੀਕੇਸ਼ ਵਿਚ ਦੋ ਸਿੱਖ ਕਾਰੋਬਾਰੀਆਂ 'ਤੇ ਹੋਏ ਭੀੜ ਹਮਲੇ ਦੀ ਸਖ਼ਤ ਨਿੰਦਾ ਕਰਦੇਹਾਂ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਦੇ ਹਾਂ। ਅਸੀਂ ਉਤਰਾਖੰਡ ਸਰਕਾਰ ਨੂੰ ਸਾਰੇ ਦੋਸ਼ੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਅਪੀਲ ਕਰਦੇ ਹਾਂ। ਸਰਕਾਰਾਂ ਨੂੰ ਦੇਸ਼ ਭਰ ਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਲੀਡਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਤਰਾਖੰਡ ਦੇ ਰਿਸ਼ੀਕੇਸ਼ ਵਿਚ ਦੋ ਸਿੱਖ ਭਰਾਵਾਂ 'ਤੇ ਭੀੜ ਵਲੋਂ ਹਮਲਾ ਕੀਤਾ ਗਿਆ, ਉਨ੍ਹਾਂ ਦੀਆਂ ਦਸਤਾਰਾਂ ਤੇ ਕੇਸਾਂ ਦੀ ਬੇਅਦਬੀ ਕੀਤੀ ਗਈ ਅਤੇ ਉਨ੍ਹਾਂ ਦੀ ਦੁਕਾਨ ਦੀ ਭੰਨਤੋੜ ਕੀਤੀ ਗਈ। ਉਤਰਾਖੰਡ ਸਰਕਾਰ ਨੂੰ ਕਾਨੂੰਨ ਅਨੁਸਾਰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀਹੈ ਤੇ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਦੇਸ਼ ਵਿਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਕੌਮੀ ਏਕਤਾ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

# ਅਕਾਲ ਤਖ਼ਤ ਵੱਲੋਂ ਬਣਾਈ ਕਮੇਟੀ 18 ਤੋਂ ਸ਼ੁਰੂ ਕਰੇਗੀ ਅਕਾਲੀ ਦਲ ਦੀ ਭਰਤੀ ਮੁਹਿੰਮ

## ਕਮੇਟੀ ਦੇ ਪੰਜ ਮੈਂਬਰਾਂ ਨੇ ਅਕਾਲ ਤਖ਼ਤ ਦੇ ਸਨਮੁੱਖ ਅਰਦਾਸ ਕਰ ਕੇ ਕੀਤਾ ਗਿਆ ਭਰਤੀ ਮੁਹਿੰਮ ਆਰੰਭਣ ਦਾ ਐਲਾਨ; ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਭਰਤੀ ਦੀ ਮਾਨਤਾ 'ਤੇ ਲੱਗਾ ਸਵਾਲੀਆ ਨਿਸ਼ਾਨ



ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਨਿਗਰਾਨ ਕਮੇਟੀ ਵੱਲੋਂ ਪਾਰਟੀ ਦੀ ਭਰਤੀ 18 ਮਾਰਚ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਨਿਗਰਾਨ ਕਮੇਟੀ ਵੱਲੋਂ ਪਾਰਟੀ ਦੀ ਨਵੀਂ ਮੈਂਬਰਸ਼ਿਪ ਦੀ ਭਰਤੀ ਕਰਨ ਸਬੰਧੀ ਕੀਤੇ ਗਏ ਐਲਾਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਗਈ ਭਰਤੀ ਦੀ ਮਾਨਤਾ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਸ੍ਰੀ ਅਕਾਲ ਤਖਤ ਵੱਲੋਂ ਬਣਾਈ ਗਈ ਸੱਤ ਮੈਂਬਰੀ ਨਿਗਰਾਨ ਕਮੇਟੀ ਦੇ ਪੰਜ ਮੈਂਬਰਾਂ ਨੇ ਅੱਜ ਇੱਥੇ ਸ੍ਰੀ ਅਕਾਲ ਤਖਤ ਦੇ ਸਨਮੁੱਖ ਇਸ ਸਬੰਧ ਵਿੱਚ ਅਰਦਾਸ ਕੀਤੀ ਹੈ। ਅਰਦਾਸ ਦੌਰਾਨ ਉਨ੍ਹਾਂ ਨੇ ਭਰਤੀ ਮੁਹਿੰਮ ਦੀ ਸਫਲਤਾ ਵਾਸਤੇ ਗੁਰੂ ਚਰਨਾਂ ਵਿੱਚ ਜੋਦੜੀ ਕੀਤੀ। ਅਰਦਾਸ ਕਰਨ ਵਾਲੇ ਪੰਜ ਮੈਂਬਰਾਂ ਵਿੱਚ ਗੁਰ ਪ੍ਰਤਾਪ ਸਿੰਘ ਵਡਾਲਾ, ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰ ਅਤੇ ਇਕਬਾਲ ਸਿੰਘ ਝੂੰਦਾ ਸ਼ਾਮਿਲ ਸਨ।

ਦੱਸਣਯੋਗ ਹੈ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਇਸ ਕਮੇਟੀ ਦੇ ਮੈਂਬਰਾਂ ਵਜੋਂ ਅਸਤੀਫਾ ਦੇ ਚੁੱਕੇ ਹਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ 2 ਦਸੰਬਰ ਨੂੰ ਸ੍ਰੀ ਅਕਾਲ ਤਖਤ ਦੀ ਫ਼ਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਇਸ ਸੱਤ ਮੈਂਬਰੀ ਨਿਗਰਾਨ ਕਮੇਟੀ ਦਾ ਐਲਾਨ ਕੀਤਾ ਗਿਆ ਸੀ।

ਇਸ ਸਬੰਧ ਵਿੱਚ ਮੀਡੀਆ ਨਾਲ ਗੱਲ ਕਰਦਿਆਂ ਕਮੇਟੀ ਮੈਂਬਰ ਗੁਰ ਪ੍ਰਤਾਪ ਸਿੰਘ ਵਡਾਲਾ ਨੇ ਆਖਿਆ ਕਿ ਅੱਜ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਗਈ ਕਮੇਟੀ ਦੇ ਮੈਂਬਰਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਕਰਨ ਸਬੰਧੀ ਅਰਦਾਸ ਕੀਤੀ ਗਈ ਹੈ ਅਤੇ 18 ਮਾਰਚ ਨੂੰ ਸ੍ਰੀ ਅਕਾਲ ਤਖਤ ਤੋਂ ਇਹ ਭਰਤੀ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਨੇ ਸਮੂਹ ਪੰਥਕ ਜਥੇਬੰਦੀਆਂ, ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ ਤੇ ਸਿੱਖ ਸੰਗਠਨਾਂ ਨੂੰ ਅਪੀਲ ਕੀਤੀ ਹੈ ਕਿ ਉਹ 18 ਮਾਰਚ ਨੂੰ ਸ਼ੁਰੂ ਹੋ ਰਹੀ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਵਿੱਚ ਸ਼ਾਮਿਲ ਹੋਣ। ਉਨ੍ਹਾਂ ਕਿਹਾ ਕਿ ਇਸ ਭਰਤੀ ਮੁਹਿੰਮ ਦਾ ਮੰਤਵ ਇੱਕ ਮਜ਼ਬੂਤ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਰਨਾ ਹੈ। ਮੌਜੂਦਾ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਕਮਜ਼ੋਰ ਹੋ ਕੇ ਨਿਘਾਰ ਵੱਲ ਜਾ ਚੁੱਕਾ ਹੈ, ਜਿਸ ਕਾਰਨ ਸ੍ਰੀ ਅਕਾਲ ਤਖਤ ਵੱਲੋਂ ਸਿੱਖਾਂ ਦੀ ਇਸ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਜਥੇਬੰਦੀ ਵਜੋਂ ਉਭਾਰਨ ਲਈ ਇਸ ਦੀ ਨਵੀਂ ਭਰਤੀ ਰਾਹੀ ਨਵੀਂ ਲੀਡਰਸ਼ਿਪ ਨੂੰ ਅੱਗੇ ਲਿਆਉਣ ਦਾ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਸਿੱਖ ਨੌਜਵਾਨ ਵਰਗ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਅੱਗੇ ਆਉਣ ਤਾਂ ਜੋ ਇੱਕ ਨਵੀਂ ਲੀਡਰਸ਼ਿਪ ਨੂੰ ਉਭਾਰਿਆ ਜਾ ਸਕੇ।

# ਪੰਜਾਬ ਦੀ ਸਿਆਸਤ 'ਚ ਨੌਜਵਾਨ ਵੱਡੀ ਭੂਮਿਕਾ ਨਿਭਾਅ ਸਕਦੇ : ਗਿਆਨੀ ਹਰਪ੍ਰੀਤ ਸਿੰਘ

## ਬਾਦਲ ਧੜਾ ਮੇਰੇ ਉੱਤੇ ਵੱਟੇ ਮਾਰ ਰਿਹਾ ਹੈ ਪਤਾ ਨਹੀਂ ਮੇਰੇ ਉੱਤੇ ਕਿਹੜੇ ਫ਼ਲ ਦਿਖ ਰਹੇ ਹਨ



ਪਟਿਆਲਾ: ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਕਦੇ ਖਤਮ ਨਹੀਂ ਹੋਵੇਗਾ ਕਿਉਂਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਬਣਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਬੰਦੇ ਆਉਂਦੇ ਹਨ ਤੇ ਚੱਲੇ ਜਾਂਦੇ ਹਨ। ਉਨ੍ਹਾਂ ਨੇ ਕਿਹਾ ਹੈ ਕਿ 5 ਮੈਂਬਰੀ ਕਮੇਟੀ ਦੇ 5 ਮੈਂਬਰਾਂ ਦੀ ਤਾਰੀਫ਼ ਕਰਦਾ ਹਾਂ ਉਹ ਅਡੋਲ ਖੜ੍ਹੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਨੌਜਵਾਨ ਜਦੋ ਕੌਮ ਵਿਚ ਉੱਠਦਾ ਤਾਂ ਕਈ ਸਮੱਸਿਆਵਾ ਦਾ ਹੱਲ ਕਰ ਦਿੰਦਾ ਹਾਂ।

ਉਨ੍ਹਾਂ ਨੇ ਕਿਹਾ ਹੈ ਕਿ ਬਾਦਲ ਧੜਾ ਮੇਰੇ ਉੱਤੇ ਵੱਟੇ ਮਾਰ ਰਹੇ ਹਨ ਪਤਾ ਨਹੀਂ ਮੇਰੇ ਉੱਤੇ ਕਿਹੜੇ ਫਲ ਦਿਖ ਰਹੇ ਹਨ ਜੇਕਰ ਫਲ ਨਾ ਦਿੱਸਦਾ ਹੁੰਦਾ ਫਿਰ ਵੱਟੇ ਨਹੀਂ ਮਾਰਨੇ ਸਨ। ਉਨ੍ਹਾਂ ਨੇ ਕਿਹਾ ਹੈ ਕਿ 5 ਮੈਂਬਰੀ ਕਮੇਟੀ ਨੂੰ ਸੰਗਤ ਨੂੰ ਸਹਿਯੋਗ ਦੇਣਾ ਚਾਹੀਦਾ ਹੈ । ਉਨ੍ਹਾਂ ਨੇ ਕਿਹਾ ਹੈ ਕਿ ਇਹ ਪੰਜ ਬੰਦੇ ਮੈਂ ਸਮਝਦਾ ਕਿ ਇਹ ਗੁਰੂ ਦੇ ਸਿਧਾਂਤਾਂ ਦੇ ਉੱਤੇ ਪਹਿਰੇਦਾਰੀ ਕਰਦੇ ਆਂ ਇਹ ਅਡੋਲ ਰਹੇ ਨੇ ਤੇ ਜਿਹੜਾ ਗੁਰੂ ਦੇ ਸਿਧਾਂਤਾਂ ਨਾਲ ਖੜ ਜਾਂਦਾ ਉਹ ਅਡੋਲ ਰਹਿੰਦਾ। ਉਨ੍ਹਾਂ ਨੇ ਕਿਹਾ ਹੈ ਕਿ ਲੱਖਾਂ ਹੀ ਤੂਫਾਨ ਆਉਣ ਦੇ ਬਾਵਜੂਦ ਵੀ ਟੁੱਟਦਾ ਨਹੀਂ ਤੇ ਉਹਦਾ ਮਾਣ ਸਨਮਾਨ ਵੀ ਕਰਨਾ ਚਾਹੀਦਾ ਹੈ।

ਨੌਜਵਾਨ ਪੰਜਾਬ ਦੀ ਸਿਆਸਤ ਵਿੱਚ ਵੱਡੀ ਭੂਮਿਕਾ ਨਿਭਾ ਸਕਦਾ ਹੈ ਅਤੇ ਸਿਆਸਤ ਨਿਘਾਰ ਵੱਲ ਚੱਲੇ ਗਈ ਹੈ ਅਤੇ ਇਸ ਦਾ ਪੰਜਾਬ ਨੁਕਸਾਨ ਭੁਗਤ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਭੁਗਤਣਗੇ ਪਰ ਨੌਜਵਾਨ ਹੀ ਉੱਤੇ ਚੁੱਕ ਸਕਦੇ ਹਨ।

# ਮੁੱਖ ਮੰਤਰੀ ਵੱਲੋਂ 15 ਹੜਤਾਲੀ ਮਾਲ ਅ਼ਫਸਰ ਮੁਅੱਤਲ

## • ਮਾਲ ਅ਼ਫਸਰਾਂ ਨੂੰ ਭ੍ਰਿਸ਼ਟਾਚਾਰ ਦੀ ਖੁੱਲ੍ਹ ਨਹੀਂ ਦਿੱਤੀ ਜਾਵੇਗੀ: ਭਗਵੰਤ ਮਾਨ

### • ਤਹਿਸੀਲ ਦਫਤਰਾਂ 'ਚ ਰਜਿਸਟਰੀਆਂ ਦੇ ਬਦਲਵੇਂ ਪ੍ਰਬੰਧ ਕੀਤੇ; ਤਹਿਸੀਲਦਾਰਾਂ ਦੇ ਦੂਰ-ਦੁਰਾਡੇ ਕੀਤੇ ਤਬਾਦਲੇ; ਪੰਜਾਬ ਸਰਕਾਰ ਵੱਲੋਂ ਚਿਤਾਵਨੀ ਪੱਤਰ ਜਾਰੀ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਹੜਤਾਲੀ ਤਹਿਸੀਲਦਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ 15 ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਮੁਅੱਤਲ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਸਪੱਸ਼ਟ ਸੁਨੇਹਾ ਦਿੱਤਾ ਕਿ ਸੂਬਾ ਸਰਕਾਰ ਵੱਢੀਖੋਰੀ ਦੇ ਇਲਜ਼ਾਮਾਂ 'ਚ ਘਿਰੇ ਭ੍ਰਿਸ਼ਟ ਅਫ਼ਸਰਾਂ ਅੱਗੇ ਝੁਕੇਗੀ ਨਹੀਂ ਅਤੇ ਦੇਰ ਸ਼ਾਮ ਪੰਜਾਬ ਸਰਕਾਰ ਨੇ ਵੱਡੀ ਪੱਧਰ 'ਤੇ ਮਾਲ ਅਫ਼ਸਰਾਂ 'ਤੇ ਦੂਰ ਦੁਰਾਡੇ ਤਬਾਦਲੇ ਕਰ ਦਿੱਤੇ। 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਇਹ ਦੂਜਾ ਮੌਕਾ ਹੈ ਕਿ ਜਦੋਂ ਸਰਕਾਰ ਨੇ ਮਾਲ ਅਫ਼ਸਰਾਂ ਨੂੰ ਆੜੇ ਹੱਥੀਂ ਲਿਆ ਹੈ। ਜਨਵਰੀ 2023 'ਚ ਪੀਸੀਐੱਸ ਆਫੀਸਰਜ਼ ਐਸੋਸੀਏਸ਼ਨ ਅਤੇ ਰੈਵੇਨਿਊ ਆਫ਼ੀਸਰਜ਼ ਐਸੋਸੀਏਸ਼ਨ ਨੇ ਸਾਂਝੇ ਤੌਰ 'ਤੇ ਅੰਦੋਲਨ ਵਿੱਢਿਆ ਸੀ, ਜਿਸ ਮਗਰੋਂ ਮੁੱਖ ਮੰਤਰੀ ਨੇ ਅਲਟੀਮੇਟਮ ਦਿੱਤਾ ਸੀ। ਚਿਤਾਵਨੀ ਪਿੱਛੋਂ ਅਧਿਕਾਰੀ ਡਿਊਟੀ 'ਤੇ ਪਰਤ ਆਏ ਸਨ। ਪੰਜਾਬ ਵਿੱਚ 181 ਸਬ-ਰਜਿਸਟਰਾਰ ਦਫ਼ਤਰ ਹਨ, ਜਦਕਿ 250 ਦੇ ਕਰੀਬ ਮਾਲ ਅਫ਼ਸਰ ਹਨ। ਪੰਜਾਬ ਸਰਕਾਰ ਨੇ ਪਹਿਲਾਂ ਅੱਜ ਤਹਿਸੀਲਾਂ 'ਚ ਰਜਿਸਟਰੀਆਂ ਲਈ ਬਦਲਵੇਂ ਪ੍ਰਬੰਧ ਕੀਤੇ ਅਤੇ ਉਸ ਮਗਰੋਂ ਵਧੀਕ ਮੁੱਖ ਸਕੱਤਰ (ਮਾਲ) ਅਨੁਰਾਗ ਵਰਮਾ ਨੇ ਪੰਜਾਬ ਦੇ ਹੜਤਾਲੀ ਮਾਲ ਅਫ਼ਸਰਾਂ ਨੂੰ ਚਿਤਾਵਨੀ ਪੱਤਰ ਜਾਰੀ ਕੀਤਾ ਕਿ ਉਹ ਸ਼ਾਮ ਦੇ ਪੰਜ ਵਜੇ ਤੱਕ ਡਿਊਟੀ 'ਤੇ ਪਰਤਣ ਜਾਂ ਫਿਰ ਉਹ ਮੁਅੱਤਲੀ ਲਈ ਤਿਆਰ ਰਹਿਣ। ਅੱਜ ਸਵੇਰੇ ਮੁੱਖ ਮੰਤਰੀ ਨੇ ਤਹਿਸੀਲਾਂ 'ਚ ਬਦਲਵੇਂ ਪ੍ਰਬੰਧ ਕਰਨ ਲਈ ਹਰੀ ਝੰਡੀ ਦਿੱਤੀ, ਜਿਸ ਮਗਰੋਂ ਸਮੁੱਚੇ ਪੰਜਾਬ ਦੀਆਂ ਤਹਿਸੀਲਾਂ 'ਚ ਪੀਸੀਐੱਸ ਅਫ਼ਸਰਾਂ, ਕਾਨੂੰਨਗੋ ਅਤੇ ਸੀਨੀਅਰ ਸਹਾਇਕਾਂ ਨੇ ਰਜਿਸਟ ?ਰੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ। ਪਤਾ ਲੱਗਿਆ ਹੈ ਕਿ ਅੱਜ ਕਰੀਬ 900 ਰਜਿਸਟਰੀਆਂ ਲਈ ਲੋਕਾਂ ਨੇ ਆਨਲਾਈਨ ਤਰੀਕ ਲਈ ਹੋਈ ਸੀ। ਵਧੀਕ ਮੁੱਖ ਸਕੱਤਰ (ਮਾਲ) ਨੇ ਅੱਜ ਪੱਤਰ ਜਾਰੀ ਕਰਕੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਜਿੱਥੇ ਜਿੱਥੇ ਸਬ ਰਜਿਸਟਰ/ਜੁਆਇੰਟ ਸਬ ਰਜਿਸਟਰਾਰ ਹੜਤਾਲ, ਸਮੂਹਿਕ ਛੁੱਟੀ ਜਾਂ ਹੋਰਨਾਂ ਕਾਰਨਾਂ ਕਰਕੇ ਗ਼ੈਰਹਾਜ਼ਰ ਹਨ, ਉੱਥੇ ਸਬ ਰਜਿਸਟਰਾਰ ਦਾ ਚਾਰਜ ਪੀਸੀਐੱਸ ਅਫ਼ਸਰਾਂ ਤੋਂ ਇਲਾਵਾ ਕਾਨੂੰਨਗੋਆਂ ਤੇ ਸੀਨੀਅਰ ਸਹਾਇਕਾਂ ਨੂੰ ਦੇ ਦਿੱਤਾ ਜਾਵੇ ਜਿਨ੍ਹਾਂ ਵੱਲੋਂ ਨਾਇਬ ਤਹਿਸੀਲਦਾਰ ਦੀ ਤਰੱਕੀ ਵਾਲੀ ਵਿਭਾਗੀ ਪ੍ਰੀਖਿਆ ਪਹਿਲਾਂ ਹੀ ਪਾਸ ਕੀਤੀ ਹੋਈ ਹੈ। ਅੱਜ ਜ਼ਿਲ੍ਹਿਆਂ ਵਿਚ ਫ਼ੌਰੀ ਇਨ੍ਹਾਂ ਹੁਕਮਾਂ ਨੂੰ ਲਾਗੂ ਕੀਤਾ ਗਿਆ। ਪੰਜਾਬ ਸਰਕਾਰ ਨੇ ਇਸੇ ਦੌਰਾਨ ਚਿਤਾਵਨੀ ਪੱਤਰ ਜਾਰੀ ਕੀਤਾ ਕਿ ਜੇ ਹੜਤਾਲੀ ਤਹਿਸੀਲਦਾਰ ਸ਼ਾਮ ਪੰਜ ਵਜੇ ਤੱਕ ਡਿਊਟੀ 'ਤੇ ਨਾ ਪਰਤੇ ਤਾਂ ਉਨ੍ਹਾਂ ਦੀ ਮੁਅੱਤਲੀ ਹੋਵੇਗੀ ਅਤੇ ਇਸ ਨੂੰ ਸਰਵਿਸ ਵਿਚ ਬਰੇਕ ਵਜੋਂ ਅੰਕਿਤ ਕੀਤਾ ਜਾਵੇਗਾ। ਜੋ ਅਧਿਕਾਰੀ ਪ੍ਰੋਬੇਸ਼ਨ ਪੀਰੀਅਡ 'ਤੇ ਚੱਲ ਰਹੇ ਹਨ, ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕੀਤੀਆਂ ਜਾਣਗੀਆਂ। ਪੰਜਾਬ ਸਰਕਾਰ ਨੇ ਤਹਿਸੀਲਾਂ ਵਿਚ ਅੱਜ ਬਦਲਵੇਂ ਪ੍ਰਬੰਧ ਕੀਤੇ ਸਨ। ਮੁੱਖ ਮੰਤਰੀ ਨੇ ਅੱਜ ਬਨੂੜ, ਖਰੜ ਅਤੇ ਜ਼ੀਰਕਪੁਰ ਦੀਆਂ ਤਹਿਸੀਲਾਂ ਦਾ ਦੌਰਾ ਕਰਕੇ ਨਵੇਂ ਕੀਤੇ ਬਦਲਵੇਂ ਪ੍ਰਬੰਧਾਂ ਦਾ ਖ਼ੁਦ ਜਾਇਜ਼ਾ ਲਿਆ।



### ਮਾਲ ਅ਼ਫਸਰਾਂ ਦੀ ਭਰਤੀ ਜਲਦੀ: ਮੁੱਖ ਮੰਤਰੀ

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਆਉਂਦੇ ਦਿਨਾਂ ਵਿੱਚ ਨਵੇਂ ਤਹਿਸੀਲਦਾਰ ਤੇ ਮਾਲ ਅਧਿਕਾਰੀ ਭਰਤੀ ਕਰੇਗੀ ਜਿਸ ਲਈ ਕੈਬਨਿਟ ਵਿੱਚ ਏਜੰਡਾ ਲਿਆਂਦਾ ਜਾਵੇਗਾ। ਮੁੱਖ ਮੰਤਰੀ ਨੇ ਸਪੱਸ਼ਟ ਕਿਹਾ ਕਿ ਸੂਬਾ ਸਰਕਾਰ ਭ੍ਰਿਸ਼ਟ ਅਫ਼ਸਰਾਂ ਅੱਗੇ ਝੁਕੇਗੀ ਨਹੀਂ। ਉਨ੍ਹਾਂ ਕਿਹਾ ਕਿ ਸਮੂਹਿਕ ਛੁੱਟੀ ਉੱਤੇ ਗਏ ਅਧਿਕਾਰੀ ਭ੍ਰਿਸ਼ਟਾਚਾਰ ਲਈ ਲਾਇਸੈਂਸ ਮੰਗ ਰਹੇ ਹਨ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਬਾਂਹ ਮਰੋੜਨ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਅੱਗੇ ਝੁਕਾਂਗੇ ਨਹੀਂ ਅਤੇ ਇਨ੍ਹਾਂ ਭ੍ਰਿਸ਼ਟ ਤੇ ਘਮੰਡੀ ਅਫ਼ਸਰਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਾਂਗੇ।

### ਮਾਲ ਅਫਸਰਾਂ ਨੂੰ ਬਦਨਾਮ ਕੀਤਾ ਜਾ ਰਿਹੈ: ਐਸੋਸੀਏਸ਼ਨ

ਪੰਜਾਬ ਮਾਲ ਰੈਵੇਨਿਊ ਆਫੀਸਰਜ਼ ਐਸੋਸੀਏਸ਼ਨ ਦੇ ਕਾਰਜਕਾਰੀ ਪ੍ਰਧਾਨ ਲਛਮਣ ਸਿੰਘ ਦਾ ਕਹਿਣਾ ਸੀ ਕਿ ਅੱਜ ਸਾਰੇ ਮਾਲ ਅਫ਼ਸਰ 9 ਤੋਂ 5 ਵਜੇ ਤੱਕ ਡਿਊਟੀ 'ਤੇ ਹਾਜ਼ਰ ਰਹੇ ਹਨ ਤੇ ਸਿਰਫ਼ ਰਜਿਸਟ ?ਰੇਸ਼ਨ ਦਾ ਕੰਮ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਰੇ ਮਾਲ ਅਫ਼ਸਰ ਭ੍ਰਿਸ਼ਟ ਨਹੀਂ ਹਨ ਅਤੇ ਸਰਕਾਰ ਫੋਕੀ ਸ਼ੋਹਰਤ ਲਈ ਬਿਨਾਂ ਗੱਲ ਤੋਂ ਉਨ੍ਹਾਂ ਨੂੰ ਬਦਨਾਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਸਿਰਫ਼ ਪੰਜ ਫ਼ੀਸਦੀ ਹੀ ਰਜਿਸਟ੍ਰੇਸ਼ਨ ਦਾ ਕੰਮ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਤਬਾਦਲੇ ਕਰਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ।

### ਸੱਤ ਤਹਿਸੀਲਦਾਰ ਤੇ ਅੱਠ ਨਾਇਬ ਤਹਿਸੀਲਦਾਰ ਮੁਅੱਤਲ

ਵਧੀਕ ਮੁੱਖ ਸਕੱਤਰ (ਮਾਲ) ਵੱਲੋਂ ਜਾਰੀ ਹੁਕਮਾਂ ਅਨੁਸਾਰ ਸੱਤ ਤਹਿਸੀਲਦਾਰ ਅਤੇ ਅੱਠ ਨਾਇਬ ਤਹਿਸੀਲਦਾਰ ਮੁਅੱਤਲ ਕੀਤੇ ਗਏ ਹਨ। ਜ਼ਿਲ੍ਹਾ ਮੋਗਾ 'ਚ ਬਾਘਾਪੁਰਾਣਾ ਦੇ ਤਹਿਸੀਲਦਾਰ ਗੁਰਮੁਖ ਸਿੰਘ ਤੇ ਨਾਇਬ ਤਹਿਸੀਲਦਾਰ ਭੀਮ ਸੈਨ, ਸਮਾਲਸਰ ਦੇ ਅਮਰਪ੍ਰੀਤ ਸਿੰਘ, ਧਰਮਕੋਟ ਦੇ ਰਮੇਸ਼ ਢੀਂਗਰਾ, ਬੱਧਨੀ ਕਲਾਂ ਦੇ ਹਮੀਸ਼ ਕੁਮਾਰ ਅਤੇ ਨਿਹਾਲ ਸਿੰਘ ਵਾਲਾ ਦੇ ਸੁਖਵਿੰਦਰ ਸਿੰਘ (ਸਾਰੇ ਨਾਇਬ ਤਹਿਸੀਲਦਾਰ), ਫ਼ਿਰੋਜ਼ਪੁਰ ਜ਼ਿਲ੍ਹੇ ਦੇ ਗੁਰੂਹਰਸਹਾਏ ਦੇ ਤਹਿਸੀਲਦਾਰ ਰਜਿੰਦਰ ਸਿੰਘ ਤੇ ਫ਼ਿਰੋਜ਼ਪੁਰ ਦੇ ਨਾਇਬ ਤਹਿਸੀਲਦਾਰ ਜਗਤਾਰ ਸਿੰਘ, ਪੱਟੀ ਦੇ ਤਹਿਸੀਲਦਾਰ ਲਛੱਮਣ ਸਿੰਘ ਨੂੰ ਵੀ ਮੁਅੱਤਲ ਕੀਤਾ ਗਿਆ ਹੈ। ਇਸੇ ਤਰ੍ਹਾਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਬਰੀਵਾਲਾ ਦੇ ਤਹਿਸੀਲਦਾਰ ਪਰਮਿੰਦਰ ਸਿੰਘ, ਮਲੋਟ ਦੇ ਤਹਿਸੀਲਦਾਰ ਜਤਿੰਦਰ ਪਾਲ ਸਿੰਘ, ਗਿੱਦੜਬਾਹਾ ਦੇ ਤਹਿਸੀਲਦਾਰ ਕੰਵਲਦੀਪ ਸਿੰਘ ਤੋਂ ਇਲਾਵਾ ਮੁਕਤਸਰ ਦੇ ਰਣਜੀਤ ਸਿੰਘ ਖੈਰਾ, ਗਿੱਦੜਬਾਹਾ ਦੇ ਅੰਮ੍ਰਿਤਾ ਅਗਰਵਾਲ ਅਤੇ ਦੋਦਾ ਦੇ ਬਲਵਿੰਦਰ ਸਿੰਘ (ਸਾਰੇ ਨਾਇਬ ਤਹਿਸੀਲਦਾਰ) ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਹੈ।

## ਮਨੁੱਖੀ ਤਸਕਰੀ ਕਰਨ ਵਾਲੇ ਏਜੰਟ ਬ਼ਖਸ਼ੇ ਨਹੀਂ ਜਾਣਗੇ: ਧਾਲੀਵਾਲ

### ਐੱਨਆਰਆਈ ਮਾਮਲਿਆਂ ਬਾਰੇ ਮੰਤਰੀ ਨੇ ਪਰਵਾਸੀ ਪੰਜਾਬੀਆਂ ਨਾਲ ਕੀਤੀ ਮਿਲਣੀ



ਨਵਾਂਸ਼ਹਿਰ : ਐੱਨਆਰਆਈ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮਨੁੱਖੀ ਤਸਕਰੀ ਕਰਨ ਵਾਲੇ ਏਜੰਟ ਬਖ਼ਸ਼ੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਸ਼ਿਕਾਇਤਾਂ ਦੀ ਜਾਂਚ ਮਗਰੋਂ ਦੋਸ਼ੀ ਪਾਏ ਜਾਣ ਵਾਲੇ ਅਜਿਹੇ ਏਜੰਟਾਂ ਤੋਂ ਪਾਈ-ਪਾਈ ਦਾ ਹਿਸਾਬ ਲਿਆ ਜਾਵੇਗਾ। ਉਹ ਕਸਬਾ ਔੜ ਵਿੱਚ ਪਰਵਾਸੀ ਪੰਜਾਬੀਆਂ ਨਾਲ ਮਿਲਣੀ ਪ੍ਰੋਗਰਾਮ ਦੌਰਾਨ ਗੱਲਬਾਤ ਕਰ ਰਹੇ ਸਨ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ ਜਾਣ ਲਈ ਗ਼ੈਰਕਾਨੂੰਨੀ ਤਰੀਕੇ ਨਾ ਅਪਣਾਉਣ ਕਿਉਂਕਿ ਡੰਕੀ ਰਸਤਾ ਉਨ੍ਹਾਂ ਦੀਆਂ ਜਾਨ ਖ਼ਤਰ ਹੋ ਸਕਦਾ ਹੈ। ਮਨੁੱਖੀ ਤਸਕਰੀ ਖ਼ਤਰਨਾਕ ਹੈ। ਏਜੰਟ ਭੋਲੇ-ਭਾਲੇ ਲੋਕ ਨੂੰ ਫਸਾ ਕੇ ਜਿੱਥੇ ਮੋਟੀ ਰਕਮ ਲੈਂਦੇ ਹਨ, ਉੱਥੇ ਹੀ ਨੌਜਵਾਨਾਂ ਦੀ ਜਾਨ ਖ਼ਤਰੇ 'ਚ ਪਾਉਂਦੇ ਹਨ। ਇਸ ਮੌਕੇ ਪੰਜਾਬ ਕੰਟੇਨਰ ਤੇ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਪੰਜਾਬ ਜਲ ਸਰੋਤ ਪ੍ਰਬੰਧਕੀ ਤੇ ਵਿਕਾਸ ਕਾਰਪੋਰੇਸ਼ਨ ਦੇ ਉਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ ਅਤੇ ਨਗਰ ਸੁਧਾਰ ਟਰੱਸਟ ਨਵਾਂਸ਼ਹਿਰ ਦੇ ਟਰੱਸਟੀ ਹਰਜੋਤ ਕੌਰ ਲੋਹਟੀਆ, ਪਰਵਾਸੀ ਭਾਰਤੀ ਰਾਜ ਭਨੋਟ ਵੀ ਸ਼ਾਮਲ ਸਨ। ਇਸ ਦੌਰਾਨ ਡਿਪੋਰਟ ਪੰਜਾਬੀਆਂ ਸਬੰਧੀ ਉਨ੍ਹਾਂ ਕਿ ਇਹ ਲੋਕ ਸਾਡੇ ਆਪਣੇ ਹਨ, ਕੋਈ ਅਪਰਾਧੀ ਨਹੀਂ। ਇਨ੍ਹਾਂ ਲੋਕਾਂ ਨੂੰ ਕੁਝ ਟਰੈਵਲ ਏਜੰਟਾਂ ਵੱਲੋਂ ਠੱਗਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਮੰਨਣਾ ਹੈ ਕਿ ਅਜਿਹੇ ਕੇਸਾਂ 'ਚ ਹਮਦਰਦੀ ਨਾਲ ਵਿਚਾਰ ਕਰਨ ਦੀ ਲੋੜ ਹੈ।

## ਮੁੱਖ ਮੰਤਰੀ ਦੀ ਘੁਰਕੀ ਮਗਰੋਂ ਸਬ ਰਜਿਸਟਰਾਰ ਡਿਊਟੀ 'ਤੇ ਪਰਤੇ

ਜਲੰਧਰ : ਪੰਜਾਬ ਸਰਕਾਰ ਦੀਆਂ ਸਖ਼ਤ ਹਦਾਇਤਾਂ ਤੋਂ ਬਾਅਦ ਜ਼ਿਲ੍ਹਾ ਜਲੰਧਰ ਦੇ ਸਬ-ਰਜਿਸਟਰਾਰਾਂ ਨੇ ਤਹਿਸੀਲਾਂ ਵਿੱਚ ਨਿਰਵਿਘਨ ਪ੍ਰਾਪਰਟੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਲਈ ਮੰਗਲਵਾਰ ਨੂੰ ਆਪਣੀ ਡਿਊਟੀ ਮੁੜ ਸ਼ੁਰੂ ਕਰ ਦਿੱਤੀ ਹੈ। ਇਸ ਦਾ ਉਦੇਸ਼ ਸਬ ਰਜਿਸਟਰਾਰ ਦਫ਼ਤਰਾਂ ਵਿੱਚ ਨਾਗਰਿਕ ਸੇਵਾਵਾਂ ਨੂੰ ਸੁਚਾਰੂ ਬਣਾਉਣਾ ਹੈ। ਪੰਜਾਬ ਦੇ ਬਾਗਬਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ, ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਅਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸਬ ਰਜਿਸਟਰਾਰ ਦਫ਼ਤਰਾਂ ਦਾ ਨਿਰੀਖਣ ਕੀਤਾ। ਉਨ੍ਹਾਂ ਮਾਲ ਅਫ਼ਸਰਾਂ ਦੀ ਆਪਣੀ ਡਿਊਟੀ ਮੁੜ ਜੁਆਇਨ ਕਰਨ ਦੀ ਸ਼ਲਾਘਾ ਕੀਤੀ ਅਤੇ ਨਾਗਰਿਕਾਂ ਨੂੰ ਨਿਰਵਿਘਨ ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਅਧਿਕਾਰੀਆਂ ਕਿਹਾ ਕਿ ਜਾਇਦਾਦ ਰਜਿਸਟ੍ਰੇਸ਼ਨ ਸੇਵਾਵਾਂ ਪੂਰੀ ਤਰ੍ਹਾਂ ਮੁੜ ਸ਼ੁਰੂ ਹੋ ਗਈਆਂ ਹਨ,



ਜਿਸ ਨਾਲ ਹੁਣ ਲੋਕਾਂ ਨੂੰ ਬੇਲੋੜੀ ਦੇਰੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਉਨ੍ਹਾਂ ਸਬ ਰਜਿਸਟਰਾਰਾਂ ਨੂੰ ਮਾਲ ਅਫ਼ਸਰਾਂ ਦੀ ਹੜਤਾਲ ਕਾਰਨ ਪੈਦਾ ਹੋਏ ਬੈਕਲਾਗ ਨੂੰ ਦੂਰ ਕਰਨ ਲਈ ਤਹਿਸੀਲ ਦਫ਼ਤਰਾਂ ਵਿੱਚ ਵਾਧੂ ਸਮਾਂ ਦੇਣ ਦੀ ਹਦਾਇਤ ਵੀ ਕੀਤੀ।

ਸਰਕਾਰ ਦੀ ਲੋਕਪੱਖੀ ਪਹੁੰਚ ਨੂੰ ਦੁਹਰਾਉਂਦਿਆਂ ਕੈਬਨਿਟ ਮੰਤਰੀ, ਚੇਅਰਪਰਸਨ ਅਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਨਿਰਵਿਘਨ ਤੇ ਸੁਚਾਰੂ ਪ੍ਰਾਪਰਟੀ ਰਜਿਸਟ੍ਰੇਸ਼ਨ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾਣਗੇ।

ਉਨ੍ਹਾਂ ਲੋਕਾਂ ਨੂੰ ਰਜਿਸਟ ?ਰੇਸ਼ਨ ਸਬੰਧੀ ਬਿਨਾਂ ਕਿਸੇ ਝਿਜਕ ਦੇ ਆਪਣੇ ਤਹਿਸੀਲ ਦਫ਼ਤਰਾਂ ਵਿੱਚ ਪਹੁੰਚਣ ਦੀ ਅਪੀਲ ਕੀਤੀ।

## ਤਹਿਸੀਲਦਾਰਾਂ ਨੇ ਵਾਪਸ ਲਈ ਹੜਤਾਲ

ਪਟਿਆਲਾ : ਆਪਣੀਆਂ ਮੰਗਾਂ ਦੀ ਪੂਰਤੀ ਲਈ ਸੋਮਵਾਰ ਤੋਂ ਸਮੂਹਿਕ ਛੁੱਟੀ ਲੈ ਕੇ ਰਾਜ ਵਿਆਪੀ ਹੜਤਾਲ 'ਤੇ ਚੱਲ ਰਹੇ ਪੰਜਾਬ ਭਰ ਦੇ ਤਹਿਸੀਲਦਾਰਾਂ ਵੱਲੋਂ ਅੱਜ ਆਪਣੀ ਹੜਤਾਲ ਵਾਪਸ ਲੈ ਲਈ ਗਈ ਹੈ। ਯਾਦ ਰਹੇ ਕਿ ਸੋਮਵਾਰ ਤੋਂ ਸਾਰੇ ਤਹਿਸੀਲਦਾਰਾਂ ਨੇ ਸਮੂਹਿਕ ਛੁੱਟੀ ਲੈ ਲਈ ਸੀ।

ਇਸ ਦਾ ਗੰਭੀਰ ਨੋਟਿਸ ਲੈਂਦਿਆਂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਏ ਗਏ ਸਖ਼ਤ ਐਕਸ਼ਨ ਦੌਰਾਨ ਪਹਿਲਾਂ ਜਿੱਥੇ ਮਾਲ ਵਿਭਾਗ ਨਾਲ ਸਬੰਧਤ ਰਜਿਸਟਰੀਆਂ ਕਰਵਾਉਣ ਲਈ ਹੋਰਨਾਂ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ, ਉੱਥੇ ਹੀ ਕਈ ਤਹਿਸੀਲਦਾਰ ਮੁਅੱਤਲ ਵੀ ਕਰ ਦਿੱਤੇ ਗਏ। ਫਿਰ ਅੱਜ ਵੱਡੇ ਪੱਧਰ 'ਤੇ ਤਹਿਸੀਲਦਾਰਾਂ ਦੇ ਇਧਰ ਉਧਰ ਤਬਾਦਲੇ ਕੀਤੇ ਗਏ ਹਨ।

ਇਸ ਦੌਰਾਨ ਦੇਖਣ ਵਿੱਚ ਆਇਆ ਕਿ ਮੁੱਖ ਤੌਰ 'ਤੇ ਜਿਹੜੇ ਤਹਸੀਲਦਾਰ ਚੰਗੀਆਂ ਥਾਵਾਂ 'ਤੇ ਲੱਗੇ ਸਨ, ਉਨ੍ਹਾਂ ਨੂੰ ਮਾੜੀਆਂ ਜਾਂ ਸਧਾਰਨ ਥਾਵਾਂ 'ਤੇ ਲਾਇਆ ਗਿਆ ਹੈ, ਜਦਕਿ ਮਾੜੀਆਂ ਥਾਵਾਂ ਵਾਲਿਆਂ ਨੂੰ ਵਧੀਆ ਸਟੇਸ਼ਨ ਦਿੱਤੇ ਗਏ ਹਨ। ਇਸ ਤੋਂ ਇਲਾਵਾ ਇਹ ਬਦਲੀਆਂ ਵੀ ਦੂਰ-ਦੁਰਾਡੇ ਕੀਤੀਆਂ ਗਈਆਂ ਹਨ।

ਇਸੇ ਦੌਰਾਨ ਤਹਿਸੀਲਦਾਰਾਂ ਦੇ ਬਣੇ ਇੱਕ ਵਟਸਐਪ ਗਰੁੱਪ 'ਚ 'ਪੰਜਾਬ ਰੈਵਿਨਿਊ ਅਫ਼ਸਰ ਐਸੋਸੀਏਸ਼ਨ ਪੰਜਾਬ' ਦੇ ਸੂਬਾਈ ਪ੍ਰਧਾਨ ਲਛਮਣ ਸਿੰਘ ਰੰਧਾਵਾ ਨੇ ਸੁਨੇਹਾ ਪਾ ਕੇ ਸਾਥੀ ਤਹਿਸੀਲਦਾਰਾਂ ਨੂੰ ਸੂਚਿਤ ਕੀਤਾ ਹੈ ਕਿ ਕਿਸਾਨਾਂ ਦੇ ਧਰਨਿਆਂ ਕਾਰਨ ਬਣੀ ਅਮਨ ਕਾਨੂੰਨ ਦੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਭਰ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਸੁਨੇਹੇ ਆ ਰਹੇ ਹਨ, ਜਿਸ ਦੇ ਚਲਦਿਆਂ ਉਨ੍ਹਾਂ ਨੇ ਆਪਣੀ ਸਮੂਹਿਕ ਛੁੱਟੀ ਅੱਗੇ ਨਾ ਵਧਾਉਣ ਦਾ ਫੈਸਲਾ ਲਿਆ।

# ਕਿਸਾਨਾਂ ਦੇ ਧਰਨੇ ਕਾਰਨ ਕਈ ਕਿਸਾਨ ਆਗੂ ਨਜ਼ਰਬੰਦ, ਚੰਡੀਗੜ੍ਹ-ਪੰਜਾਬ ਬਾਰਡਰ 'ਤੇ ਲੱਗੇ ਜਾਮ ਕਾਰਨ ਲੋਕ ਪ੍ਰੇਸ਼ਾਨ

## ਕਈ ਥਾਈਂ ਮੋਰਚੇ ਲਾ ਕੇ ਬੈਠੇ ਕਿਸਾਨ-ਸੂਬੇ ਭਰ 'ਚ ਸੈਂਕੜੇ ਆਗੂਆਂ ਨੂੰ ਹਿਰਾਸਤ 'ਚ ਲਿਆ ਤੇ ਕਈਆਂ ਨੂੰ ਛੱਡਿਆ



ਚੰਡੀਗੜ੍ਹ-ਪੰਜਾਬ ਸਰਕਾਰ ਵਿਰੁੱਧ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੂੰ ਸੰਗਰੂਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਜੋਗਿੰਦਰ ਸਿੰਘ ਉਗਰਾਹਾਂ ਪਿੰਡ ਘਰਾਚੋਂ ਦੀ ਅਨਾਜ ਮੰਡੀ ਵਿੱਚ ਪਹੁੰਚ ਰਹੇ ਸਨ ਜਿੱਥੇ ਵੱਡੀ ਗਿਣਤੀ ਦੇ ਵਿੱਚ ਕਿਸਾਨ ਇਕੱਠੇ ਹੋਏ ਸਨ। ਉੱਥੇ ਪਹੁੰਚਣ ਤੋਂ ਪਹਿਲਾਂ ਹੀ ਉਹਨਾਂ ਨੂੰ ਰਸਤੇ ਦੇ ਵਿੱਚ ਘੇਰ ਪੁਲਿਸ ਨੇ ਸੰਗਰੂਰ ਦੇ ਛਾਜਲੀ ਚੌਂਕੀ ਦੇ ਵਿੱਚ ਗ੍ਰਿਫਤਾਰ ਕਰਕੇ ਰੱਖਿਆ ਹੋਇਆ ਹੈ।

ਕਿਸਾਨ ਵੱਡੀ ਗਿਣਤੀ ਦੇ ਵਿੱਚ ਇਕੱਠੇ ਹੋਏ ਕਹਿ ਰਹੇ ਹਨ ਕਿ ਅਗਰ ਜੋਗਿੰਦਰ ਸਿੰਘ ਉਗਰਾਹਾਂ ਨੂੰ ਨਹੀਂ ਛੱਡਿਆ ਤਾਂ ਸਾਡੇ ਵੱਲੋਂ ਛਾਜਲੀ ਥਾਣੇ ਅੱਗੇ ਵੱਡਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਦੇ ਨਾਲ ਹੀ ਮਨਜੀਤ ਧਨੇਰ ਨੂੰ ਵੀ ਪੁਲਿਸ ਨੇ ਕਾਬੂ ਕੀਤਾ ਹੈ।

ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਪੰਜਾਬ ਸਰਕਾਰ 'ਤੇ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਦੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਦਾ ਦੋਸ਼ ਲਗਾਇਆ ਹੈ। ਪੰਧੇਰ ਨੇ ਕਿਹਾ ਕਿ ਅੰਦੋਲਨਕਾਰੀ ਕਿਸਾਨਾਂ 'ਤੇ ਦਬਾਅ ਪਾਉਣ ਦੀ ਬਜਾਏ, ਸੀਐਮ ਮਾਨ ਨੂੰ ਕਿਸਾਨ ਸੰਗਠਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਹੱਲ ਲੱਭਣਾ ਚਾਹੀਦਾ ਹੈ। ਕਿਸਾਨ ਆਗੂਆਂ ਨੂੰ ਦਬਾਉਣ ਅਤੇ ਡਰਾਉਣ ਲਈ ਅੱਧੀ ਰਾਤ ਨੂੰ ਘਰਾਂ ਵਿੱਚ ਪੁਲਿਸ ਭੇਜਣਾ ਰਾਜਨੀਤਿਕ ਤੌਰ 'ਤੇ ਗਲਤ ਅਤੇ ਬਹੁਤ ਹੀ ਮੰਦਭਾਗਾ ਹੈ।

ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਨੇ ਪੰਜਾਬ ਭਰ ਦੇ ਕਿਸਾਨਾਂ ਨੂੰ ਚੰਡੀਗੜ੍ਹ ਵਿੱਚ ਹਫ਼ਤੇ ਭਰ ਚੱਲਣ ਵਾਲੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਪੁਲਿਸ ਦੀ ਕਾਰਵਾਈ ਵਿਰੁੱਧ ਮੁਹਿੰਮ ਚਲਾਉਣ ਦਾ ਵੀ ਐਲਾਨ ਕੀਤਾ ਗਿਆ। ਕਿਸਾਨ ਆਗੂ ਪੰਧੇਰ ਨੇ 80 ਸਾਲਾ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਸਮੇਤ ਸਾਰੇ ਕਿਸਾਨ ਆਗੂਆਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ।

ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਸਮਿਤੀ ਦੇ ਆਗੂ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਮੰਗਾਂ ਪੂਰੀਆਂ ਹੋਣ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ, "ਭਗਵੰਤ ਮਾਨ ਸਰਕਾਰ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਲਈ ਕੇਂਦਰ ਦੇ ਹੱਥਾਂ ਵਿੱਚ ਖੇਡ ਰਹੀ ਹੈ। ਲੋਕ ਇਸਨੂੰ ਕਦੇ ਵੀ ਸਵੀਕਾਰ ਨਹੀਂ ਕਰਨਗੇ। ਅਸੀਂ ਭਗਵੰਤ ਮਾਨ ਦਾ ਪੁਤਲਾ ਸਾੜਾਂਗੇ। ਅਸੀਂ ਮੰਗ ਕਰਾਂਗੇ ਕਿ ਕਿਸਾਨਾਂ ਨੂੰ ਵਿਰੋਧ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ।



ਅਨਾਜ ਮੰਡੀ ਘਰਾਚੋਂ ਵਿਖੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦੀਆਂ ਹੋਈਆਂ ਕਿਸਾਨ ਬੀਬੀਆਂ।

## ਮੁੱਖ ਮੰਤਰੀ ਵੱਲੋਂ ਕਿਸਾਨਾਂ ਨੂੰ ਧਰਨੇ ਲਗਾਉਣ ਲਈ ਮਜਬੂਰ ਕੀਤਾ ਜਾ ਰਿਹੈ: ਚੰਨੀ

ਰੂਪਨਗਰ : ਅੱਜ ਇੱਥੇ ਸਿੰਘ ਭਗਵੰਤ ਪੁਰ ਵਿਖੇ ਲੋਕਾਂ ਵੱਲੋ ਕੌਮੀ ਮਾਰਗ 'ਤੇ ਦਿੱਤੇ ਧਰਨੇ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਨੇ ਦੋਸ਼ ਲਾਇਆ ਕਿ 'ਮਾਸਟਰ ਮਹਿੰਦਰ ਸਿੰਘ ਦਾ ਮੁੰਡਾ ਜਿਹੜਾ ਕਹਿੰਦਾ ਸੀ ਕਿ ਮੈਂ ਕਿਸਾਨ ਦਾ ਪੁੱਤ ਹਾਂ, ਅੱਜ ਉਸ ਨੇ ਕੇਂਦਰ ਸਰਕਾਰ ਅਤੇ ਕੇਜਰੀਵਾਲ ਦੇ ਅੱਗੇ ਗੋਡੇ ਟੇਕੇ ਹੋਏ ਹਨ'।

ਉਨ੍ਹਾਂ ਦੋਸ਼ ਲਾਇਆ, "ਉਹ ਕੇਂਦਰ ਦਾ ਪਿੱਠੂ ਬਣ ਕੇ ਇੱਕ ਸੋਚੀ ਸਮਝੀ ਸਾਜ਼ਿਸ਼ ਅਧੀਨ ਕਿਸਾਨਾਂ ਨੂੰ ਕੁੱਟ ਅਤੇ ਲੁੱਟ ਰਿਹਾ ਹੈ।" ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਕੇਂਦਰ ਅਤੇ ਕੇਜਰੀਵਾਲ ਦੀ ਸ਼ਹਿ 'ਤੇ ਕਿਸਾਨਾਂ ਨੂੰ ਥਾਣਿਆਂ ਅੰਦਰ ਡੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਪੰਜਾਬ ਦਾ ਮੁੱਖ ਧੰਦਾ ਹੈ ਅਤੇ ਇਸ ਧੰਦੇ ਨਾਲ ਕਿਸਾਨਾਂ ਤੋਂ ਇਲਾਵਾ ਮਜ਼ਦੂਰ, ਆੜ੍ਹਤੀ, ਦੁਕਾਨਦਾਰ, ਸ਼ੈਲਰ ਮਾਲਕ ਤੇ ਕਈ ਹੋਰ ਵਰਗ



ਜੁੜੇ ਹੋਏ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਰਾਹੀਂ ਭਾਜਪਾ ਦੀ 'ਸਾਜਿਸ਼' ਅਧੀਨ ਕਿਸਾਨਾਂ ਨੂੰ ਥਾਣਿਆਂ ਅੰਦਰ ਡੱਕਿਆ ਜਾ ਰਿਹਾ ਹੈ, ਜਿਸ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਪਾਰਲੀਮੈਂਟ ਦੀ 30 ਪਾਰਲੀਮੈਂਟ ਮੈਂਬਰਾਂ ਵਾਲੀ ਸਟੈਂਡਿੰਗ ਕਮੇਟੀ ਦੇ ਉਹ ਚੇਅਰਮੈਨ ਹਨ ਅਤੇ ਉਨ੍ਹਾਂ ਰਿਪੋਰਟ ਦਿੱਤੀ ਹੈ ਕਿ ਕਿਸਾਨਾਂ ਨੂੰ ਫਸਲਾਂ 'ਤੇ ਐਮਐਸਪੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਕਮੇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਰਿਪੋਰਟ ਦਿੱਤੀ ਜਾ ਰਹੀ ਹੈ, ਜਿਸ ਵਿੱਚ ਮਜ਼ਦੂਰ ਅਤੇ ਕਿਸਾਨ ਪੱਖੀ ਤਕੜੇ ਫੈਸਲੇ ਲਏ ਜਾਣਗੇ। ਉਨ੍ਹਾਂ ਕਿਹਾ ਕਿ ਪਰਸੋਂ ਇੱਕ ਸੋਚੀ ਸਮਝੀ ਸਾਜਿਸ਼ ਅਧੀਨ ਕਿਸਾਨਾਂ ਨੂੰ ਬੁਲਾ ਕੇ ਭੜਕਾਇਆ ਗਿਆ ਤੇ ਉਨ੍ਹਾਂ ਦੀ 'ਬੇਇਜ਼ਤੀ' ਕੀਤੀ ਗਈ ਤੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਗਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਕਿਸਾਨਾਂ ਨੂੰ ਧਰਨੇ ਲਗਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਉਹ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਇੱਕ ਅੱਧੀ ਮੰਗ ਤੋਂ ਇਲਾਵਾ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਸਨ। ਉਨ੍ਹਾਂ ਕਿਹਾ ਮੁੱਖ ਮੰਤਰੀ ਨੂੰ ਕਿਸਾਨੀ ਸਬੰਧੀ ਬਿਲਕੁਲ ਵੀ ਜਾਣਕਾਰੀ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਿਸਾਨਾਂ ਨਾਲ ਪੂਰੀ ਤਰ੍ਹਾਂ ਖੜ੍ਹੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਯੂਥ ਕਾਂਗਰਸ ਪ੍ਰਧਾਨ ਨਵਜੀਤ ਸਿੰਘ ਨਵੀ, ਜਨਰਲ ਸਕੱਤਰ ਤਾਰਾ ਚੰਦ, ਇਕਬਾਲ ਸਿੰਘ ਸਾਲਾਪੁਰ, ਹਰਮਿੰਦਰ ਸਿੰਘ ਲੱਕੀ, ਦਰਸ਼ਨ ਸਿੰਘ ਸੰਧੂ, ਬਬਲਾ ਗੋਸਲਾਂ ਆਦਿ ਵੀ ਹਾਜ਼ਰ ਸਨ।

## ਜ਼ਿਲ੍ਹਾ ਸਕੱਤਰੇਤ ਧਰਨਾ ਦੇਣ ਪੁੱਜੇ ਕਿਸਾਨਾਂ ਨਾਲ ਪੁਲਿਸ ਵੱਲੋਂ ਧੱਕਾ ਮੁੱਕੀ, ਪੱਗਾਂ ਲੱਥੀਆਂ



ਮੋਗਾ : ਇਥੇ ਉਸ ਸਮੇਂ ਮਾਹੌਲ ਤਣਾਅ ਪੂਰਨ ਹੋ ਗਿਆ ਜਦੋਂ ਵੱਡੀ ਗਿਣਤੀ ਕਿਸਾਨ ਜ਼ਿਲ੍ਹਾ ਸਕੱਤਰੇਤ ਅੰਦਰ ਕੰਧਾਂ ਟੱਪ ਕੇ ਕੰਪਲੈਕਸ ਵਿਚ ਧਰਨਾ ਦੇਣ ਲਈ ਦਾਖ਼ਲ ਹੋ ਗਏ। ਇਸ ਮੌਕੇ ਪੁਲਿਸ ਨਾਲ ਧੱਕਾ ਮੁੱਕੀ ਵਿਚ ਕਈ ਕਿਸਾਨਾਂ ਦੀਆਂ ਪੱਖ ਲੱਥ ਗਈਆਂ। ਪੁਲਿਸ ਕਿਸਾਨਾਂ ਨੂੰ ਸਕੱਤਰੇਤ ਅੰਦਰ ਦਾਖਲ ਹੋਣ ਤੋਂ ਰੋਕ ਰਹੀ ਸੀ ਪਰ ਕਿਸਾਨ ਸਕੱਤਰੇਤ ਅੰਦਰ ਧਰਨਾ ਦੇਣ ਲਈ ਬਜ਼ਿੱਦ ਸਨ। ਆਖਰ ਕਿਸਾਨ ਰੋਹ ਅੱਗੇ ਪੁਲੀਸ ਪ੍ਰਸ਼ਾਸਨ ਅੱਗੇ ਝੁਕ ਗਿਆ ਤੇ ਕਿਸਾਨ ਸਕੱਤਰੇਤ ਅੰਦਰ ਧਰਨਾ ਦੇਣ 'ਚ ਸਫਲ ਹੋ ਗਏ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ ਨੇ ਕਿਹਾ ਕਿ 14 ਫਰਵਰੀ ਨੂੰ ਕਿਸਾਨਾਂ ਦੇ ਵਫਦ ਨੇ ਡੀਸੀ ਅਤੇ ਐਸਐਸਪੀ ਨੂੰ ਮੰਗ ਪੱਤਰ ਸੌਂਪ ਕੇ ਮੰਗਾਂ ਨੂੰ ਹੱਲ ਕਰਨ ਲਈ ਕਿਹਾ ਸੀ।

ਸ਼ੰਭੂ ਬਾਰਡਰ 'ਤੇ ਸ਼ਹੀਦ ਹੋਏ ਕਿਸਾਨ ਬਲਵਿੰਦਰ ਸਿੰਘ ਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਜੀਅ ਨੂੰ ਨੌਕਰੀ ਦੇਣ ਤੇ ਹੋਰ ਮੰਗਾਂ 5 ਮਾਰਚ ਤੱਕ ਮੰਨਣ ਦਾ ਭਰੋਸਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਹੈ ਕਿ ਪ੍ਰਸ਼ਾਸਨ ਨੂੰ ਦੋ ਦਿਨ ਦਾ ਸਮਾਂ ਦਿੱਤਾ ਜਾਂਦਾ ਹੈ ਜੇ ਫਿਰ ਵੀ ਮੰਗਾਂ ਦਾ ਕੋਈ ਹੱਲ ਨਹੀਂ ਕੀਤਾ ਜਾਂਦਾ ਤਾਂ ਮੋਰਚਾ 7 ਮਾਰਚ ਨੂੰ ਰੇਲਵੇ ਲਾਈਨ 'ਤੇ ਤਬਦੀਲ ਕਰ ਦਿੱਤਾ ਜਾਵੇਗਾ ਤੇ ਮੋਰਚਾ ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ। ਇਸ ਮੌਕੇ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕਰਦਿਆਂ ਕਿਹਾ ਗਿਆ ਕਿ ਪੰਜਾਬ ਸਰਕਾਰ ਨੇ ਲੋਕਾਂ ਦੇ ਮੌਲਿਕ ਅਧਿਕਾਰਾਂ ਦਾ ਘਾਣ ਕਰ ਕੇ ਜਮਹੂਰੀਅਤ ਦਾ ਕਤਲ ਕੀਤਾ ਜਾ ਰਿਹਾਹ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਗ੍ਰਿਫਤਾਰ ਕੀਤੇ ਗਏ ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਕਰਕੇ ਪ੍ਰਦਰਸ਼ਨ ਕਰਨ ਲਈ ਚੰਡੀਗੜ੍ਹ ਵਿੱਚ ਥਾਂ ਦਿੱਤੀ ਜਾਵੇ ਤੇ ਉਨ੍ਹਾਂ ਦੀਆਂ 18 ਮੰਗਾਂ ਤੁਰੰਤ ਮੰਨੀਆਂ ਜਾਣ।

## ਚੰਡੀਗੜ੍ਹ ਕੂਚ ਰੋਕੇ ਜਾਣ ਤੇ ਆਗੂਆਂ ਦੀ ਫੜੋ-ਫੜੀ ਖ਼ਿਲਾਫ਼ ਕਿਸਾਨਾਂ ਨੇ ਫੂਕੇ ਸਰਕਾਰ ਦੇ ਪੁਤਲੇ





ਅੰਮ੍ਰਿਤਸਰ : ਕਿਸਾਨਾਂ ਨੂੰ ਆਪਣੀਆਂ ਮੰਗਾਂ ਦੇ ਹੱਕ ਵਿੱਚ ਚੰਡੀਗੜ੍ਹ ਵਿੱਚ ਰੋਸ ਪ੍ਰਦਰਸ਼ਨ ਕਰਨ ਜਾਣ ਤੋਂ ਰੋਕੇ ਜਾਣ ਅਤੇ ਕਿਸਾਨ ਜਥੇਬੰਦੀ ਐਸਕੇਐਮ ਦੇ ਆਗੂਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੇ ਰੋਸ ਵਜੋਂ ਅੱਜ ਇੱਥੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸਥਾਨਕ ਗੋਲਡਨ ਗੇਟ ਵਿਖੇ ਰੋਸ ਵਿਖਾਵਾ ਕੀਤਾ ਗਿਆ ਹੈ ਅਤੇ ਸਰਕਾਰ ਦਾ ਪੁਤਲਾ ਸਾੜਿਆ ਗਿਆ ਹੈ।

ਜਥੇਬੰਦੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਕਿਸਾਨ ਜਥੇਬੰਦੀ ਵੱਲੋਂ ਸਰਕਾਰ ਦੇ ਕਿਸਾਨਾਂ ਪ੍ਰਤੀ ਇਸ ਵਤੀਰੇ ਦੇ ਖਿਲਾਫ ਅੱਜ ਅੰਮ੍ਰਿਤਸਰ ਵਿੱਚ ਗੋਲਡਨ ਗੇਟ ਸਮੇਤ 21 ਥਾਵਾਂ 'ਤੇ ਸਰਕਾਰ ਖਿਲਾਫ ਰੋਸ ਮੁਜ਼ਾਹਰੇ ਕੀਤੇ ਗਏ। ਇਸ ਤੋਂ ਇਲਾਵਾ ਸੂਬੇ ਦੇ 18 ਜ਼ਿਲ੍ਹਿਆਂ ਵਿੱਚ ਸਰਕਾਰ ਦੇ ਖਿਲਾਫ ਰੋਸ ਵਿਖਾਵੇ ਕੀਤੇ ਅਤੇ ਸਰਕਾਰ ਦੇ ਪੁਤਲੇ ਸਾੜੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਨੂੰ ਦਿੱਲੀ ਵਿੱਚ ਰੋਸ ਵਿਖਾਵਾ ਨਹੀਂ ਕਰਨ ਦੇਣਾ ਚਾਹੁੰਦੀ ਅਤੇ ਪੰਜਾਬ ਮਾਨ ਸਰਕਾਰ ਚੰਡੀਗੜ੍ਹ ਵਿੱਚ ਰੋਸ ਵਿਖਾਵਾ ਕਰਨ ਤੋਂ ਰੋਕ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਦੇ ਹੱਕ ਵਿੱਚ ਜਮਹੂਰੀ ਢੰਗ ਤਰੀਕੇ ਨਾਲ ਆਪਣੀ ਆਵਾਜ਼ ਬੁਲੰਦ ਕਰਨਾ ਚਾਹੁੰਦੇ ਹਨ, ਪਰ ਸਰਕਾਰ ਵੱਲੋਂ ਕਿਸਾਨਾਂ ਦਾ ਇਹ ਜਮਹੂਰੀ ਹੱਕ ਵੀ ਖੋਹਿਆ ਜਾ ਰਿਹਾ ਹੈ। ਇਸ ਦੇ ਸਿੱਟੇ ਵੱਜੋਂ ਅੱਜ ਕਿਸਾਨਾਂ ਵੱਲੋਂ ਪੰਜਾਬ ਭਰ ਵਿੱਚ ਮਾਨ ਸਰਕਾਰ ਦੇ ਖਿਲਾਫ ਰੋਸ ਵਿਖਾਵੇ ਕੀਤੇ ਗਏ ਹਨ ਅਤੇ ਪੁਤਲੇ ਸਾੜੇ ਜਾ ਰਹੇ ਹਨ।

# ਅਮਰੀਕਾ ’ਚ ਸਿੱਖਾਂ ਦੀ ਅਵਾਜ਼ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 9 ਮਾਰਚ ਦਿਨ ਐਤਵਾਰ ਨੂੰ

## ਸਿੱਖ ਪੰਚਾਇਤ ਅਤੇ ਸਿੱਖ ਸੰਗਤ ਬੇ ਏਰੀਆ ਦੀਆਂ ਦੋ ਸਲੇਟਾਂ ਚੋਣ ਮੈਦਾਨ ’ਚ



(ਫਾਈਲ ਫੋਟੋ)

### ਸਿੱਖ ਪੰਚਾਇਤ ਸਲੇਟ ਵਲੋਂ ਉਮੀਦਵਾਰ




### ਸਿੱਖ ਸੰਗਤ ਬੇ ਏਰੀਆ ਸਲੇਟ ਵਲੋਂ ਉਮੀਦਵਾਰ




ਫਰੀਮਾਂਟ/ਕੈਲੀਫੋਰਨੀਆ, (ਸਾਡੇ ਲੋਕ) : ਅਮਰੀਕਾ ’ਚ ਸਿੱਖਾਂ ਦੀ ਧੜੱਲੇਦਾਰ ਅਵਾਜ਼ ਸਮਝੇ ਜਾਂਦੇ ਗੁਰੂਘਰ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਇਸ ਆਉਣ ਵਾਲੇ ਐਤਵਾਰ 9 ਮਾਰਚ 2025 ਨੂੰ ਹੋ ਰਹੀਆਂ ਹਨ ਜਿਸ ਦੀਆਂ ਮੁਕੰਮਲ ਤਿਆਰੀਆਂ ਹੋ ਚੁੱਕੀਆਂ ਹਨ। ਇਸ ਵਾਰ ਸਿੱਧਾ ਮੁਕਾਬਲਾ ਸਿੱਖ ਪੰਚਾਇਤ ਜੋ ਕਿ ਇਸ ਸਮੇਂ ਗੁਰੂਘਰ ਦਾ ਪ੍ਰਬੰਧ ਸੰਭਾਲ ਰਹੀ ਹੈ ਸਿੱਖ ਸੰਗਤ ਬੇਏਰੀਆ ਨਾਲ ਹੋਵੇਗਾ। ਜਿਨ੍ਹਾਂ ਵਲੋਂ ਚੋਣ ਮੈਦਾਨ ’ਚ ਉਤਾਰੇ ਨੌਜਵਾਨ ਸਿੱਖ ਕਰਮਵਾਰ ਇਸ ਤਰ੍ਹਾਂ ਹਨ : ਸਿੱਖ ਪੰਚਾਇਤ ਸਲੇਟ ਵਲੋਂ ਉਤਾਰੇ ਉਮੀਦਵਾਰ ਬੀਬੀ ਸੁਰਿੰਦਰਜੀਤ ਕੌਰ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਇਸ਼ਮੀਤ ਸਿੰਘ, ਭਾਈ ਜਸਦੇਵ ਸਿੰਘ, ਭਾਈ ਜਸਵੰਤ ਸਿੰਘ। ਬੇ ਏਰੀਆ ਸਲੇਟ ਵਲੋਂ ਉਤਾਰੇ ਉਮੀਦਵਾਰ ਭਾਈ ਅਕਾਲਜੋਤ ਸਿੰਘ, ਭਾਈ ਕਰਨ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਗੁਰਦਾਵਰ ਸਿੰਘ, ਭਾਈ ਕੁਲਜੀਤ ਸਿੰਘ।

ਦੋਵੇਂ ਪਾਸੇ ਦੇ ਉਮੀਦਵਾਰ ਖਾਲਸਾ ਪੰਥ ਦੀ ਮੁਕੰਮਲ ਅਜ਼ਾਦੀ ਲਈ ਲੜਨ ਵਾਲੇ ਨੌਜਵਾਨ ਹਨ। ਦੋਵਾਂ ਧੜਿਆਂ ਨਾਲ ਸੰਗਤ ਵੱਡੀ ਤਾਦਾਦ ਵਿਚ ਜੂੜੀ ਹੋਈ ਹੈ। ਕਿਸੇ ਸਮੇਂ ਇਹ ਦੋਵੇਂ ਸਲੇਟਾਂ ਇਕਮਿਕ ਹੁੰਦੀਆਂ ਸਨ ਅਤੇ ਮਿਲਕੇ ਪ੍ਰਬੰਧ ਚਲਾਉਂਦੀਆਂ ਸਨ ਜਿਸ ਨਾਲ ਸਮੁੱਚੇ ਕੈਲੀਫੋਰਨੀਆਂ ਦੇ ਸਿੱਖ ਖੁਸ਼ ਸਨ ਪਰ ਕੁਝ ਸਮੇਂ ਬਾਅਦ ਕੁਝ ਜਾਣੇ-ਅਣਜਾਣੇ ਕਾਰਨਾਂ ਕਾਰਨ ਵੱਖ ਹੋ ਗਏ ਹਨ ਜਿਸ ਨਾਲ ਸੰਗਤਾਂ ’ਚ ਨਿਰਾਸ਼ਾ ਆਈ। ਇਥੇ ਇਹ ਜ਼ਿਕਰਯੋਗ ਹੈ ਕਿ ਇਸ ਗੁਰੂਘਰ ਦਾ ਕੇਸ ਲਗਾਤਾਰ ਅਦਾਲਤਾਂ ’ਚ ਰਿਹਾ ਹੈ। ਜਿਸ ਨਾਲ ਸਿੱਖ ਕੌਮ ਦਾ ਅਰਬਾਂ ਦੇ ਹਿਸਾਬ ਨਾਲ ਪੈਸਾ ਖਰਾਬ ਹੋਇਆ ਹੈ ਅਤੇ ਅੱਜ ਵੀ ਹੋ ਰਿਹਾ ਹੈ। ਸਾਡੀ ਦੋਵਾਂ ਪਾਸਿਆਂ ਦੀ ਸਲੇਟ ਅਤੇ ਸਪੋਟਰਾਂ ਨੂੰ ਬੇਨਤੀ ਹੈ ਕਿ ਜਿਹੜਾ ਵੀ ਜਿੱਤੇ ਦੂਜੀ ਸਲੇਟ ਉਸਨੂੰ ਖਿੜੇ ਮੱਥੇ ਪ੍ਰਵਾਨ ਕਰੇ ਅਤੇ ਕੌਮ ਦੀ ਭਲਾਈ ਦੇ ਰਲਕੇ ਕੰਮ ਅਰੰਭੇ ਅਤੇ ਦੋਵਾਂ ਧਿਰਾਂ ਨੂੰ ਇਕ ਦੂਜੇ ਵਿਰੁੱਧ ਕੀਤੇ ਅਦਾਲਤਾਂ ’ਚ ਕੇਸ ਵਾਪਸ ਲੈ ਲੈਣੇ ਚਾਹੀਦੇ ਹਨ ਅਤੇ ਅੱਗੋਂ ਗੁਰੂ ਦੇ ਭੈਅ ’ਚ ਰਹਿ ਕੇ ਘੱਟੋ-ਘੱਟ ਸਾਂਝੇ ਮੁੱਦਿਆਂ ਉਪਰ ਸਮਝੌਤਾ ਕਰ ਲੈਣਾ ਚਾਹੀਦਾ ਹੈ।

‘ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ’ ਦੇ ਮਹਾਂਵਾਕ ਅਨੁਸਾਰ ਕੱਲ ਦਾ ਕਿਸੇ ਨੂੰ ਪਤਾ ਨਹੀਂ ਪਰ ਜੋ ਦਿਨ ਜ਼ਿੰਦਗੀ ’ਚ ਬਚੇ ਹਨ ਕੌਮ ਤੇ ਆਪਸ ’ਚ ਪਿਆਰ ਪ੍ਰੇਮ ਨਾਲ ਮਿਲ ਬੈਠ ਕੇ ਕੌਮੀ ਹਿਤਾਂ ਲਈ ਫੈਸਲੇ ਕਰਨੇ ਚਾਹੀਦੇ ਹਨ ਤਾਂ ਕਿ ਤੁਹਾਡੇ ਫੈਸਲਿਆਂ ਉਪਰ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਚੰਗਾ ਸਬਕ ਲੈ ਸਕਣ ਅਤੇ ਉਹ ਇਨ੍ਹਾਂ ਬੇਲੋੜੀਆਂ ਲੜਾਈਆਂ ਤੋਂ ਬਚ ਸਕਣ। ਅਸੀਂ ਦੋਵਾਂ ਸਲੇਟਾਂ ਨੂੰ ਕੌਮ ਦੇ ਚੰਗੇ ਭਵਿੱਖ ਲਈ ਅਤੇ ਅਮਰੀਕਾ ਦੀ ਬਦਲ ਰਹੀ ਸਿਆਸਤ ਨੂੰ ਮੁੱਖ ਰੱਖਦਿਆਂ ਭਵਿੱਖ ਵਿੱਚ ਚੰਗੇ ਫੈਸਲੇ ਲੈਣ ਲਈ ਅਰਦਾਸ ਕਰਦੇ ਹਾਂ ਅਤੇ ਅਗਲੇ ਐਤਵਾਰ ਨੂੰ ਜਿਹੜਾ ਵੀ ਜਿੱਤੇਗਾ ਉਸਨੂੰ ਅਗਾਉਂ ਵਧਾਈਆਂ ਦਿੰਦੇ ਹਾਂ।

# ਮੈਕਸਿਕੋ ਤੇ ਕੈਨੇਡਾ ਤੋਂ ਦਰਾਮਦ ਵਸਤਾਂ ’ਤੇ 25 ਫੀਸਦ ਲੱਗੇਗਾ ਟੈਕਸ : ਟਰੰਪ

### ਟਰੂਡੋ ਨੇ ਅਗਲੇ 21 ਦਿਨਾਂ ’ਚ 100 ਅਰਬ ਡਾਲਰ ਦੀਆਂ ਅਮਰੀਕੀ ਵਸਤਾਂ ’ਤੇ ਟੈਕਸ ਲਾਉਣ ਦਾ ਕੀਤਾ ਐਲਾਨ

ਵਾਸ਼ਿੰਗਟਨ : ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਕਿ ਮੈਕਸਿਕੋ ਤੇ ਕੈਨੇਡਾ ਤੋਂ ਦਰਾਮਦ ਵਸਤਾਂ ’ਤੇ 25 ਫੀਸਦ ਟੈਕਸ ਲਗਾਇਆ ਹੈ। ਟਰੰਪ ਦੇ ਇਸ ਫੈਸਲਾ ਨਾਲ ਉੱਤਰੀ ਅਮਰੀਕਾ ਵਿਚ ਵਪਾਰਕ ਜੰਗ ਦਾ ਖ਼ਦਸ਼ਾ ਬਣ ਗਿਆ ਹੈ ਜਿਸ ਨਾਲ ਮਹਿੰਗਾਈ ਵਧਣ ਤੇ ਵਿਕਾਸ ਵਿਚ ਅੜਿੱਕੇ ਪੈਦਾ ਹੋਣ ਦੇ ਸੰਕੇਤ ਪਹਿਲਾਂ ਹੀ ਮਿਲ ਚੁੱਕੇ ਹਨ। ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਪਰਸਪਰ ਟੈਕਸ ਵਜੋਂ ਅਗਲੇ 21 ਦਿਨਾਂ ਵਿਚ 100 ਅਰਬ ਡਾਲਰ ਦੀਆਂ ਅਮਰੀਕੀ ਵਸਤਾਂ ’ਤੇ ਟੈਕਸ ਲਗਾਏਗਾ। ਉਧਰ ਮੈਕਸਿਕੋ ਨੇ ਜਵਾਬੀ ਕਾਰਵਾਈ ਵਜੋਂ ਫੌਰੀ ਕੋਈ ਐਲਾਨ ਨਹੀਂ ਕੀਤਾ ਹੈ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ ਕਿ ਕੈਨੇਡਾ ਤੇ ਮੈਕਸਿਕੋ ’ਤੇ 25-25 ਫੀਸਦ ਦਰਾਮਦ ਟੈਕਸ ਲਗਾਉਣ ਦੀ ਸ਼ੁਰੂਆਤ ਹੋ ਚੁੱਕੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਇਸ ਟੈਕਸ ਦਾ ਇਕੋ



ਇਕ ਮਕਸਦ ਦੋਵਾਂ ਅਮਰੀਕੀ ਗੁਆਂਢੀਆਂ ਨੂੰ ਨਸ਼ੀਲੇ ਪਦਾਰਥ ਫੈਂਟੇਨਾਈਲ ਦੀ ਤਸਕਰੀ ਖਿਲਾਫ਼ ਲੜਾਈ ਤੇਜ਼ ਕਰਨ ਤੇ ਗੈਰਕਾਨੂੰਨੀ ਪਰਵਾਸ ਨੂੰ ਰੋਕਣ ਲਈ ਮਜਬੂਰ ਕਰਨਾ ਹੈ। ਉਂਝ ਟਰੰਪ ਨੇ ਇਸ਼ਾਰਾ ਕੀਤਾ ਕਿ ਉਹ ਅਮਰੀਕਾ ਦੇ ਵਪਾਰ ਅਸੰਤੁਲਨ ਨੂੰ ਵੀ ਖ਼ਤਮ ਕਰਨਾ ਚਾਹੁੰਦੇ ਹਨ ਤੇ ਵੱਧ ਤੋਂ ਵੱਧ ਕਾਰਖਾਨਿਆਂ ਨੂੰ ਅਮਰੀਕਾ ਵਿਚ ਤਬਦੀਲ ਕਰਨਾ ਚਾਹੁੰਦੇ ਹਨ।

# ਟਰੰਪ ਵਲੋਂ 2 ਅਪ੍ਰੈਲ ਤੋਂ ਭਾਰਤ ’ਤੇ 100 ਫ਼ੀਸਦੀ ਟੈਕਸ ਲਗਾਉਣ ਦਾ ਐਲਾਨ

### ਭਾਰਤ ਤੇ ਚੀਨ ਸਮੇਤ ਹੋਰ ਦੇਸ਼ਾਂ ਵਲੋਂ ਲਗਾਏ ਮੋਟੇ ਟੈਕਸ ਦੀ ਕੀਤੀ ਆਲੋਚਨਾ

ਸਾਨ ਫਰਾਂਸਿਸਕੋ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਸੰਸਦ ਨੂੰ ਸੰਬੋਧਨ ਕਰਦਿਆਂ ਦੋ ਵਾਰ ਭਾਰਤ ਦਾ ਨਾਂਅ ਲੈ ਕੇ ਕਿਹਾ ਕਿ ਅਸੀਂ ਭਾਰਤ ’ਤੇ ਵੀ 100 ਫ਼ੀਸਦੀ ਟੈਰਿਫ਼ (ਟੈਕਸ) ਲਗਾਵਾਂਗੇ। ਟਰੰਪ ਨੇ ਕਿਹਾ ਕਿ ਦੋ ਅਪ੍ਰੈਲ ਤੋਂ ਜਿਹੜਾ ਵੀ ਦੇਸ਼ ਅਮਰੀਕੀ ਦਰਾਮਦ ’ਤੇ ਟੈਰਿਫ ਲਗਾਏਗਾ ਅਸੀਂ ਉਸ ਦੇਸ਼ ’ਤੇ ਵੀ ਉਨ੍ਹਾਂ ਹੀ ਟੈਰਿਫ ਲਗਾਵਾਂਗੇ। ਟਰੰਪ ਨੇ ਭਾਰਤ ਅਤੇ ਚੀਨ ਸਮੇਤ ਹੋਰ ਦੇਸ਼ਾਂ ਵਲੋਂ ਲਗਾਏ ਉੱਚੇ ਟੈਕਸ ਦੀ ਆਲੋਚਨਾ ਕਰਦਿਆਂ ਇਸ ਨੂੰ ਬਹੁਤ ਹੀ ਬੇਇਨਸਾਫ਼ੀ ਕਰਾਰ ਦਿੱਤਾ ਅਤੇ ਅਗਲੇ ਮਹੀਨੇ ਤੋਂ ਪਰਸਪਰ (ਰੈਸੀਪਰੋਕਲ) ਟੈਕਸ ਲਾਗੂ ਕਰਨ ਦਾ ਐਲਾਨ ਕੀਤਾ। ਟਰੰਪ ਨੇ ਕਿਹਾ ਕਿ ਦੂਜੇ ਦੇਸ਼ਾਂ ਨੇ ਦਹਾਕਿਆਂ ਤੋਂ ਸਾਡੇ ਵਿਰੁੱਧ ਟੈਕਸ ਦੀ ਵਰਤੋਂ ਕੀਤੀ ਹੈ ਅਤੇ ਹੁਣ ਸਾਡੀ ਵਾਰੀ ਹੈ। ਯੂਰਪੀਅਨ ਯੂਨੀਅਨ, ਚੀਨ, ਬ੍ਰਾਜ਼ੀਲ, ਭਾਰਤ, ਮੈਕਸੀਕੋ ਅਤੇ ਕੈਨੇਡਾ ਸਾਡੇ ਮੁਕਾਬਲੇ ਉੱਚ ਦਰਾਂ ’ਤੇ ਟੈਕਸ ਵਸੂਲੀ ਕਰਦੇ ਹਨ, ਕੀ ਤੁਸੀਂ ਉਨ੍ਹਾਂ ਦੇ ਬਾਰੇ ਵਿਚ ਸੁਣਿਆ ਹੈ? ਇਹ ਬਹੁਤ ਹੀ ਨਾਜਾਇਜ਼ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਟਰੰਪ ਨੇ



ਰੈਸੀਪਰੋਕਲ (ਪਰਸਪਰ) ਟੈਰਿਫ ਲਗਾਉਣ ਦੀ ਗੱਲ ਕੀਤੀ ਸੀ ਤੇ ਅੱਜ ਦੇ ਇਸ ਬਿਆਨ ਨਾਲ ਅਮਰੀਕਾ ਵਲੋਂ ਸ਼ੁਰੂ ਕੀਤੀ ਵਪਾਰਕ ਜੰਗ ਹੋਰ ਤਿੱਖੀ ਹੋ ਗਈ ਹੈ। ਟਰੰਪ ਨੇ ਕਿਹਾ ਕਿ ਦੂਸਰੇ ਦੇਸ਼ਾਂ ਨੇ ਕਈ ਦਹਾਕਿਆਂ ਤੋਂ ਸਾਡੇ ਖ਼ਿਲਾਫ਼ ਟੈਰਿਫ ਦੀ ਵਰਤੋਂ ਕੀਤੀ ਤੇ ਹੁਣ ਸਾਡੀ ਵਾਰੀ ਹੈ ਕਿ ਉਨ੍ਹਾਂ ਦੇਸ਼ਾਂ ’ਤੇ ਅਸੀਂ ਵੀ ਉਨ੍ਹਾਂ ਹੀ ਟੈਰਿਫ ਲਗਾਈਏ। ਇਸ ਨਵੀਂ ਨੀਤੀ ਤਹਿਤ ਅਮਰੀਕਾ ਉਨ੍ਹਾਂ ਦੇਸ਼ਾਂ ’ਤੇ ਬਰਾਬਰ ਟੈਰਿਫ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ ਜੋ ਅਮਰੀਕੀ ਸਮਾਨ ’ਤੇ ਮੋਟੀ ਡਿਊਟੀ ਲਗਾ ਰਹੇ ਹਨ। ਟਰੰਪ ਨੇ ਕਿਹਾ ਕਿ ਸਾਡੇ ਉਤਪਾਦਾਂ ’ਤੇ ਚੀਨ ਦਾ ਔਸਤਨ ਟੈਰਿਫ ਸਾਡੇ ਵਲੋਂ ਲਗਾਏ ਜਾਣ ਵਾਲੇ ਟੈਰਿਫ ਤੋਂ ਦੁੱਗਣਾ ਹੈ। ਦੱਖਣੀ ਕੋਰੀਆ ਦਾ ਔਸਤਨ ਟੈਰਿਫ ਚਾਰ ਗੁਣਾ ਵੱਧ ਹੈ। ਇਸ ਸੰਬੰਧੀ ਸੋਚੋ। ਟਰੰਪ ਨੇ ਇਹ ਵੀ ਕਿਹਾ ਕਿ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਦੱਖਣੀ ਕੋਰੀਆ ਨੂੰ ਫ਼ੌਜੀ ਅਤੇ ਹੋਰ ਕਈ ਤਰੀਕਿਆਂ ਨਾਲ ਮਦਦ ਦਿੰਦੇ ਹਾਂ ਅਤੇ ਸਾਡੇ ਨਾਲ ਅਜਿਹਾ ਹੀ ਹੁੰਦਾ ਆ ਰਿਹਾ ਹੈ। ਸਾਡੇ ਦੋਸਤ ਤੇ ਦੁਸ਼ਮਣ ਦੋਵੇਂ ਹੀ ਇੱਕੋ ਜਿਹਾ ਵਰਤਾਓ ਕਰ ਰਹੇ ਹਨ ਤੇ ਇਹ ਵਿਵਸਥਾ ਅਮਰੀਕਾ ਲਈ ਲਾਹੇਵੰਦ ਨਹੀਂ ਹੈ। ਟਰੰਪ ਨੇ ਕਿਹਾ ਕਿ ਇਸੇ ਲਈ ਅਸੀਂ ਦੋ ਅਪ੍ਰੈਲ ਤੋਂ ਰੈਸੀਪਰੋਕਲ (ਪਰਸਪਰ) ਟੈਰਿਫ ਦੀ ਸ਼ੁਰੂਆਤ ਕਰ ਰਹੇ ਹਾਂ। ਟਰੰਪ ਨੇ ਬੜੇ ਵਿਅੰਗ ਨਾਲ ਕਿਹਾ ਕਿ ਅਸੀਂ ਪਹਿਲੀ ਅਪ੍ਰੈਲ ਤੋਂ ਟੈਰਿਫ ਸ਼ੁਰੂ ਕਰਨਾ ਸੀ ਲੇਕਿਨ ਪਹਿਲੀ ਨੂੰ ‘ਅਪ੍ਰੈਲ ਫੂਲ’ ਹੁੰਦਾ ਹੈ। ਇਸ ਲਈ ਅਸੀਂ ਇਹ ਟੈਰਿਫ ਦੋ ਅਪ੍ਰੈਲ ਤੋਂ ਸ਼ੁਰੂ ਕਰ ਰਹੇ ਹਾਂ।


# ਜੰਗ ਜਾਰੀ ਹੈ ਕਾਵਿ-ਸੰਗ੍ਰਹਿ ਦੀ ਪਿੱਠਭੂਮੀ : ਵਿਚਾਰਧਾਰਾਈ ਆਧਾਰ

ਸੁਰਿੰਦਰ ਸਿੰਘ ਸੀਰਤ ਭਾਵੇਂ ਪਰਵਾਸ ਵਿਚ ਰਹਿਕੇ ਆਪਣੀ ਸਿਰਜਣਾਤਮਕ ਕਿਰਿਆ ਕਰ ਰਹੇ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਰਚਨਾਵਾਂ ਨੂੰ ਅਸੀਂ ਜੰਮੂ ਕਸ਼ਮੀਰ ਦੇ ਸਾਹਿਤ ਦੀ ਪ੍ਰਤੀਨਿਧਤਾ ਕਰਨ ਵਾਲੀ ਚੇਤਨਾ ਦੇ ਹਿੱਸੇ ਰੱਖ ਕੇ ਵਿਚਾਰਦੇ ਹਾਂ। ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ, ਵਿਸ਼ੇਸ਼ ਕਰਕੇ ਆਧੁਨਿਕ ਪੰਜਾਬੀ ਸਾਹਿਤ ਦੇ ਪ੍ਰਚਾਰ ਅਤੇ ਪਾਸਾਰ ਦਾ ਮੁਲਾਂਕਣ ਸੁਰਿੰਦਰ ਸੀਰਤ ਵਰਗੇ ਸਾਹਿਤਕਾਰਾਂ ਤੋਂ ਬਿਨਾਂ ਮੁਕੰਮਲ ਨਹੀਂ ਹੋ ਸਕਦਾ। ਕਿਸੇ ਵੀ ਬੋਲੀ ਜਾਂ ਭਾਸ਼ਾ ਨਾਲ ਸਬੰਧਤ ਸਾਹਿਤਕਾਰ, ਆਪਣੇ ਸਭਿਆਚਾਰਕ ਜੀਵਨ ਨੂੰ ਵਿਕਾਸਸ਼ੀਲ ਤੌਰ ਦੇਣ ਲਈ ਚੇਤੰਨ ਹੋ ਕੇ ਨਿਰੰਤਰਤਾ ਵਿਚ ਨਵੇਂ ਅਤੇ ਵਿਭਿੰਨ ਤਜਰਬੇ ਕਰਦਾ ਹੈ। ਹਿਥੇ ਤਜਰਬਾ ਸ਼ਬਦ ਨਵੀਂਵਿਧਾ ਦਾ ਉਪਯੋਗ, ਪੁਰਾਣੀ ਵਿਧਾ ਦੀ ਵਰਤੋਂ ਵਿਚ ਤਬਦੀਲੀ, ਭਾਸ਼ਾਈ ਜੁਗਤਾਂ ਨੂੰ ਸਮੱਗਰ ਜਾਂ ਸੀਮਿਤ ਰੂਪ ਵਿਚ ਵਰਤਣ, ਰਚਨਾ ਦੀ ਪੇਸ਼ਕਾਰੀ ਵਿਚ ਨਵੇਂ ਢੰਗਾਂ ਅਤੇ ਤਕਨੀਕਾਂ ਦੀ ਉਪਯੋਗਤਾ ਅਤੇ ਰਚਨਾ ਵਿਚ ਨਵੇਂ ਖਿਆਲਾਂ, ਵਿਚਾਰਾਂ ਦੀ ਵਰਤੋਂ ਕਰਨ ਲਈ ਵਰਤਿਆ ਜਾ ਰਿਹਾ ਹੈ। ਇਹ ਤਜਰਬੇ ਇਕ ਤਰ੍ਹਾਂ ਨਾਲ ਸਾਹਿਤਕ ਕਾਰਜ-ਪ੍ਰਣਾਲੀ ਵਿਚ ਕੁਝ ਵੱਖਰਾ ਕਰਨ ਦੀ ਚਾਹਤ ਭਾਵ ਰਚੈਤਾ ਦੇ ਸੁਹਿਰਦ ਹੋਣ ਦੀ ਗਵਾਹੀ ਭਰਦੇ ਹਨ। ਇਸ ਪਿਛੇ ਮਨੋ-ਵਿਸ਼ਲੇਸ਼ਣਾਤਮਕ ਕਾਰਨ ਕਾਰਜ ਕਰਦੇ ਹਨ। ਮਨੁੱਖੀ ਅਜ਼ਾਦੀ ਜਾਂ ਸਾਹਿਤ ਰਚੈਤਾ ਦੀ ਇਕ ਮਨੁੱਖ ਵਜੋਂ ਆਪਣੀ ਸੁਤੰਤਰਤਾ ਦੀ ਇੱਛਾ ਨੂੰ ਸਿਰਜਣਾਤਮਕ ਢੰਗ ਨਾਲ ਇਜ਼ਹਾਰ ਕਰਨਾ ਉਸਦੇ ਤਜ਼ਰਬਿਆਂ ਨੂੰ ਰੰਗਤ ਦਿੰਦਾ ਹੈ। ਇਹ ਸੁਤੰਤਰਤਾ, ਕੋਈ ਆਪਹੁਦਰੀ ਮਨਮਰਜ਼ੀ ਨਹੀਂ, ਇਹ ਇਕ ਜ਼ਿੰਮੇਦਾਰਾਨਾ ਕਾਰਜ ਹੈ, ਜਿਸ ਵਿਚ ਇਕ ਮਨੁੱਖ ਆਪਦੀ ਸ਼ਕਤੀ ਸ੍ਰੋਤਾਂ ਦੀ ਵਰਤੋਂ ਇਕ ਅਜਿਹੀ ਜਿਣਸ ਨੂੰ ਉਤਪੰਨ ਕਰਨ ਲਈ ਕਰ ਰਿਹਾ ਹੈ, ਜੋ ਅਗਲੇਰੀਆਂ ਪੀੜ੍ਹੀਆਂ ਦੇ ਨਿੱਜ ਅਤੇ ਸਮੂਹਿਕ ਜੀਵਨ ਦੀ ਸਮਝ ਲਈ ਸਹਾਇਕ ਹੋਵੇਗੀ। ਸੁਰਿੰਦਰ ਸਿੰਘ ਸੀਰਤ ਵਲੋਂ ਰਚਿਆ ਗਿਆ ਸਾਹਿਤ, ਜੰਮੂ-ਕਸ਼ਮੀਰ ਦੇ ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਦੇ ਪ੍ਰਸੰਗ ਵਿਚ ਅਜਿਹੀ ਹੀ ਪਿਰਤ ’ਤੇ ਚੱਲਦਾ ਨਜ਼ਰੀਂ ਆਉਂਦਾ ਹੈ। ਇਸ ਕਾਰਨ ਇਥੋਂ ਦੇ ਸਾਹਿਤ ਦੀਆਂ ਜੜ੍ਹਾਂ ਹੋਰ ਵੀ ਮਜ਼ਬੂਤ ਹੋਈਆਂ ਹਨ। ਜਿਸ ਦਾ ਲਾਭ, ਅਗਲੇਰੀ ਪੀੜ੍ਹੀ ਨੂੰ ‘ਆਦਰਸ਼ਸਾਹਿਤਕਤਾ’ ਰੂਪੀ ਰੁੱਖ ਦੀ ਛਾਂ ਮਾਣਦਿਆਂ ਮਹਿਸੂਸ ਹੋਵੇਗਾ। ਸੀਰਤ ਵਲੋਂ ਰਚੀਆਂ ਗਈਆਂ ਕਵਿਤਾਵਾਂ ਦੇ ਪਾਠ ਤੋਂ ਬਾਅਦ, ਪਾਠਕ ਆਸਾਨੀ ਨਾਲ ਸਮਝ ਜਾਂਦਾਹੈ ਕਿ ਕਵੀ ਅੰਦਰਲੀ ਕਾਵਿਕ-ਸੁਹਜਤਾ ਦਾ ਵੀ ਮਿਆਰ ਹੈ। ਹੱਥਲੇ ਖੋਜ ਪਰਚੇ ਰਾਹੀਂ ਅਸੀਂ ਸੀਰਤ ਦੀ ਕਾਵਿ-ਸਿਰਜਣਾ ਅੰਦਰ ਆਏ ਨਵੇਂ ਝੁਕਾਵਾਂ ਨੂੰ ਖੋਜਣ ਦਾ ਯਤਨ ਕੀਤਾ ਹੈ। ਇਸ ਖੋਜ ਪਰਚੇ ਦਾ ਮੰਤਵ, ਕਾਵਿ-ਸੰਗ੍ਰਹਿ ‘ਜੰਗ ਜਾਰੀ ਹੈ’ ਦੇ ਬਣਦੇ ਸਥਾਨ ਨੂੰ ਆਧੁਨਿਕ ਪੰਜਾਬੀ ਕਾਵਿ-ਸਾਹਿਤ ਪ੍ਰੰਪਰਾ ਦੀ ਰੌਸ਼ਨੀ ਵਿਚ ਵਰਗੀਕ੍ਰਿਤ ਕਰਨਾ ਹੈ। ਜਿਸ ਲਈ ਕਾਵਿ-ਵਿਸ਼ੇ, ਵਿਚਾਰਧਾਰਾ ਅਤੇ ਭਾਸ਼ਾਈ ਜੁਗਤਾਂ ਨੂੰ ਆਧਾਰ ਬਣਾਇਆ ਗਿਆ ਹੈ। ਕਿਸੇ ਵੀ ਰਚਨਾ ਦੀ ਪਿੱਠਭੂਮੀ ਨੂੰ ਜਾਨਣ ਤੋਂ ਭਾਵ ਹੈ ਕਿ ਉਸ ਰਚਨਾ ਦੇ ਪਿਛੋਕੜ ਵਿਚ ਕੀ ਪਿਆ ਹੈ ? ਜਾਂ ਸਾਹਿਤਕਾਰ ਕਿਹੜੇ ਆਧਾਰਾਂ ’ਤੇ ਕੇਂਦਰਿਤ ਹੋ ਕੇ ਕਾਵਿ-ਵਿਸ਼ਿਆਂ ਦੀ ਚੋਣ ਕਰ ਰਿਹਾ ਹੈ ? ਸੋ, ਇਹੀ ਪਿਛੋਕੜ ਕਿਸੇ ਵੀ ਸਾਹਿਤਕਾਰ ਨੂੰ ਆਪਣੀ ਰਚਨਾ ਦੇ ਆਧਾਰ ਉਲੀਕਣ ਵੱਲ ਪ੍ਰੇਰਿਤ ਕਰਦਾ ਹੈ। ਇਸ ਲਈ ਅਸੀਂ ਆਪਣੇ ਇਸ ਖੋਜ ਪੱਤਰ ਵਿਚ ‘ਜੰਗ ਜਾਰੀ ਹੈ’ ਕਾਵਿ -ਸੰਗ੍ਰਹਿ ਦੀ



ਪਿੱਠਭੂਮੀ ਨੂੰ ਵਿਚਾਰਧਾਰਾਈ ਆਧਾਰ ਦੇ ਨੁਕਤੇ ਤੋਂ ਸਮਝਣ ਦਾ ਯਤਨ ਕੀਤਾ ਹੈ।

ਸੀਰਤ ਦੇ ਇਸ ਕਾਵਿ-ਸੰਗ੍ਰਹਿ ਨੂੰ ਜੰਮੂ-ਕਸ਼ਮੀਰ ਦੇ ਆਧੁਨਿਕ ਪੰਜਾਬੀ ਕਾਵਿ-ਸਾਹਿਤ ਦੀ ਪਰੰਪਰਾ ਦੀ ਰੌਸ਼ਨੀ ਵਿਚ ਵਰਗੀਕ੍ਰਿਤ ਕਰਨ ਲਈ, ਸਭ ਤੋਂ ਪਹਿਲਾਂ



**ਡਾ. ਗੁਰਪ੍ਰੀਤ ਕੌਰ**
ਸਹਾਇਕ ਪ੍ਰੋਫੈਸਰ
ਗੌਰਮਿੰਟ ਡਿਗਰੀ ਕਾਲਜ ਫਾਰ ਵਿਮਨ, ਕਠੂਆ

ਅਜੋਕੇ ਸਮੇਂ ਵਿਚ ਜੰਮੂ-ਕਸ਼ਮੀਰ ਦੇ ਪੰਜਾਬੀ ਕਾਵਿ-ਸਾਹਿਤ ਦੀ ਸਥਿਤੀ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ। ਜੰਮੂ ਕਸ਼ਮੀਰ ਦਾ ਪੰਜਾਬੀ ਕਾਵਿ-ਸਾਹਿਤ ਇਸ ਸਮੇਂ ਪ੍ਰਬਲ ਵਿਚਾਰਧਾਰਾਈ ਰੋਹ ਵਿਦਰੋਹ ਤੋਂ ਖ਼ੁਦ ਨੂੰ ਨਿਰਲੇਪ ਕਰ, ਉਤਰ-ਆਧੁਨਿਕ ਕਾਲ ਵਿਚ ਪ੍ਰਵੇਸ਼ ਕਰ ਚੁੱਕਿਆ ਹੈ। ਪ੍ਰਬਲ ਵਿਚਾਰਧਾਰਾ ਤੋਂ ਭਾਵ ਇਥੇ ਰੂਪਵਾਦ ਅਤੇ ਮਾਰਕਸਵਾਦ ਹੀ ਨਹੀਂ, ਸਗੋਂ ਧਾਰਮਿਕ ਅਤੇ ਵਿਗਿਆਨਵਾਦੀ ਵਿਚਾਰਧਾਰਾਵਾਂ ਤੋਂ ਵੀ ਹੈ। ਅਜੋਕੇ ਸਮੇਂ ਵਿਚ ਜੰਮੂ ਕਸ਼ਮੀਰ ਦੀ ਕਵਿਤਾ ਵਿਚ ਵਿਚਾਰਧਾਰਾਈ ਆਧਾਰ, ਕੇਂਦਰੀਕਰਨ ਦੇ ਪ੍ਰਵਚਨ ਤੋਂ ਵਿਮੁਕਤ ਹਨ। ਇਥੋਂ ਦੇ ਕਵੀ ਲਈ ਹੁਣ ਜ਼ਰੂਰੀ ਨਹੀਂ ਹੈ ਕਿ ਉਸਦੀ ਕਾਵਿਕ-ਚੇਤਨਾ ਦੀ ਪ੍ਰਮਾਣਿਕਤਾ ਦਾ ਫੈਸਲਾ, ਉਸਦੀ ਵਿਸ਼ੇਸ਼ ਵਿਚਾਰਧਾਰਾ ਨਾਲ ਸਬੰਧਤਾ ਰਾਹੀਂ ਹੀ ਹੋਵੇ। ਆਧੁਨਿਕ ਪੰਜਾਬੀ ਕਾਵਿ-ਸਾਹਿਤ ਦਾ ਵਿਕਾਸ, ਭਾਵੇਂ ਅਜਿਹੇ ਹੀ ਵਿਚਾਰਾਂ ਦੇ ਪ੍ਰਭਾਵ ਵਿਚੋਂ ਹੋਇਆ ਸੀ, ਜਿਸ ਕਾਰਨ ਸਾਨੂੰ ਬਿਲਕੁਲ ਹੀ ਕਲਾਸਕੀ ਢੰਗ ਵਾਲੇ ਪ੍ਰਗਤੀਵਾਦੀ, ਜੁਝਾਰਵਾਦੀ, ਰੋਮਾਂਸਵਾਦੀ ਆਦਿ ਵਿਸ਼ੇਸ਼ਣਾਂ ਨੂੰ ਕਾਵਿ ਹੋਣੀ ਵਿਚ ਪ੍ਰਣਾਏ ਹੋਏ ਕਵੀ ਅਤੇ ਕਾਵਿ-ਸਾਹਿਤ ਉਪਲਬਧ ਹੁੰਦਾ ਸੀ। ਇਸ ਨੂੰ ਵਿਕਾਸ ਜਾਂ ਨਿਘਾਰ ਦੋਨਾਂ ਹੀ ਦ੍ਰਿਸ਼ਟੀਆਂ ਤੋਂ ਦੇਖਣ ਦੀ ਬਜਾਇ, ਪਹਿਲਾਂ ਇਸ ਦੀ ਹੋਂਦ ਨੂੰ ਸਹੀ ਤਰ੍ਹਾਂ ਸਵੀਕਾਰ ਕਰਨਾ ਵਧੇਰੇ ਜ਼ਰੂਰੀ ਕਾਰਜ ਹੈ। ਇਸ ਲਈ ਇਹ ਪਰਚਾ ਇਸ ਤਬਦੀਲੀ ਨੂੰ ਵਿਕਾਸ ਜਾਂ ਨਿਘਾਰ ਵਜੋਂ ਵਰਗੀਕ੍ਰਿਤ ਨਹੀਂ ਕਰ ਰਿਹਾ ਹੈ। ਅਜੋਕਾ ਸਮਾਂ, ਉਤਰ-ਆਧੁਨਿਕ ਚਿੰਤਨ ਦੇ ਪ੍ਰਭਾਵ ਵਾਲਾ ਹੈ, ਜਿਸ ਕਾਰਨ ਨਾ ਸਿਰਫ਼ ਵਿਚਾਰਧਾਰਾ, ਸਗੋਂ ਵਿਧਾ ਦੀ ਉਪਯੋਗਤਾ ਵੀ ਵਿਕੇਂਦਰੀਕਰਨ ਰਾਹੀਂ ਹੀ ਆਪਣਾ ਰੂਪ ਅਖ਼ਤਿਆਰ ਕਰਦੀ ਹੈ। ਖੁੱਲ੍ਹੇ ਸਰੋਕਾਰਾਂ ਵਾਲੇ ਕਾਵਿ ਨੂੰ ਇਸ ਦੀ ਮਿਸਾਲ ਵਜੋਂ ਦੇਖਿਆ ਜਾ ਸਕਦਾ ਹੈ।

ਸੀਰਤ ਸਾਹਿਤ ਨੂੰ ਮਨੁੱਖ ਦੇ ਅੰਦਰਲੇ ਅਤੇ ਬਾਹਰਲੇ ਸੰਸਾਰ ਵਿਚ ਸੰਚਾਰ, ਸੰਵਾਦ ਅਤੇ ਭਾਵ ਪ੍ਰਗਟ ਕਰਵਾਉਣ ਵਾਲੇ ਉਤਮ ਸਾਧਨ ਵਜੋਂ ਸਵੀਕਾਰ ਕਰਦਾ ਹੈ। ਅੰਦਰਲੇ ਸੰਸਾਰ ਤੋਂ ਭਾਵ ਮਨੁੱਖ ਦਾ ਆਪਣੇ ਸਵੈ ਨਾਲ ਸਬੰਧ ਵਾਲਾ ਸੰਸਾਰ ਹੈ, ਜਿਥੇ ਮਨੁੱਖ ਦੀ ਹੋਂਦ ਸਿਰਫ਼ ਉਸ ਦੀ ਅਸਤਿਤਵ ਰੱਖਦੀ ਹੈ। ਬਾਹਰਲਾ ਸੰਸਾਰ ਬਾਕੀ ਰਿਸ਼ਤਿਆਂ ਅਤੇ ਉਨ੍ਹਾਂ ਦੀ ਜ਼ਿੰਮੇਦਾਰੀ, ਪਾਲਣ ਅਤੇ ਚਲਾਉਣ ਵਾਲਾ ਸੰਸਾਰ ਹੈ, ਜਿਥੇ ਮਨੁੱਖ ਦੀ ਹੋਂਦ ਉਸ ਨਾਲ ਜੁੜੇ ਰਿਸ਼ਤਿਆਂ ’ਤੇ ਵਧੇਰੇ ਆਧਾਰਤ ਹੁੰਦੀ ਹੈ। ਉਸ ਅਨੁਸਾਰ ਸਾਹਿਤ ਇਕ ਅਜਿਹੇ ਪੁਲ ਦਾ ਕੰਮ ਕਰਦਾ ਹੈ ਜੋ ਇਸ ਸੰਸਾਰ ਨੂੰ ਜੋੜਦਾ ਹੈ ਅਤੇ ਇਸ ਨਾਲ ਹੀ ਇਨ੍ਹਾਂ ਵਿਚ ਸੰਵਾਦ ਵੀ ਕਰਾਉਂਦਾ ਹੈ ਤਾਂ ਕਿ ਕੋਈ-ਦੂਜੇ ’ਤੇ ਹਾਵੀ ਨਾ ਹੋ ਜਾਏ। ਉਹ ਸਾਹਿਤ ਨੂੰ ਨਾ ਤਾਂ ਪੂਰਨ ਰੂਪ ਵਿਚ ਆਦਰਸ਼ਵਾਦੀ ਨੁਕਤੇ ਤੋਂ ਦੇਖਣ ਦਾ ਚਾਹਵਾਨ ਹੈ ਜੋ ਸਮਾਜਿਕ-ਆਰਥਿਕ ਹਾਲਾਤਾਂ ਨਾਲ ਆਪਣਾ ਕਿਸੇ ਤਰ੍ਹਾਂ ਦਾ ਵਾਬਸਤਾ ਨਹੀਂ ਰੱਖਦਾ ਅਤੇ ਨਾ ਹੀ ਨਿਰੋਲ ਜੁਝਾਰ ਜਾਂ ਸੰਘਰਸ਼ਵਾਦੀ ਕਵੀ ਜੋ ਹਮੇਸ਼ਾ ਸਮਾਜ-ਰਾਜਨੀਤਕ ਅਨਿਆ ਖਿਲਾਫ਼ ਕਾਵਿ-ਰਚਨ ਦਾ ਚਾਹਵਾਨ ਰਹਿੰਦਾ ਹੈ। ਉਸ ਨੂੰ ਇਨ੍ਹਾਂ ਦੋਨਾਂ ਹੀ ਪ੍ਰਵਿਰਤੀਆਂ ਦੇ ਪ੍ਰਭਾਵ ਵਿਚੋਂ ਬਣਿਆ ਕਵੀ ਕਿਹਾ ਜਾ ਸਕਦਾ ਹੈ। ਜਦੋਂ ਉਹ ਆਪਣੇ ਸਵੈ ਅਤੇ ਇਸਦੇ ਭਾਵਨਾਤਮਕ ਪਾਸਾਰ ਨੂੰ ਖੋਲ੍ਹਣ ’ਤੇ ਕੇਂਦਰਿਤ ਹੋ ਜਾਂਦਾ ਹੈ ਤਾਂ ਉਸ ਸਮੇਂ ਉਹ ਆਦਰਸ਼ਵਾਦੀ ਪ੍ਰਵਿਰਤੀ ਤੋਂ ਪ੍ਰਭਾਵਿਤ ਲਗਦਾ ਹੈ। ਇਸੇ ਤਰ੍ਹਾਂ ਜਦੋਂ ਉਹ ਕਸ਼ਮੀਰ ਸੰਕਟ ਅਤੇ ਇਸ ਨਾਲ ਰਲਦੀਆਂ-ਮਿਲਦੀਆਂ ਘਟਨਾਵਾਂ ਨੂੰ ਦੇਖਦਾ ਹੈ ਤਾਂ ਉਹ ਪ੍ਰਗਤੀਵਾਦੀ ਪ੍ਰਵਿਰਤੀ ਵੱਲ ਉਲਰ ਜਾਂਦਾ ਹੈ। ਇਥੇ ਅਸੀਂ ਉਦਾਹਰਣ ਵਜੋਂ ਉਨ੍ਹਾਂ ਵਲੋਂ ਰਚਿਤ ਇਹ ਸਤਰਾਂ ਦੇਖ ਸਕਦੇ ਹਾਂ, ਜਿਵੇਂ:

**ਠਗਣਾ ਫੁਸਲਾਉਣਾ ਤਕਰੀਰ ਤੇਰੀ**
**ਤੋੜਨਾ ਹਥਿਆਰਉਣਾ ਤਿਹਰੀਰ ਤੇਰੀ**
**ਤੋੜ ਕੇ ਰੱਖਤੀ ਰਿਆਸਤ ਖ਼ੂਬਸੂਰਤ**
**ਐਨੀ ਵੀ ਵੱਡੀ ਨਹੀਂ ਸ਼ਮਸ਼ੀਰ ਤੇਰੀ।**

(ਚਲਦਾ)

# ਪੰਜਾਬ ’ਚ ਗੈਂਗਸਟਰਾਂ ਤੇ ਨਸ਼ਾ ਤਸਕਰਾਂ ਲਈ ਕੋਈ ਥਾਂ ਨਹੀਂ: ਭਗਵੰਤ ਮਾਨ

## • ਮੁੱਖ ਮੰਤਰੀ ਨੇ ਜਹਾਨਖੇਲਾਂ ਵਿੱਚ 2490 ਪੁਲਿਸ ਮੁਲਾਜ਼ਮਾਂ ਦੀ ਪਾਸਿੰਗ-ਆਊਟ ਪਰੇਡ ਤੋਂ ਸਲਾਮੀ ਲਈ






ਹੁਸ਼ਿਆਰਪੁਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਹਾਨਖੇਲਾਂ ਵਿੱਚ ਨਵੇਂ ਰੰਗਰੂਟਾਂ ਦੀ ਪਾਸਿੰਗ-ਆਊਟ ਪਰੇਡ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਪਵਿੱਤਰ ਧਰਤੀ ’ਤੇ ਗੈਂਗਸਟਰਾਂ, ਸਮੱਗਲਰਾਂ, ਅਪਰਾਧੀਆਂ ਅਤੇ ਹੋਰ ਸਮਾਜ ਵਿਰੋਧੀ ਅਨਸਰਾਂ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਸੂਬੇ ਵਿੱਚੋਂ ਇਨ੍ਹਾਂ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ। ਸੂਬਾ ਸਰਕਾਰ ਨੇ ਪੰਜਾਬ ਪੁਲੀਸ ਵਿੱਚ 10,000 ਨਵੇਂ ਸਿਪਾਹੀਆਂ ਦੀ ਭਰਤੀ ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਇਸ ਭਰਤੀ ਲਈ ਜਲਦੀ ਹੀ ਕੈਬਨਿਟ ਵੱਲੋਂ ਹਰੀ ਝੰਡੀ ਦੇ ਦਿੱਤੀ ਜਾਵੇਗੀ। ਪੁਲੀਸ ਰੰਗਰੂਟ ਟ੍ਰੇਨਿੰਗ ਸੈਂਟਰ ਜਹਾਨਖੇਲਾਂ ਵਿੱਚ ਅੱਜ 2490 ਸਿਪਾਹੀਆਂ ਦੀ ਪਾਸਿੰਗ-ਆਊਟ ਪਰੇਡ ਹੋਈ। ਇਨ੍ਹਾਂ ਵਿੱਚ 498 ਮਹਿਲਾਵਾਂ ਸਨ ਜਿਨ੍ਹਾਂ ਨੇ ਮੁੱਖ ਮੰਤਰੀ ਨੂੰ ਸਲਾਮੀ ਦਿੱਤੀ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡਿਊਟੀ ਦੌਰਾਨ ਸ਼ਹੀਦ ਹੋਏ ਪੰਜ ਪੁਲੀਸ ਮੁਲਾਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇ ਚੈੱਕ ਵੀ ਸੌਂਪੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪਵਿੱਤਰ ਧਰਤੀ ਨੇ ਸੰਤ, ਪੀਰ, ਸ਼ਹੀਦ, ਮਹਾਨ ਖਿਡਾਰੀ ਅਤੇ ਜਰਨੈਲ ਪੈਦਾ ਕੀਤੇ ਹਨ। ਪਿਛਲੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਸਮੱਗਲਰਾਂ, ਗੈਂਗਸਟਰਾਂ ਅਤੇ ਹੋਰ ਅਪਰਾਧੀਆਂ ਨੇ ਸੂਬੇ ਨੂੰ ਆਪਣਾ ਅੱਡਾ ਬਣਾ ਲਿਆ ਸੀ। ਹੁਣ ‘ਆਪ’ ਸਰਕਾਰ ਨੇ ਇਨ੍ਹਾਂ ਨੂੰ ਨੱਥ ਪਾਉਣ ਲਈ ਮੁਹਿੰਮ ਵਿੱਢੀ ਹੈ ਅਤੇ ਇਹ ਜਲਦ ਹੀ ਸਲਾਖਾਂ ਪਿੱਛੇ ਹੋਣਗੇ। ਸ੍ਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਵਿਰੁੱਧ ਬਿਲਕੁਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ। ਨਸ਼ਿਆਂ ਦੀ ਸਪਲਾਈ ਚੇਨ ਤੋੜ ਕੇ ਤਸਕਰਾਂ ਨੂੰ ਸਲਾਖਾਂ ਪਿੱਛੇ ਡੱਕਿਆ ਜਾ ਰਿਹਾ ਹੈ। ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਵੇਂ ਭਰਤੀ ਮੁਲਾਜ਼ਮ ਨਸ਼ਿਆਂ ਵਿਰੁੱਧ ਜੰਗ ਦਾ ਅਹਿਮ ਹਿੱਸਾ ਬਣਨਗੇ।

ਮੁੱਖ ਮੰਤਰੀ ਨੇ ਕਿਹਾ ਕਿ 2022 ਤੋਂ ਲੈ ਕੇ ਹੁਣ ਤੱਕ ਪੁਲੀਸ ਫੋਰਸ ਨੂੰ ਅਪਡੇਟ ਕਰਨ ਲਈ 10,000 ਤੋਂ ਵੱਧ ਨੌਜਵਾਨ ਨਿਯੁਕਤ ਕੀਤੇ ਗਏ ਹਨ। ਲੜਕੀਆਂ ਸਣੇ ਵਿਸ਼ੇਸ਼ ਤੌਰ ’ਤੇ ਸਿਖਲਾਈ ਪ੍ਰਾਪਤ ਨਵੇਂ ਭਰਤੀ ਕੀਤੇ 1597 ਜਵਾਨ ਇਸ ਫੋਰਸ ਦੀ ਗੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ। ਇਨ੍ਹਾਂ ਨੂੰ 144 ਆਧੁਨਿਕ ਵਾਹਨ ਮੁਹੱਈਆ ਕਰਵਾਏ ਗਏ ਹਨ।

ਮੁੱਖ ਮੰਤਰੀ ਨੇ ਟ?ਰੇਨਿੰਗ ਦੇ ਵੱਖ-ਵੱਖ ਵਿਸ਼ਿਆਂ ’ਚ ਅੱਵਲ ਰਹਿਣ ਵਾਲੇ ਰੰਗਰੂਟਾਂ ਦਾ ਵੀ ਸਨਮਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ 155 ਏਕੜ ਵਿੱਚ ਫੈਲਿਆ ਜਹਾਨਖੇਲਾਂ ਕੈਂਪਸ ਅਤਿ-ਆਧੁਨਿਕ ਸਿਖਲਾਈ ਸਹੂਲਤਾਂ ਨਾਲ ਲੈਸ ਹੈ। ਇਸ ਸਦਕਾ ਹੀ ਦੂਜੇ ਸੂਬਿਆਂ ਦੀਆਂ ਫੋਰਸਾਂ ਇੱਥੇ ਪੁਲੀਸ ਸਿਖਲਾਈ ਲੈਣ ਲਈ ਆਉਂਦੀਆਂ ਹਨ।




## ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ 'ਚ ਪਹੁੰਚਣ ਦੀ ਬੇਨਤੀ



ਵਾਸ਼ਿੰਗਟਨ ਡੀਸੀ ਦੀ ਉਹ ਧਰਤੀ ਹੈ ਜਿਥੇ ਅਮਰੀਕਾ ਭਰ ਤੋਂ ਚੁਣੇ ਹੋਏ ਕਾਂਗਰਸਮੈਨ ਸੈਨੇਟਰ ਅਤੇ ਦੁਨੀਆ ਭਰ ਦੇ ਆਗੂ ਪਹੁੰਚਦੇ ਹਨ। ਇਥੇ ਦੇ ਸਿੱਖ ਪਰੇਡ ਸਿੱਖ ਹੋਂਦ ਲਈ ਅਹਿਮ ਸਥਾਨ ਰੱਖਦੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਥੇ ਪਰਿਵਾਰ ਸਮੇਤ ਪਹੁੰਚ ਕੇ ਹਰ ਸਾਲ ਹਾਜ਼ਰੀਆਂ ਭਰਿਆ ਕਰਨ। ਸਿੱਖ ਪੰਥ ਦੀ ਅਜਾਦੀ ਦਾ ਪ੍ਰਤੀਕ ਅਤੇ Washington, D.C ਤੋਂ ਕੌਮ ਦੀ ਅੰਤਰਰਾਸ਼ਟਰੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ USA ਜੋ ਕਿ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 8th ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਹੋ ਰਹੀ ਹੈ ਸਮੂਹ ਸੰਗਤਾਂ ਨੂੰ ਪ੍ਰਵਾਰ ਸਮੇਤ ਪਹੁੰਚਣ ਦੀ ਬੇਨਤੀ।

ਸ੍ਰ. ਹਿੰਮਤ ਸਿੰਘ,
ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ

## ਨੈਸ਼ਨਲ ਸਿੱਖ ਡੇਅ ਪਰੇਡ 'ਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਣ : ਸ੍ਰ. ਹਰਜਿੰਦਰ ਸਿੰਘ



ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਜਿੰਦਰ ਸਿੰਘ, ਸਪੋਕਸਮੈਨ ਸਿੱਖ
ਕੋਆਰਡੀਨੇਸ਼ਨ ਕਮੇਟੀ ਯੂ ਐਸ ਏ

## ਵਾਸ਼ਿੰਗਟਨ ਦੀ ਨੈਸ਼ਨਲ ਸਿੱਖ ਡੇਅ ਪਰੇਡ ਸਿੱਖਾਂ 'ਚ ਅਹਿਮ ਸਥਾਨ ਰੱਖਦੀ ਹੈ : ਸ੍ਰ. ਗੁਰਦੇਵ ਸਿੰਘ ਕੰਗ



ਨਿਊਯਾਰਕ ਦੀਆਂ ਸਿੱਖ ਸੰਗਤਾਂ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਦੇਵ ਸਿੰਘ ਕੰਗ
ਹਿਊਮਨ ਰਾਇਟਸ ਕਮਿਸ਼ਨਰ
ਨਿਊਯਾਰਕ

## ਸਿੱਖਾਂ ਦਾ ਹੁਣ ਆਪਣੇ ਘਰ ਬਿਨਾਂ ਅਤੇ ਮੁਕੰਮਲ ਅਜ਼ਾਦੀ ਤੋਂ ਵਗੈਰ ਕੋਈ ਹੱਲ ਨਹੀਂ



ਵਾਸ਼ਿੰਗਟਨ ਤੋਂ ਕੌਮ ਦੀ ਅੰਤਰਾਸ਼ਟਰੀ ਆਵਾਜ਼ ਖਾਲਿਸਤਾਨ ਅਫੇਅਰ ਸੈਂਟਰ ਵਲੋਂ ਅਮਰੀਕਾ 'ਚ ਵਸਦੇ ਸਮੂਹ ਸਿੱਖਾਂ ਨੂੰ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ 41ਵੀਂ ਵਰ੍ਹੇਗੰਢ ਉਪਰ ਅਤੇ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ।

ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ,
ਵਾਸ਼ਿੰਗਟਨ ਡੀ.ਸੀ.

## ਸਿੱਖ ਕਲਚਰ, ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਾਰਾਏ ਵਲੋਂ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬੋਪਾਰਾਏ
ਪ੍ਰਧਾਨ ਸਿੱਖ ਕਲਚਰਲ, ਰਿਚਮੰਡ ਹਿੱਲ,
ਨਿਊਯਾਰਕ

## ਡਾ. ਪ੍ਰਿਤਪਾਲ ਸਿੰਘ ਵਲੋਂ ਸਿੱਖ ਡੇਅ ਪਰੇਡ 'ਚ ਪਹੁੰਚਣ ਦਾ ਸੱਦਾ



ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ 41 ਸਾਲ ਹੋ ਗਏ। ਕਿਸੇ ਸਰਕਾਰ ਅਤੇ ਕਿਸੇ ਭਾਰਤੀ ਅਦਾਲਤ ਨੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿੱਤਾ। ਸਿੱਖਾਂ ਦੇ ਕਾਤਲ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਹੁਣ ਵਿਦੇਸ਼ਾਂ 'ਚ ਸਿੱਖਾਂ ਲਈ ਇਨਸਾਫ਼ ਮੰਗਣ ਵਾਲੇ ਆਗੂਆਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਇਤਿਹਾ ਨੂੰ ਠੱਲ੍ਹ ਪਾਉਣ ਲਈ ਪੂਰੀ ਕੌਮ ਨੂੰ ਇਕ ਝੰਡੇ ਹੇਠ ਇਕੱਠੇ ਹੋ ਕੇ ਕੌਮ ਦੀ ਮੁਕੰਮਲ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ,
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ



ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੁਰਜੀਤ ਸਿੰਘ ਕੁਲਾਰ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਬੂਟਾ ਸਿੰਘ ਖਰੋੜ,
ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ



ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸਮੂਹ ਸਿੱਖ ਜਗਤ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ।

ਸ੍ਰ. ਜਸਵੰਤ ਸਿੰਘ ਹੋਠੀ, ਪ੍ਰਧਾਨ
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਡਾ. ਹਰਦਮ ਸਿੰਘ ਆਜ਼ਾਦ



ਸਿੱਖਾਂ ਦਾ ਆਜ਼ਾਦੀ ਬਿਨਾਂ ਕੋਈ ਹੱਲ ਨਹੀਂ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦਾ ਆਪਣੇ ਘਰ ਬਿਨਾਂ ਕੋਈ ਹੱਲ ਨਹੀਂ।

ਡਾ. ਬਖਸ਼ੀਸ਼ ਸਿੰਘ ਸੰਧੂ (SFJ)
ਕੌਂਸਲ ਆਫ ਖਾਲਿਸਤਾਨ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਬਲਜਿੰਦਰ ਸਿੰਘ
ਬਰਾੜ ਨਿਊਜਰਸੀ



ਸਿੱਖਾਂ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਚੱਠਾ ਵਰਜੀਨੀਆ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਵਿੰਦਰ ਸਿੰਘ ਚੱਠਾ
ਵਰਜੀਨੀਆ




8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਭਗਤ ਸਿੰਘ ਪੈਨਸਿਲਵੇਨੀਆ



ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਾਕਾ ਸਿੰਘ ਨਿਊਯਾਰਕ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 8ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸਮੂਹ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਦਲਜਿੰਦਰ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬਦੇਸ਼ਾ, ਵਰਜੀਨੀਆ



ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਚਰਨ ਸਿੰਘ ਪੈਨਸਿਲਵੇਨੀਆ



ਵਰਜੀਨੀਆ ਦੀ ਸੰਗਤ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਦਿਓ ਵਰਜੀਨੀਆ




ਨਿਊਜਰਸੀ ਦੀਆਂ ਸਿੱਖ ਸੰਗਤਾਂ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਪ੍ਰਦੀਪ, ਸਿੰਘ ਖਾਲਸਾ, ਨਿਊਜਰਸੀ



ਮੈਰੀਲੈਂਡ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਖਸ਼ੀਸ਼ ਸਿੰਘ ਮੈਰੀਲੈਂਡ



ਯੁਨਾਈਟਿਡ ਸਿੱਖ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 8ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਹਰਦਿਆਲ ਸਿੰਘ, ਯੁਨਾਈਟਿਡ ਸਿੱਖ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ ਨਿਊਯਾਰਕ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਜਾਫੀ ਸਿੰਘ ਇੰਡੀਆਨਾ



ਸਿੱਖ ਯੂਥ ਆਫ ਅਮਰੀਕਾ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਸਵੀਰ ਸਿੰਘ,<br>ਸਿੱਖ ਯੂਥ ਆਫ ਅਮਰੀਕਾ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਤਿੰਦਰ ਸਿੰਘ ਖੱਟੜਾ<br>ਨਿਊਜਰਸੀ



ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਪਰ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ।

ਸ੍ਰ. ਜੋਗਰਾਜ ਸਿੰਘ ਨਿਊਜਰਸੀ



ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਕੇਵਲ ਸਿੰਘ ਸੰਧੂ, ਫਿਲਾਡੇਲਫੀਆ



ਸਿੱਖਾਂ ਦੀ ਆਵਾਜ਼ ਸ੍ਰ. ਸਤਨਾਮ ਸਿੰਘ ਵਿਰਕ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਸਤਨਾਮ ਸਿੰਘ ਵਿਰਕ<br>ਕਾਟਰੇਟ ਨਿਊਜਰਸੀ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਰਨਜੀਤ ਸਿੰਘ ਖਾਲਸਾ<br>ਸਿਟੀ ਕੌਂਸਲਰ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਅਵਤਾਰ ਸਿੰਘ ਪੰਨੂ (SFJ)



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਵਤੇਜ ਸਿੰਘ ਤੇਜੀ ਪੈਨਸਿਲਵੇਨੀਆ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪ੍ਰਿਤਪਾਲ ਸਿੰਘ ਖਾਲਸਾ<br>ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਰਾਜਵਿੰਦਰ ਸਿੰਘ ਬਦੇਸ਼ਾ ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 7ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੰਤੋਖ ਸਿੰਘ ਇੰਡੀਆਨਾ



ਸ੍ਰ. ਸਰਵਣ ਸਿੰਘ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਰਵਣ ਸਿੰਘ ਨਿਊਜਰਸੀ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਊਧਮ ਸਿੰਘ ਵਰਜੀਨੀਆ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਵੰਤ ਸਿੰਘ ਦਿਓਲ ਨਿਊਯਾਰਕ






ਸਿੱਖਾਂ ਦੀ ਆਵਾਜ਼ ਸ੍ਰ. ਸੱਜਣ ਸਿੰਘ ਨਿਊਯਾਰਕ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੱਜਣ ਸਿੰਘ ਨਿਊਯਾਰਕ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜੋਗਾ ਸਿੰਘ ਨਿਊਜਰਸੀ



ਸਿੱਖ ਕੌਮ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਬਲਵਿੰਦਰ ਸਿੰਘ ਨਿਊਯਾਰਕ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਲੇਰ ਸਿੰਘ ਨਿਊਯਾਰਕ



ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਵਿੰਦਰ ਸਿੰਘ
ਪ੍ਰਧਾਨ ਸਿੰਘ ਸਭਾ ਗਲੈਨਰਾਕ, ਨਿਊਜਰਸੀ



ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਮੇਲ ਸਿੰਘ, ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਿੰਦਰ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੇਵਲ ਸਿੰਘ ਨਿਊਜਰਸੀ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਮਹਿਤਾਬ ਸਿੰਘ ਵਰਜੀਨੀਆ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਲਾਲ ਸਿੰਘ, ਪੈਨਸਿਲਵੇਨੀਆ



326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਟਹਿਲ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪਰਮਿੰਦਰ ਸਿੰਘ ਬਿੱਲਾ ਨਿਊਯਾਰਕ



ਸ੍ਰ. ਸਵਿੰਦਰ ਸਿੰਘ ਮੈਰੀਲੈਂਡ ਵਲੋਂ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਿੰਦਰ ਸਿੰਘ ਮੈਰੀਲੈਂਡ



8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਰਿੰਦਰ ਸਿੰਘ ਵਰਜੀਨੀਆ




ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਇੰਦਰਜੀਤ ਸਿੰਘ, ਪ੍ਰਧਾਨ
ਗੁਰਦੁਆਰਾ ਦਸਮੇਸ਼ ਦਰਬਾਰ, ਕਾਟਰੇਟ ਨਿਊਜਰਸੀ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਖਾਲਸਾ, ਨਿਊਯਾਰਕ



ਸ੍ਰ. ਰਾਜਿੰਦਰ ਸਿੰਘ ਨਿਊਯਾਰਕ ਵਲੋਂ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 326ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਰਾਜਿੰਦਰ ਸਿੰਘ ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਕੁਲਵੰਤ ਸਿੰਘ ਮਿਆਣੀ ਨਿਊਯਾਰਕ

# 'ਆਪ' ਦੀ ਸਰਕਾਰ ਐਨੀ ਕਮਜ਼ੋਰ ਨਹੀਂ ਕਿ ਕਿਸਾਨ ਸਰਕਾਰ ਦੀ ਗਰਦਨ 'ਤੇ ਗੋਡਾ ਰੱਖ ਕੇ ਮੰਗਾਂ ਮਨਵਾ ਲੈਣ

## ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਦੀ ਕਿਸਾਨਾਂ ਨੂੰ ਚਿਤਾਵਨੀ



ਚੰਡੀਗੜ੍ਹ : ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਕਿਸਾਨਾਂ ਦੀ ਪੰਜਾਬ ਸਰਕਾਰ ਨਾਲ ਇਹੋ ਜਿਹੀ ਕਿਹੜੀ ਮੰਗ ਹੈ ਜੋ ਪੰਜਾਬ ਸਰਕਾਰ ਪੂਰੀ ਕਰ ਸਕਦੀ ਹੈ। ਉਹ ਸਾਰੇ ਪੰਜਾਬ ਨੂੰ ਜਾਮ ਕਰ ਕਰਕੇ ਚੰਡੀਗੜ੍ਹ ਆਉਣਾ ਚਾਹੁੰਦੇ ਹਨ। ਹਾਲੇ ਪਰਸੋਂ ਤਾਂ ਸ਼ਾਮ ਨੂੰ ਉਹ ਚੰਡੀਗੜ੍ਹ ਸੀ। ਉਹ ਲੱਖਾਂ ਲੋਕਾਂ ਨੂੰ ਲਿਆ ਕੇ ਕੀ ਸ਼ੋਅ ਕਰਨਾ ਚਾਹੁੰਦੇ ਹਨ ਕਿ ਸਾਰੇ ਇਕੱਠੇ ਹੋ ਕੇ ਸਰਕਾਰ ਦੀ ਗਰਦਨ 'ਤੇ ਗੋਡਾ ਰੱਖਣਾ ਹੈ। ਸਰਕਾਰ ਦੀ ਬਾਂਹ ਮਰੋੜ ਕੇ ਗੱਲ ਕਰਨੀ ਹੈ ਜਾਂ ਗੱਲ ਮਨਵਾਉਣੀ ਹੈ। ਉਸ ਲਈ ਉਹ ਚੰਡੀਗੜ੍ਹ ਕਿਉਂ ਆਉਣਾ ਚਾਹੁੰਦੇ ਹਨ ਉਹ ਵੀ ਹਜ਼ਾਰਾਂ ਦੀ ਗਿਣਤੀ ਵਿਚ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਜੋ ਫੈਸ਼ਨ ਚੱਲ ਪਿਆ ਕਿ ਸਰਕਾਰ ਦੀ ਬਾਂਹ ਮਰੋੜ ਕੇ ਅਤੇ ਗਰਦਨ 'ਤੇ ਗੋਡਾ ਰੱਖ ਕੇ ਆਪਣਾ ਕੰਮ ਕਰਾ ਲੈਣ ਗਏ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਐਨੀ ਕਮਜ਼ੋਰ ਨਹੀਂ ਹੈ।

# ਕੈਨੇਡਾ ਖ਼ਿਲਾਫ਼ ਵਪਾਰ ਯੁੱਧ ਸ਼ੁਰੂ ਕਰ ਕੇ ਰੂਸ ਨੂੰ ਖ਼ੁਸ਼ ਕਰ ਰਹੇ ਹਨ ਟਰੰਪ : ਟਰੂਡੋ



ਟੋਰਾਂਟੋ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਅਮਰੀਕਾ ਵਲੋਂ ਲਗਾਏ ਟੈਕਸ ਨੂੰ ਮੂਰਖਤਾਪੂਰਨ ਫ਼ੈਸਲਾ ਦੱਸਦਿਆ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੈਨੇਡਾ ਖ਼ਿਲਾਫ਼ ਵਪਾਰ ਯੁੱਧ ਸ਼ੁਰੂ ਕਰਕੇ ਰੂਸ ਨੂੰ ਖ਼ੁਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਆਪਣੇ ਸਭ ਤੋਂ ਨਜ਼ਦੀਕੀ ਸਾਥੀ ਅਤੇ ਸਹਿਯੋਗੀ ਖ਼ਿਲਾਫ਼ ਵਪਾਰ ਯੁੱਧ ਸ਼ੁਰੂ ਕਰ ਦਿੱਤਾ ਹੈ ਅਤੇ ਨਾਲ ਹੀ ਉਹ ਰੂਸ ਨਾਲ ਸਕਾਰਾਤਮਕ ਰੂਪ ਨਾਲ ਕੰਮ ਕਰਨ, ਝੂਠ ਬੋਲਣ ਵਾਲੇ, ਹੱਤਿਆਰੇ ਤਾਨਾਸ਼ਾਹ ਵਲਾਦੀਮੀਰ ਪੁਤਿਨ ਨੂੰ ਖ਼ੁਸ਼ ਕਰਨ ਦੀ ਗੱਲ ਕਰ ਰਹੇ ਹਨ। ਟਰੂਡੋ ਨੇ ਕਿਹਾ ਕਿ ਕੈਨੇਡਾ ਟਰੰਪ ਦੇ 25 ਫ਼ੀਸਦੀ ਟੈਕਸ ਦੇ ਜਵਾਬ 'ਚ 100 ਅਰਬ ਅਮਰੀਕੀ ਡਾਲਰ ਤੋਂ ਵੱਧ ਦੀਆਂ ਅਮਰੀਕੀ ਵਸਤੂਆਂ 'ਤੇ ਜਵਾਬੀ ਟੈਕਸ ਲਗਾਏਗਾ। ਟਰੂਡੋ ਨੇ ਕਿਹਾ ਅਸੀਂ ਕਦੇ ਵੀ ਅਮਰੀਕਾ ਦਾ 51ਵਾਂ ਸੂਬਾ ਨਹੀਂ ਬਣਾਂਗੇ।

# ਹਾਫ ਮੈਰਾਥਨ 2025 'ਚ ਲੋਕਾਂ ਨੇ ਲਿਆ ਹਿੱਸਾ



ਭੁਵਨੇਸ਼ਵਰ ਵਿਚ ਐਤਵਾਰ ਨੂੰ ਕੋਲ ਇੰਡੀਆ ਦੁਆਰਾ ਆਯੋਜਿਤ 'ਹਾਫ ਮੈਰਾਥਨ 2025' ਵਿਚ ਭਾਗ ਲੈਣ ਵਾਲੇ।

# ਪੁਲਿਸ ਵੱਲੋਂ ਪਿੰਡ ਦੇਵੀਦਾਸਪੁਰਾ ਵਿਚੋਂ 23 ਕਿਲੋ ਹੈਰੋਇਨ ਬਰਾਮਦ

## ਡੀਜੀਪੀ ਗੌਰਵ ਯਾਦਵ ਨੇ ਦਿੱਤੀ ਜਾਣਕਾਰੀ; ਮਾਮਲੇ ਵਿਚ ਨਾਮਜ਼ਦ ਮੁਲਜ਼ਮ ਸਾਹਿਲਪ੍ਰੀਤ ਉਰਫ਼ ਕਰਨ ਫ਼ਰਾਰ, ਪੁਲੀਸ ਵੱਲੋਂ ਮੁਲਜ਼ਮ ਨੂੰ ਫੜਨ ਲਈ ਕੀਤੀ ਜਾ ਰਹੀ ਹੈ ਛਾਪੇਮਾਰੀ



ਅੰਮ੍ਰਿਤਸਰ : ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਅੱਜ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਪੁਲੀਸ ਨੇ ਜੰਡਿਆਲਾ ਹਲਕੇ ਦੇ ਪਿੰਡ ਦੇਵੀਦਾਸਪੁਰਾ ਵਿੱਚੋਂ 23 ਕਿਲੋ ਹੈਰੋਇਨ ਦੀ ਇੱਕ ਖੇਪ ਬਰਾਮਦ ਕੀਤੀ। ਇਸ ਦਾ ਖੁਲਾਸਾ ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਕੀਤਾ ਹੈ।

ਡੀਜੀਪੀ ਯਾਦਵ ਨੇ ਦੱਸਿਆ ਕਿ ਮੁਢਲੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਸਬੰਧ ਅਮਰੀਕਾ ਅਧਾਰਤ ਤਸਕਰ ਜਸਮੀਤ ਸਿੰਘ ਉਰਫ ਲੱਕੀ ਨਾਲ ਜੁੜਿਆ ਹੋਇਆ ਹੈ। ਉਸ ਖਿਲਾਫ ਪਹਿਲਾਂ ਵੀ ਕਈ ਕੇਸ ਦਰਜ ਹਨ।

ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ ਨੇ ਇਥੇ ਪ੍ਰੈਸ ਕਾਨਫਰੰਸ ਵਿੱਚ ਇਸ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਇਸ ਮਾਮਲੇ ਵਿੱਚ ਪੁਲੀਸ ਨੇ ਸਾਹਿਲਪ੍ਰੀਤ ਸਿੰਘ ਉਰਫ ਕਰਨ ਵਾਸੀ ਪਿੰਡ ਦੇਵੀਦਾਸਪੁਰਾ ਨੂੰ ਨਾਮਜ਼ਦ ਕੀਤਾ ਹੈ, ਜੋ ਕਿ ਫਿਲਹਾਲ ਭੱਜਿਆ ਹੋਇਆ ਹੈ। ਪੁਲੀਸ ਉਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਦਿਹਾਤੀ ਪੁਲੀਸ ਨੂੰ ਇਸ ਸਬੰਧੀ ਸੂਹ ਮਿਲੀ ਸੀ ਜਿਸ ਦੇ ਆਧਾਰ 'ਤੇ ਐਸਐਸਪੀ ਮਨਿੰਦਰ ਸਿੰਘ ਦੀ ਅਗਵਾਈ ਹੇਠ ਪੁਲੀਸ ਟੀਮ ਨੇ ਉਸ ਦੇ ਘਰ ਵਿੱਚੋਂ 23 ਕਿਲੋ ਹੈਰੋਇਨ ਦੀ ਇਹ ਖੇਪ ਬਰਾਮਦ ਕੀਤੀ ਹੈ, ਜੋ ਉਸਨੇ ਘਰ ਵਿੱਚ ਲੁਕਾਈ ਹੋਈ ਸੀ। ਉਨ੍ਹਾਂ ਖੁਲਾਸਾ ਕੀਤਾ ਕਿ ਅਮਰੀਕਾ ਵਿੱਚ ਬੈਠਾ ਇਹ ਤਸਕਰ ਜਸਮੀਤ ਸਿੰਘ ਉਰਫ ਲੱਕੀ ਸਰਹੱਦ ਪਾਰੋਂ ਇਹ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਦਾ ਸੀ, ਜਿਸ ਨੂੰ ਪ੍ਰਾਪਤ ਕਰਕੇ ਅਗਾਂਹ ਸਪਲਾਈ ਕਰਨ ਦਾ ਕੰਮ ਕਰਨ ਵੱਲੋਂ ਕੀਤਾ ਜਾ ਰਿਹਾ ਸੀ।

ਉਸ ਵੱਲੋਂ ਹੀ ਰਕਮ ਇਕੱਠੀ ਕਰਕੇ ਅਗਾਂਹ ਭੇਜੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਪੁਲੀਸ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਕਰ ਰਹੀ ਹੈ।

# ਮਨਮੋਹਨ ਸਰਕਾਰ 'ਚ ਕਸ਼ਮੀਰ ਮੁੱਦਾ ਸੁਲਝਾਉਣ ਨੇੜੇ ਪੁੱਜ ਗਏ ਸਨ ਭਾਰਤ-ਪਾਕਿ: ਉਮਰ

## ਜੰਮੂ ਕਸ਼ਮੀਰ ਵਿਧਾਨ ਸਭਾ 'ਚ ਸਾਬਕਾ ਪ੍ਰਧਾਨ ਮੰਤਰੀ ਨੂੰ ਦਿੱਤੀ ਸ਼ਰਧਾਂਜਲੀ



ਜੰਮੂ : ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੌਰਾਨ ਭਾਰਤ ਤੇ ਪਾਕਿਸਤਾਨ ਕਸ਼ਮੀਰ ਮੁੱਦੇ ਨੂੰ ਸੁਲਝਾਉਣ ਦੇ ਨੇੜੇ ਪਹੁੰਚ ਗਏ ਸਨ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਕਾਲ ਵਿੱਚ ਪਹਿਲਾਂ ਵਾਲੀ ਸਥਿਤੀ ਵਾਪਸ ਆਉਣ ਦੀ ਉਮੀਦ ਨਹੀਂ ਹੈ। ਜੰਮੂ ਕਸ਼ਮੀਰ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਪਹਿਲੇ ਦਿਨ ਡਾ. ਮਨਮੋਹਨ ਸਿੰਘ ਅਤੇ ਚਾਰ ਹੋਰ ਸਾਬਕਾ ਵਿਧਾਇਕਾਂ ਨੂੰ ਸ਼ਰਧਾਂਜਲੀ ਦਿੰਦਿਆਂ ਅਬਦੁੱਲਾ ਨੇ ਮਨਮੋਹਨ ਸਿੰਘ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਉਜਾੜੇ ਗਏ ਕਸ਼ਮੀਰੀ ਪੰਡਿਤਾਂ ਦੀ ਵਾਪਸੀ ਲਈ ਵਿਹਾਰਕ ਕਦਮ ਚੁੱਕੇ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਕੰਮ ਅੱਜ ਵੀ ਪ੍ਰਸੰਗਿਕ ਹਨ।

ਵਿਧਾਨ ਸਭਾ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਮੰਤਰੀ ਸਈਦ ਗੁਲਾਮ ਹੁਸੈਨ ਗਿਲਾਨੀ, ਸਾਬਕਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਮਨਹਾਸ ਅਤੇ ਸਾਬਕਾ ਵਿਧਾਇਕ ਗੁਲਾਮ ਹਸਨ ਪੈਰੇ ਅਤੇ ਚੌਧਰੀ ਪਿਆਰਾ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿੰਟ ਦਾ ਮੌਨ ਰੱਖਿਆ, ਜਿਨ੍ਹਾਂ ਦਾ ਨਵੰਬਰ ਵਿੱਚ ਪਿਛਲੇ ਵਿਧਾਨ ਸਭਾ ਸੈਸ਼ਨ ਮਗਰੋਂ ਦੇਹਾਂਤ ਹੋ ਗਿਆ ਸੀ। ਉਪ ਰਾਜਪਾਲ ਮਨੋਜ ਸਿਨਹਾ ਦੇ ਭਾਸ਼ਣ ਮਗਰੋਂ ਵਿਧਾਨ ਸਭਾ ਸਪੀਕਰ ਅਬਦੁਲ ਰਹੀਮ ਰਾਠੇਰ ਨੇ ਇੱਕ ਸ਼ੋਕ ਮਤਾ ਪੇਸ਼ ਕੀਤਾ।

ਸ਼ਾਮ ਲਾਲ ਸ਼ਰਮਾ (ਭਾਜਪਾ), ਜੀ ਏ ਮੀਰ (ਕਾਂਗਰਸ) ਅਤੇ ਐੱਮ ਵਾਈ ਤਰੀਗਾਮੀ (ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਸਮੇਤ ਕਈ ਮੈਂਬਰਾਂ ਨੇ ਵੀ ਸਦਨ ਵਿੱਚ ਆਪਣੀ ਗੱਲ ਰੱਖੀ।

ਮੁੱਖ ਮੰਤਰੀ ਨੇ ਕਿਹਾ, "ਪਿਛਲੇ ਵਿਧਾਨ ਸਭਾ ਸੈਸ਼ਨ (ਸ੍ਰੀਨਗਰ ਵਿੱਚ) ਵਿੱਚ ਸਾਡੇ ਕੋਲ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਇੱਕ ਲੰਬੀ ਸੂਚੀ ਸੀ ਅਤੇ ਹੁਣ ਚਾਰ ਮਹੀਨਿਆਂ ਬਾਅਦ ਸਾਡੇ ਕੋਲ ਇੱਕ ਹੋਰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਇੱਕ ਛੋਟੀ ਸੂਚੀ ਹੈ, ਜਿਨ੍ਹਾਂ ਨੇ ਦੇਸ਼ ਵਿੱਚ ਵੱਡਾ ਯੋਗਦਾਨ ਪਾਇਆ ਹੈ।"

# ਰੇਠਾ ਹੋੜਤਾ ਸਮਿਤੀ ਦੇ ਸਮਰਥਕ ਅਤੇ ਹੋਰ ਕਿਸਾਨਾਂ ਨੇ ਕੀਤਾ ਰੋਸ ਮਾਰਚ



ਕਲਬੁਰਗੀ ਵਿੱਚ ਬੁੱਧਵਾਰ ਨੂੰ ਰਾਇਠਾ ਹੋਰਾਤਾ ਸਮਿਤੀ ਦੇ ਸਮਰਥਕਾਂ ਅਤੇ ਹੋਰ ਕਿਸਾਨਾਂ ਨੇ ਵੱਖ-ਵੱਖ ਮੰਗਾਂ ਨੂੰ ਲੈ ਕੇ ਜਗਤ ਸਰਕਲ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਰੋਸ ਮਾਰਚ ਕੱਢਿਆ।

# ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ



## ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ

# 648ਵਾਂ ਗੁਰਪੁਰਬ

31252 Veasy Street Union City CA 94587

ਵਿਖੇ 16 ਮਾਰਚ 2025 ਦਿਨ ਐਤਵਾਰ ਨੂੰ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**16 ਮਾਰਚ 2025 ਦਿਨ ਐਤਵਾਰ**

**ਭੋਗ ਸ੍ਰੀ ਸਹਿਜ ਪਾਠ ਸਵੇਰੇ 11.00 ਵਜੇ**

**ਉਪਰੰਤ ਕੀਰਤਨ ਅਤੇ ਗੁਰੂ ਕਾ ਲੰਗਰ**

| ਵਿਨੋਦ ਕੁਮਾਰ | ਤਰਲੋਚਨ ਸਿੰਘ ਬੱਧਣ | ਨਰੇਸ਼ ਕੁਮਾਰ ਗੱਡੂ | ਮਨਦੀਪ ਰਾਏ |
|---|---|---|---|
| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਖਜ਼ਾਨਚੀ |
| (510) 953 9800 | (510) 712 1743 | (510) 857 4551 | (415) 352 9159 |

# ਭਾਰਤ ਦੀ ਨਿਊਜ਼ੀਲੈਂਡ 'ਤੇ ਸ਼ਾਨਦਾਰ ਜਿੱਤ




ਗੇਂਦਬਾਜ਼ੀ ਕਰਦੇ ਹੋਏ ਵਰੁਣ ਚੱਕਰਵਰਤੀ

ਭਾਰਤ ਦੀਆਂ 30 ਦੌੜਾਂ ਦੇ ਸਕੋਰ 'ਤੇ ਤਿੰਨ ਵਿਕਟਾਂ ਡਿੱਗਣ ਤੋਂ ਬਾਅਦ ਸ਼੍ਰੇਅਸ ਅਈਅਰ ਤੇ ਅਕਸ਼ਰ ਪਟੇਲ ਨੇ ਭਾਰਤੀ ਪਾਰੀ ਨੂੰ ਸੰਭਾਲਿਆ ਤੇ ਟਿਕ ਕੇ ਖੇਡਦਿਆਂ ਭਾਰਤ ਦੀਆਂ ਸੌ ਦੌੜਾਂ ਪੂਰੀਆਂ ਕੀਤੀਆਂ।







ਸ਼ਾਟ ਖੇਡਦੇ ਹੋਏ ਸ਼੍ਰੇਅਸ ਅਈਅਰ।

ਦੁਬਈ : ਸ਼੍ਰੇਅਸ ਅੱਈਅਰ(79), ਅਕਸ਼ਰ ਪਟੇਲ(42) ਤੇ ਹਾਰਦਿਕ ਪੰਡਿਆ (45) ਦੀ ਸ਼ਾਨਦਾਰ ਬੱਲੇਬਾਜ਼ੀ ਤੇ ਗੇਂਦਬਾਜ਼ ਵਰੁਣ ਚੱਕਰਵਰਤੀ ਵੱਲੋਂ 42 ਦੌੜਾਂ ਬਦਲੇ ਲਈਆਂ 5 ਵਿਕਟਾਂ ਦੀ ਬਦੌਲਤ ਭਾਰਤ ਨੇ ਅੱਜ ਇਥੇ ਚੈਂਪੀਅਨਜ਼ ਟਰਾਫ਼ੀ ਦੇ ਗਰੁੱਪ 'ਏ' ਦੇ ਆਪਣੇ ਆਖ਼ਰੀ ਮੁਕਾਬਲੇ ਵਿਚ ਨਿਊਜ਼ੀਲੈਂਡ ਨੂੰ 44 ਦੌੜਾਂ ਨਾਲ ਹਰਾ ਦਿੱਤਾ ਹੈ।

ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਿਤ 50 ਓਵਰਾਂ ਵਿਚ 249/9 ਦਾ ਸਕੋਰ ਬਣਾਇਆ ਸੀ। ਟੀਚੇ ਦਾ ਪਿੱਛਾ ਕਰਦਿਆਂ ਨਿਊਜ਼ੀਲੈਂਡ ਦੀ ਟੀਮ 45.3 ਓਵਰਾਂ ਵਿਚ 205 ਦੌੜਾਂ 'ਤੇ ਆਊਟ ਹੋ ਗਈ। ਨਿਊਜ਼ੀਲੈਂਡ ਲਈ ਸਾਬਕਾ ਕਪਤਾਨ ਕੇਨ ਵਿਲੀਅਮਸਨ ਨੇ ਸਭ ਤੋਂ ਵੱਧ 81 ਦੌੜਾਂ ਬਣਾਈਆਂ। ਕਪਤਾਨ ਮਿਸ਼ੇਲ ਸੈਂਟਨਰ ਨੇ 28 ਤੇ ਵਿਲ ਯੰਗ ਨੇ 22 ਦੌੜਾਂ ਦਾ ਯੋਗਦਾਨ ਪਾਇਆ। ਭਾਰਤ ਲਈ ਆਪਣਾ ਪਹਿਲਾ ਇਕ ਰੋਜ਼ਾ ਕੌਮਾਂਤਰੀ ਮੁਕਾਬਲਾ ਖੇਡ ਰਹੇ ਵਰੁਣ ਚੱਕਰਵਰਤੀ ਨੇ ਪੰਜ ਵਿਕਟ ਲਏ। ਕੁਲਦੀਪ ਯਾਦਵ ਨੇ 2 ਜਦੋਂਕਿ ਇਕ ਇਕ ਵਿਕਟ ਅਕਸ਼ਰ ਪਟੇਲ, ਰਵਿੰਦਰ ਜਡੇਜਾ ਤੇ ਹਾਰਦਿਕ ਪੰਡਿਆ ਦੇ ਹਿੱਸੇ ਆਈ।

ਇਸ ਜਿੱਤ ਨਾਲ ਭਾਰਤ ਗਰੁੱਪ 'ਏ' ਵਿਚ ਸਿਖਰ 'ਤੇ ਰਿਹਾ ਹੈ। ਭਾਰਤ ਹੁਣ 4 ਮਾਰਚ ਨੂੰ ਖੇਡੇ ਜਾਣ ਵਾਲੇ ਪਹਿਲੇ ਸੈਮੀਫਾਈਨਲ ਵਿਚ ਆਸਟਰੇਲੀਆ ਦਾ ਸਾਹਮਣਾ ਕਰੇਗਾ ਜਦੋਂਕਿ ਦੂਜੇ ਸੈਮੀਫਾਈਨਲ ਵਿਚ ਦੱਖਣੀ ਅਫ਼ਰੀਕਾ ਤੇ ਨਿਊਜ਼ੀਲੈਂਡ ਆਹਮੋ ਸਾਹਮਣੇ ਹੋਣਗੇ। ਫਾਈਨਲ 9 ਮਾਰਚ ਨੂੰ ਖੇਡਿਆ ਜਾਵੇਗਾ। ਭਾਰਤ ਜੇਕਰ ਸੈਮੀਫਾਈਨਲ ਜਿੱਤਦਾ ਹੈ ਤਾਂ ਫਾਈਨਲ ਮੁਕਾਬਲਾ ਦੁਬਈ ਵਿਚ ਖੇਡਿਆ ਜਾਵੇਗਾ, ਨਹੀਂ ਤਾਂ ਇਹ ਮੁਕਾਬਲਾ ਲਾਹੌਰ ਵਿਚ ਹੋਵੇਗਾ

ਇਸ ਤੋਂ ਪਹਿਲਾਂ ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਿਤ 50 ਓਵਰਾਂ ਵਿਚ ਨੌਂ ਵਿਕਟਾਂ ਦੇ ਨੁਕਸਾਨ ਨਾਲ 249 ਦੌੜਾਂ ਬਣਾਈਆਂ। ਭਾਰਤ ਵੱਲੋਂ ਹਾਰਦਿਕ ਪਾਂਡਿਆ ਨੇ ਮੈਚ ਦੇ ਆਖਰੀ ਓਵਰ ਵਿਚ ਛੱਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕੈਚ ਆਊਟ ਹੋ ਗਿਆ। ਭਾਰਤ ਵਲੋਂ ਸਭ ਤੋਂ ਵੱਧ ਦੌੜਾਂ ਸ਼੍ਰੇਅਸ ਅਈਅਰ ਨੇ 79 ਬਣਾਈਆਂ। ਇਸ ਤੋਂ ਇਲਾਵਾ ਹਾਰਦਿਕ ਪੰਡਿਆ ਨੇ 45 ਤੇ ਅਕਸ਼ਰ ਪਟੇਲ ਨੇ 42 ਦੌੜਾਂ ਦਾ ਯੋਗਦਾਨ ਪਾਇਆ। ਭਾਰਤੀ ਪਾਰੀ ਦੀ ਸ਼ੁਰੂਆਤ ਬਹੁਤ ਖ਼ਰਾਬ ਰਹੀ।

ਨਿਊਜ਼ੀਲੈਂਡ ਨੇ ਪਹਿਲਾਂ ਸ਼ੁਭਮਨ ਗਿੱਲ ਤੇ ਬਾਅਦ ਵਿਚ ਭਾਰਤੀ ਕਪਤਾਨ ਰੋਹਿਤ ਸ਼ਰਮਾ ਨੂੰ ਆਊਟ ਕਰ ਦਿੱਤਾ। ਰੋਹਿਤ ਨੂੰ ਜੈਮੀਸਨ ਨੇ ਵਿਲ ਯੰਗ ਹੱਥੋਂ ਕੈਚ ਆਊਟ ਕਰਵਾਇਆ। ਰੋਹਿਤ ਨੇ 15 ਦੌੜਾਂ ਬਣਾਈਆਂ। ਇਸ ਤੋਂ ਬਾਅਦ ਵਿਰਾਟ ਕੋਹਲੀ ਨੇ ਪਾਰੀ ਨੂੰ ਸੰਭਾਲਿਆ ਪਰ ਉਹ ਵੀ ਜ਼ਿਆਦਾ ਸਮਾਂ ਟਿਕ ਨਾ ਸਕਿਆ ਤੇ ਉਸ ਦਾ ਮੈਟ ਹੈਨਰੀ ਦੀ ਗੇਂਦ 'ਤੇ ਗਲੈਨ ਫਿਲਿਪ ਨੇ ਸ਼ਾਨਦਾਰ ਕੈਚ ਲਿਆ। ਕੋਹਲੀ ਨੇ 14 ਗੇਂਦਾਂ ਵਿਚ 11 ਦੌੜਾਂ ਬਣਾਈਆਂ।

ਭਾਰਤ ਦੀਆਂ 30 ਦੌੜਾਂ ਦੇ ਸਕੋਰ 'ਤੇ ਤਿੰਨ ਵਿਕਟਾਂ ਡਿੱਗਣ ਤੋਂ ਬਾਅਦ ਸ਼੍ਰੇਅਸ ਅਈਅਰ ਤੇ ਅਕਸ਼ਰ ਪਟੇਲ ਨੇ ਭਾਰਤੀ ਪਾਰੀ ਨੂੰ ਸੰਭਾਲਿਆ ਤੇ ਟਿਕ ਕੇ ਖੇਡਦਿਆਂ ਭਾਰਤ ਦੀਆਂ ਸੌ ਦੌੜਾਂ ਪੂਰੀਆਂ ਕੀਤੀਆਂ। ਸ਼੍ਰੇਅਸ ਨੇ 66 ਗੇਂਦਾਂ ਵਿਚ 44 ਦੌੜਾਂ ਬਣਾ ਲਈਆਂ ਹਨ ਜਦਕਿ ਅਕਸ਼ਰ ਨੇ 48 ਗੇਂਦਾਂ ਵਿਚ 27 ਦੌੜਾਂ ਬਣਾਈਆਂ। ਇਸ ਤੋਂ ਬਾਅਦ ਅਕਸ਼ਰ 42 ਦੌੜਾਂ ਬਣਾ ਕੇ ਆਊਟ ਹੋਇਆ। ਭਾਰਤ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਇਸ ਤੋਂ ਬਾਅਦ ਸ਼੍ਰੇਅਸ 79 ਦੌੜਾਂ ਬਣਾ ਕੇ ਆਊਟ ਹੋਇਆ। ਇਸ ਤੋਂ ਬਾਅਦ ਕੇ ਐਲ ਰਾਹੁਲ 23 ਤੇ ਰਵਿੰਦਰ ਜਡੇਜਾ 16 ਦੌੜਾਂ ਬਣਾ ਕੇ ਆਊਟ ਹੋਏ।

# ਭਾਰਤ ਚੈਂਪੀਅਨਜ਼ ਟਰਾਫ਼ੀ ਦੇ ਫਾਈਨਲ ਵਿਚ

## ਪਹਿਲੇ ਸੈਮੀਫਾਈਨਲ ਵਿਚ ਆਸਟਰੇਲੀਆ ਨੂੰ 4 ਵਿਕਟਾਂ ਨਾਲ ਹਰਾਇਆ, ਕੋਹਲੀ ਨੇ ਬਣਾਈਆਂ 84 ਦੌੜਾਂ






ਦੁਬਈ : ਭਾਰਤ ਅੱਜ ਇਥੇ ਚੈਂਪੀਅਨਜ਼ ਟਰਾਫ਼ੀ ਦੇ ਪਹਿਲੇ ਸੈਮੀਫਾਈਨਲ ਵਿਚ ਆਸਟਰੇਲੀਆ ਨੂੰ 4 ਵਿਕਟਾਂ ਨਾਲ ਹਰਾ ਕੇ ਚੈਂਪੀਅਨ ਟਰਾਫ਼ੀ ਦੇ ਫਾਈਨਲ ਵਿਚ ਪਹੁੰਚ ਗਿਆ। ਆਸਟਰੇਲੀਆ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 49.3 ਓਵਰਾਂ ਵਿਚ 264 ਦੌੜਾਂ ਬਣਾਈਆਂ। ਭਾਰਤ ਨੇ ਇਸ ਟੀਚੇ ਨੂੰ 48.1 ਓਵਰਾਂ ਵਿਚ 6 ਵਿਕਟਾਂ ਦੇ ਨੁਕਸਾਨ ਨਾਲ 267 ਦੌੜਾਂ ਬਣਾ ਕੇ ਪੂਰਾ ਕਰ ਲਿਆ।

ਭਾਰਤ ਦੀ ਜਿੱਤ ਵਿਚ ਵਿਰਾਟ ਕੋਹਲੀ (84), ਸ਼੍ਰੇਅਸ ਅੱਈਅਰ 45 ਤੇ ਕੇਐੱਲ ਰਾਹੁਲ ਦੀਆਂ ਨਾਬਾਦ 42 (34 ਗੇਂਦਾਂ, 2 ਚੌਕੇ, 2 ਛੱਕੇ) ਅਤੇ ਅਕਸ਼ਰ ਪਟੇਲ 27 ਤੇ ਹਾਰਦਿਕ ਪੰਡਿਆ ਦੀਆਂ 28 ਤੇਜ਼ਤਰਾਰ ਦੌੜਾਂ ਦਾ ਅਹਿਮ ਯੋਗਦਾਨ ਰਿਹਾ।

ਕਪਤਾਨ ਰੋਹਿਤ ਸ਼ਰਮਾ ਨੇ ਵੀ 28 ਦੌੜਾਂ ਦਾ ਯੋਗਦਾਨ ਪਾਇਆ। ਕੋਹਲੀ ਨੇ 98 ਗੇਂਦਾਂ ਦੀ ਪਾਰੀ ਵਿਚ 5 ਚੌਕੇ ਜੜੇ। ਹਾਰਦਿਕ ਪੰਡਿਆ ਨੇ 24 ਗੇਂਦਾਂ 'ਤੇ 28 ਦੌੜਾਂ ਦੀ ਪਾਰੀ ਵਿਚ 3 ਛੱਕੇ ਤੇ 1 ਚੌਕਾ ਜੜਿਆ। ਆਸਟਰੇਲੀਆ ਲਈ ਨਾਥਨ ਐਲਿਸ ਤੇ ਐਡਮ ਜ਼ੈਂਪਾ ਨੇ ਦੋ ਦੋ ਵਿਕਟ ਲਏ ਤੇ ਇਕ ਇਕ ਵਿਕਟ ਕੂਪਰ ਕੋਨੋਲੀ ਤੇ ਬੈੱਨ ਡਵਾਰਸ਼ੁਇਸ ਨੇ ਲਈ।

ਦੂਜਾ ਸੈਮੀਫਾਈਨਲ 5 ਮਾਰਚ ਨੂੰ ਨਿਊਜ਼ੀਲੈਂਡ ਤੇ ਦੱਖਣੀ ਅਫ਼ਰੀਕਾ ਵਿਚਾਲੇ ਖੇਡਿਆ ਜਾਵੇਗਾ। ਫਾਈਨਲ 9 ਮਾਰਚ ਨੂੰ ਦੁਬਈ ਵਿਚ ਹੋਵੇਗਾ।

ਇਸ ਤੋਂ ਪਹਿਲਾਂ ਭਾਰਤੀ ਗੇਂਦਬਾਜ਼ਾਂ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਸਟੀਵ ਸਮਿਥ ਅਤੇ ਐਲੇਕਸ ਕੈਰੀ ਦੇ ਨੀਮ ਸੈਂਕੜਿਆਂ ਦੇ ਬਾਵਜੂਦ ਆਸਟਰੇਲੀਆ ਨੂੰ 264 ਦੌੜਾਂ ਦੇ ਆਸਾਨ ਸਕੋਰ ਉੱਤੇ ਆਲ ਆਊਟ ਕਰ ਦਿੱਤਾ। ਆਸਟਰੇਲੀਆ ਦੇ ਕਪਤਾਨ ਸਮਿਥ (73 ਸਕੋਰ, 96 ਗੇਂਦਾਂ) ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਕੀਤਾ ਪਰ ਇਸ ਦੇ ਬੱਲੇਬਾਜ਼ ਵਧੀਆ ਪਿੱਚ ਦਾ ਫਾਇਦਾ ਨਹੀਂ ਉਠਾ ਸਕੇ ਅਤੇ ਨਿਕੰਮੇ ਸ਼ਾਟਾਂ ਰਾਹੀਂ ਆਪਣੀਆਂ ਵਿਕਟਾਂ ਗੁਆਉਂਦੇ ਰਹੇ।

ਸਮਿਥ ਨੇ ਆਪਣੇ ਠਹਿਰਾਅ ਦੌਰਾਨ ਆਸਟਰੇਲਿਆਈ ਪਾਰੀ ਨੂੰ ਮਜ਼ਬੂਤੀ ਦਿੱਤੀ ਅਤੇ ਉਸ ਨੇ ਦੂਜੀ ਵਿਕਟ ਲਈ ਟ੍ਰੈਵਿਸ ਹੈੱਡ ਨਾਲ ਮਿਲ ਕੇ 52, ਤੀਜੀ ਵਿਕਟ ਲਈ ਮਾਰਨਸ ਲਾਬੂਸ਼ੇਨ ਨਾਲ 56 ਅਤੇ ਪੰਜਵੀਂ ਵਿਕਟ ਲਈ ਐਲਕਸ ਕੈਰੀ (61 ਸਕੋਰ, 57 ਗੇਂਦਾਂ) ਨਾਲ ਪੰਜਵੀਂ ਵਿਕਟ ਲਈ 54 ਦੌੜਾਂ ਜੋੜੀਆਂ। ਪਰ ਇਨ੍ਹਾਂ ਦੋਵਾਂ ਤੋਂ ਬਿਨਾਂ ਹੋਰ ਕੋਈ ਆਸਟਰੇਲੀਅਨ ਬੱਲੇਬਾਜ਼ ਟਿਕ ਕੇ ਨਾ ਖੇਡ ਸਕਿਆ।

ਭਾਰਤ ਲਈ ਮੁਹੰਮਦ ਸ਼ਮੀ ਨੇ 10 ਓਵਰਾਂ ਵਿਚ 48 ਦੌੜਾਂ ਬਦਲੇ 3, ਵਰੁਣ ਚੱਕਰਵਰਤੀ ਨੇ 10 ਓਵਰਾਂ ਵਿਚ 49 ਦੌੜਾਂ ਬਦਲੇ 2 ਤੇ ਰਵਿੰਦਰ ਜਡੇਜਾ ਨੇ ਵੀ 8 ਓਵਰਾਂ ਵਿਚ 40 ਦੌੜਾਂ ਦੇ ਕੇ 2 ਵਿਕਟਾਂ ਝਟਕਾਈਆਂ। ਇਕ ਵਿਕਟ ਹਾਰਦਿਕ ਪਾਂਡਿਆ ਦੇ ਹਿੱਸੇ ਆਈ ਅਤੇ ਐਲਕਸ ਕੈਰੀ ਰਨ ਆਊਟ ਹੋਇਆ।









# ਅਮਰੀਕਾ ਡੌਂਕੀ ਦੇ ਬਿਖੜੇ ਰਾਹਾਂ ਦੀ ਦਰਦਨਾਕ ਦਾਸਤਾਨ

ਹਰਵਿੰਦਰ ਸਿੰਘ ਰੋਡੇ

ਕਾਂ ਅੱਖ ਨਿਕਲਦੀ ਸੀ। ਹਾੜ੍ਹ ਦਾ ਤਿੱਖੜ ਦੁਪਹਿਰਾ। ਸੂਰਜ ਜਿਵੇਂ ਸਿਰ 'ਤੇ ਖੜ੍ਹਾ ਰਹਿਣ ਦੀ ਜ਼ਿੱਦ ਫੜੀ ਬੈਠਾ ਹੋਵੇ। ਦਰਸ਼ਨ ਸਿੰਘ ਧਰਮਸ਼ਾਲਾ 'ਚੋਂ ਤਾਸ਼ ਖੇਡ ਕੇ ਢੂਈ ਸਿੱਧੀ ਕਰਨ ਲਈ ਘਰ ਵੱਲ ਹੋ ਤੁਰਿਆ। ਘਰ ਤੋਂ ਪੰਜ-ਸੱਤ ਕਰਮਾਂ ਦੀ ਵਿੱਥ ਰਹਿੰਦਿਆਂ, ਉਹਦੇ ਖੀਸੇ ਵਿਚਲੇ ਫੋਨ ਦੀ ਘੰਟੀ ਖੜਕੀ। ਫੋਨ ਦੀ ਸਕਰੀਨ 'ਤੇ ਖੱਬੇ ਹੱਥ ਨਾਲ ਛਾਂ ਕਰਦਿਆਂ ਨੰਬਰ ਵੇਖਿਆ ਤਾਂ ਬਲਵੀਰ ਦਾ ਨਾਂਅ ਜਗਮਗਾ ਰਿਹਾ ਸੀ। ਕਾਹਲੀ ਨਾਲ ਪ੍ਰਵਾਨਗੀ ਬਟਨ ਦੱਬ, ਫੋਨ ਕੰਨ ਨੂੰ ਲਾਇਆ, "ਹਾਂ ਪੁੱਤ ਕੀ ਹਾਲ ਐ?"

"ਬਸ ਮੌਜਾਂ ਡੈਡੀ... ਲੈ ਤੈਨੂੰ ਖ਼ੁਸ਼ੀ ਦੀ ਖ਼ਬਰ ਸੁਣਾਵਾਂ! ਥੋੜ੍ਹਾ ਚਿਰ ਪਹਿਲਾਂ ਹੀ ਏਜੰਟ ਨਾਲ ਗੱਲ ਹੋ ਕੇ ਹਟੀ ਐ... ਮੈਂ ਪਰਸੋਂ ਤੁਰਨੈਂ ਏਥੋਂ!" ਬਲਵੀਰ ਦੇ ਮੂੰਹੋਂ ਇਹ ਬੋਲ ਸੁਣ ਕੇ ਦਰਸ਼ਨ ਤੋਂ ਚਾਅ ਨਾ ਚੱਕਿਆ ਜਾਵੇ। ਕੁਝ ਦਿਨਾਂ ਤੱਕ ਉਹਦਾ ਪੁੱਤ ਅਮਰੀਕਾ ਵਾਸੀ ਜੁ ਬਣਨ ਜਾ ਰਿਹਾ ਸੀ। ਉਹਨੇ ਧਰਤੀ ਨਿਸ਼ਕਾਰੀ। ਪੁੱਤ ਦੇ ਸੁਹਾਵਣੇ ਬੋਲ ਸੁਣਦਿਆਂ ਦਰਸ਼ਨ ਨੂੰ ਕੜਕਦੀ ਧੁੱਪ ਇਉਂ ਪ੍ਰਤੀਤ ਹੋਈ ਜਿਵੇਂ ਓਹਦੇ ਘਰ ਨੂੰ ਸੋਨੇ ਵਿਚ ਮੜ੍ਹਨ ਦਾ ਤਹੱਈਆ ਕਰੀ ਬੈਠੀ ਹੋਵੇ।

"ਸ਼ੁਕਰ ਐ ਦਾਤੇ ਦਾ... ਭਲਾ ਕਿੰਨੇ ਕੁ ਦਿਨਾਂ 'ਚ ਉਥੇ ਜਾ ਪਹੁੰਚੇਂਗਾ?" ਆਪਣੇ ਆਪ ਵਿਚ ਆਉਂਦਿਆਂ ਦਰਸ਼ਨ ਸਿੰਘ ਨੇ ਪੁੱਛਿਆ।

"ਡੈਡੀ... ਇਹਦਾ ਕੁਝ ਪੱਕਾ ਤਾਂ ਨਹੀਂ ਕਹਿ ਸਕਦੇ... ਉਂਝ ਉਹ ਕਹਿੰਦਾ ਸੀ ਬਈ ਏਸ ਰਸਤੇ 15-20 ਦਿਨ ਆਰਾਮ ਨਾਲ ਲੱਗ ਜਾਂਦੇ ਐ। ਉਂ ਖ਼ਤਰੇ ਵਾਲੀ ਕੋਈ ਗੱਲ ਨਹੀਂ ਬਸ ਆਪਣੇ ਪਿੰਡਾਂ ਵੱਲ ਚੱਲਦੀਆਂ ਟੁੱਟਮੀਆਂ ਬੱਸਾਂ ਵਾਂਙੂੰ ਕਈ ਫਲਾਈਟਾਂ ਬਦਲਣੀਆਂ ਪੈਂਦੀਆਂ।"

"ਅੱਛਾ! ਚੱਲ ਟੁੱਟਮੀਆਂ ਦਾ ਤਾਂ ਕੀ ਐ... ਨਾਲੇ ਬੰਦਾ ਸੈਰਾਂ ਕਰਦਾ ਜਾਂਦੈ।" ਦਰਸ਼ਨ ਸਿੰਘ ਨੇ ਆਪਣੇ ਦਿਲ ਨੂੰ ਢਾਰਸ ਦਿੰਦਿਆਂ ਪੁੱਤ ਦਾ ਹੌਸਲਾ ਕਰੜਾ ਰੱਖਣਾ ਚਾਹਿਆ।

"ਹਾਂ-ਹਾਂ ਡੈਡੀ... ਏਦਾਂ ਤਾਂ ਕੋਈ ਚੱਕਰ ਨਈਂ ਆਪਾਂ ਨੂੰ। ਹੋਰ ਬਥੇਰੇ ਮਿਲ ਜਾਂਦੇ ਐ ਸੰਗੀ ਸਾਥੀ", ਆਖਦਿਆਂ ਬਲਵੀਰ ਨੇ ਘਰ ਦਾ ਹਾਲ-ਚਾਲ ਪੁੱਛਿਆ ਤੇ ਫੋਨ ਕੱਟ ਦਿੱਤਾ।

ਏਜੰਟ ਦੀ ਵਿਉਂਤ ਅਨੁਸਾਰ ਬਲਵੀਰ ਨੇ ਪਹਿਲਾਂ ਦੁਬਈ ਤੋਂ ਫਲਾਈਟ ਲੈ ਕੇ ਬ੍ਰਾਜ਼ੀਲ ਉਤਰਨਾ ਸੀ। ਉਹਦੇ ਪਾਸਪੋਰਟ 'ਤੇ ਹਾਲੇ ਕੇਵਲ ਬ੍ਰਾਜ਼ੀਲ ਦੇ ਵੀਜ਼ੇ ਦੀ ਮੋਹਰ ਸੀ। ਅੱਗੇ ਕੀ ਹੋਣਾ ਏ? ਇਸ ਬਾਰੇ ਹਾਲੇ ਬਲਵੀਰ ਨੂੰ ਕੋਈ ਥਹੁ-ਪਤਾ ਨਹੀਂ ਸੀ। ਹਾਂ! ਏਜੰਟ ਨੇ ਏਨਾ ਜ਼ਰੂਰ ਕਿਹਾ ਸੀ ਕਿ ਹਰੇਕ ਮੁਲਕ ਵਿਚ ਵੜ੍ਹਨ ਤੋਂ ਪਹਿਲਾਂ ਉਹਦਾ ਐਂਟਰੀ ਪਾਸ ਬਣਿਆ ਕਰੇਗਾ।

ਮਿਥੀ ਯੋਜਨਾ ਅਨੁਸਾਰ ਉਹਨੇ ਦੁਬਈ ਤੋਂ ਫਲਾਈਟ ਲਈ ਤੇ ਬ੍ਰਾਜ਼ੀਲ ਜਾ ਪਹੁੰਚਿਆ। ਏਅਰਪੋਰਟ ਤੋਂ ਨਿਕਲਦਿਆਂ ਏਜੰਟ ਦੇ ਦਿੱਤੇ ਨੰਬਰ 'ਤੇ ਨੈੱਟਕਾਲ ਕਰਕੇ ਆਪਣੀ ਜਾਣ-ਪਛਾਣ ਕਰਵਾਈ। ਚੰਦ ਪਲਾਂ ਵਿਚ ਹੀ ਉਹਦੇ ਕੋਲ 'ਘਾਲੀ' ਨਾਂਅ ਦਾ ਬੰਦਾ ਆਇਆ ਤੇ ਉਹਨੂੰ ਗੱਡੀ 'ਚ ਬਿਠਾਉਂਦਿਆਂ ਆਪਣੇ ਨਾਲ ਲੈ ਤੁਰਿਆ।

"ਲੈ ਬਈ ਮੁੰਡਿਆ... ਐਸ ਘਰੇ ਤੂੰ ਪੰਜ-ਸੱਤ ਦਿਨ ਲਾਉਣੇ ਐ। ਫਿਰ ਤੇਰਾ ਅਗਾਂਹ ਦਾ ਜੁਗਾੜ ਬਣਾਉਂਨੇ ਆਂ। ਬਸ ਆਹੀ ਇਕ-ਦੋ ਮੁਲਕਾਂ 'ਚ ਤੈਨੂੰ ਇਕੱਲਤਾ ਜਿਹੀ ਮਹਿਸੂਸ ਹੋਊ... ਅੱਗੇ ਤਾਂ ਰੌਣਕਾਂ ਈ ਰੌਣਕਾਂ।" ਘਾਲੀ ਉਹਨੂੰ ਛੋਟੇ ਜਿਹੇ ਘਰ ਦੀ ਬੇਸਮੈਂਟ ਵਿਚ ਲੈ ਗਿਆ।

ਚਿੜੀ ਦੇ ਪੌਂਚੇ ਜਿੱਡੀ ਬੇਸਮੈਂਟ ਵਿਚ ਉਹਦਾ ਚਿੱਤ ਨਾ ਲੱਗਦਾ। ਰੂਹ ਨੂੰ ਤਾਜ਼ਾ ਰੱਖਣ ਖ਼ਾਤਰ ਉਹ ਆਥਣ-ਉੱਗਣ ਨੇੜੇ ਦੇ ਪਾਰਕ ਵਿਚ ਮਾੜਾ-ਮੋਟਾ ਘੁੰਮ-ਫਿਰ ਆਉਂਦਾ। ਖਾਣ ਨੂੰ ਆਉਂਦੀ ਇਕੱਲਤਾ ਨੇ ਉਹਦਾ ਪਿੱਛਾ ਤਦ ਛੱਡਿਆ ਜਦ ਤੀਜੇ ਕੁ ਦਿਨ ਘਾਲੀ ਦੋ ਮੁੰਡੇ ਹੋਰ ਲੈ ਆਇਆ। ਉਹ ਪੰਜਾਬੀ ਤਾਂ ਭਾਵੇਂ ਨਹੀਂ ਸਨ ਪਰ ਉਨ੍ਹਾਂ ਦੇ ਹਾਵ-ਭਾਵ ਦੱਸਦੇ ਸਨ ਕਿ ਉਹ ਵੀ ਬਲਵੀਰ ਵਾਂਙੂੰ ਹੀ ਆਏ ਹੋਏ ਨੇ। ਭਾਸ਼ਾ ਦੀ ਸਾਂਝ ਨਾ ਹੋਣ ਕਰਕੇ ਬੇਸ਼ੱਕ ਉਹ ਇਕ-ਦੂਜੇ ਨਾਲ ਗੱਲ ਕਰਨ ਤੋਂ ਅਸਮਰੱਥ ਸਨ ਫਿਰ ਵੀ ਹਮਸਫ਼ਰ ਬਣ ਗਏ ਹੋਣ ਕਰਕੇ ਤਿੰਨਾਂ ਦਾ ਚਿੱਤ ਪਰਚਿਆ ਰਹਿੰਦਾ।

ਬਲਵੀਰ ਨੂੰ ਏਸ ਬੇਸਮੈਂਟ ਵਿਚ ਰਹਿੰਦਿਆਂ ਪੂਰਾ ਹਫ਼ਤਾ ਬੀਤ ਗਿਆ, ਪ੍ਰੰਤੂ ਹਾਲੇ ਤੱਕ ਉਹਨੂੰ ਅਗਾਂਹ ਦੀ ਕਿਸੇ ਯੋਜਨਾ ਬਾਰੇ ਨਹੀਂ ਸੀ ਦੱਸਿਆ ਗਿਆ। ਵਾਰ-ਵਾਰ ਪੁੱਛਣ 'ਤੇ ਘਾਲੀ ਆਖ ਛੱਡਦਾ, "ਹਾਲੇ ਓਧਰ ਦਾ ਕੋਈ ਗੇੜਾ ਨਹੀਂ ਆਇਆ... ਜਿੱਦਣ ਗੇੜਾ ਆ ਗਿਆ ਬਸ ਓਦਣੇ ਰਵਾਨਗੀ ਸਮਝੋ... ਇਹ ਹੁਣ ਥੋੜੇ ਤਿੰਨਾਂ ਦੇ ਮੁਕੱਦਰ 'ਤੇ ਐ।"

ਅਖ਼ੀਰੀਂ ਉਨ੍ਹਾਂ ਦਾ ਮੁਕੱਦਰ ਜਾਗ ਉੱਠਿਆ। ਇਕ ਦਿਨ ਦੁਪਹਿਰੇ ਸੁੱਤੇ ਪਿਆਂ ਨੂੰ ਉਠਾਉਂਦਿਆਂ ਘਾਲੀ ਨੇ ਦੱਸਿਆ, "ਅੱਜ ਆਪਣਾ ਟਰੱਕ ਚੱਲਿਆ ਓਧਰ ਨੂੰ ... ਤੁਸੀਂ ਓਸ 'ਚ ਜਾਣੈ। ਇਥੋਂ ਆਪਣੇ ਟਰੱਕ ਪੇਰੂ ਵਿਚ ਦੀ ਸਿੱਧੇ ਇਕਵਾਡੋਰ ਨੂੰ ਜਾਂਦੇ ਐਂ ਬਾਕੀ ਸਾਰੀ ਗੱਲ ਥੋਨੂੰ ਡਰੈਵਰ ਸਮਝਾਊ... ਤੁਸੀਂ ਬਸ ਆਥਣੇ ਪੰਜ ਵੱਜਦੇ ਨੂੰ ਰੈਡੀ ਰਹਿਣਾ।"

ਰੈਡੀ ਹੋਣ ਨੂੰ ਉਨ੍ਹਾਂ ਭਲਾ ਕਿੰਨਾ ਕੁ ਸਾਮਾਨ ਚੁੱਕਣਾ ਸੀ? ਬਸ ਇਕ-ਇਕ, ਦੋ-ਦੋ ਬੈਗ ਸਨ। ਪੰਜ ਵੱਜਦਿਆਂ ਹੀ ਘਾਲੀ ਨੇ ਉਨ੍ਹਾਂ ਨੂੰ ਗੱਡੀ 'ਚ ਬਿਠਾਇਆ ਤੇ ਵੀਹ ਕੁ ਮਿੰਟਾਂ ਦੀ ਡਰਾਈਵਿੰਗ ਮਗਰੋਂ, ਤੁਰਨ ਲਈ ਤਿਆਰ ਖੜ੍ਹੇ ਟਰੱਕ ਕੋਲ ਜਾ ਉਤਾਰਿਆ। ਟਰੱਕ ਦੇ ਵਿਚ ਪਤਾ ਨਹੀਂ ਕੀ ਸੀ, ਪ੍ਰੰਤੂ ਸਭ ਪਾਸਿਓਂ ਬੰਦ, ਲੱਦਿਆ ਖੜ੍ਹਾ ਸੀ। ਘਾਲੀ ਨੇ ਡਰਾਈਵਰ ਨਾਲ ਘੁਸਰ-ਮੁਸਰ ਕੀਤੀ ਤੇ ਫਿਰ ਡਰਾਈਵਰ ਨੇ ਉਨ੍ਹਾਂ ਦੇ ਬੈਗ ਸੀਟਾਂ ਦੇ ਥੱਲੇ ਦਿੰਦਿਆਂ ਉਨ੍ਹਾਂ ਨੂੰ ਪਿਛਲੇ ਕੈਬਿਨ ਵਿਚ ਵੜ ਜਾਣ ਲਈ ਆਖ ਦਿੱਤਾ। ਸੋਹਣੇ ਕੈਬਿਨ ਵਿਚ ਵਧੀਆ ਬੈੱਡ ਲੱਗਾ ਹੋਇਆ ਸੀ; ਜੀਕਣ ਛੋਟਾ ਜਿਹਾ ਕਮਰਾ ਹੋਵੇ।

"ਲਓ ਬਈ ਜੁਆਨੋ! ਊਂ ਤਾਂ ਖ਼ਤਰੇ ਵਾਲੀ ਕੋਈ ਗੱਲ ਨਹੀਂ ਪਰ ਫਿਰ ਵੀ ਕਈ ਵਾਰ ਸਿਆਪਾ ਪੈਂਦੇ ਦਾ ਪਤਾ ਨਹੀਂ ਲੱਗਦਾ... ਤੁਸੀਂ ਬਸ ਮੇਰੀ ਕਹੀ 'ਨ੍ਹੀਂ ਮੋੜਨੀ!" ਆਖਦਿਆਂ ਡਰਾਈਵਰ ਨੇ ਸੈਲਫ਼ ਮਾਰ ਲਈ।

"ਜਿਵੇਂ ਤੁਸੀਂ ਕਹੋਗੇ ਜੀ...!" ਪੰਜਾਬੀ ਸਮਝਦੇ ਬਲਵੀਰ ਨੇ ਡਰਾਈਵਰ ਦੀ ਹਾਂ ਵਿਚ ਹਾਂ ਮਿਲਾਈ ਤਾਂ ਉਹਨੂੰ ਵੇਖ ਦੂਜਿਆਂ ਦੋਹਾਂ ਨੇ ਵੀ ਸਿਰ ਹਿਲਾ ਦਿੱਤੇ।

ਬ੍ਰਾਜ਼ੀਲ ਦੀਆਂ ਮਲਾਈ ਵਰਗੀਆਂ ਸੜਕਾਂ 'ਤੇ ਬਾਘੀਆਂ ਪਾਉਂਦਾ ਟਰੱਕ ਤੀਜੇ ਦਿਨ ਦਾ ਸੂਰਜ ਚੜ੍ਹਦੇ ਨੂੰ ਪੇਰੂ ਦਾ ਬਾਰਡਰ ਟੱਪ ਗਿਆ। ਅਗਾਂਹ ਤਾਂ ਵਾਟ ਹੀ ਕਿਹੜੀ ਰਹਿ ਗਈ ਸੀ? ਜਿਵੇਂ ਦੌੜਾਕ ਆਪਣੇ ਆਖ਼ਰੀ ਪਲਾਂ ਵਿਚ ਹੋਰ ਤੇਜ਼ ਹੋ ਜਾਂਦਾ ਏ, ਟਰੱਕ ਵੀ ਵਰੋਲੇ ਵਾਂਙ ਅੱਧੀ ਰਾਤ ਨੂੰ ਇਕਵਾਡੋਰ ਵਿਚ ਜਾ ਦਾਖ਼ਲ ਹੋਇਆ। ਇਸ ਸਾਰੇ ਸਫ਼ਰ ਵਿਚ ਸਣੇ ਡਰਾਈਵਰ ਉਨ੍ਹਾਂ ਨੂੰ ਕੋਈ ਤਕਲੀਫ਼ ਨਾ ਆਈ।

ਇਕਵਾਡੋਰ ਦੇ ਕਿਊਟੋ ਸ਼ਹਿਰ ਵਿਚ ਡਰਾਈਵਰ ਨੇ ਉਨ੍ਹਾਂ ਨੂੰ ਲਾਹਿਆ ਤਾਂ ਅੱਗੇ ਉਨ੍ਹਾਂ ਦਾ ਨਵਾਂ ਏਜੰਟ ਮਾਰਲਨ ਖੜ੍ਹਾ ਸੀ। ਮਾਰਲਨ ਤਿੰਨਾਂ ਨੂੰ ਆਪਣੀ ਗੱਡੀ ਵਿਚ ਬਿਠਾ ਕੇ ਇਕ ਹੋਟਲ ਵਿਚ ਲੈ ਗਿਆ। ਉਥੇ ਉਨ੍ਹਾਂ ਨੂੰ ਕਿਸੇ ਸਪੈਨਿਸ਼ ਬੋਲਦੇ ਬੰਦੇ ਦੇ ਹਵਾਲੇ ਕਰ ਆਪ ਪਤਾ ਨਹੀਂ ਕਿੱਧਰ ਚਲਾ ਗਿਆ। ਪੰਜ-ਚਾਰ ਘੰਟੇ ਆਰਾਮ ਕਰਨ ਤੋਂ ਬਾਅਦ ਉਹ ਤਿੰਨੇ ਓਸ ਸਪੈਨਿਸ਼ ਬੰਦੇ ਦੀ ਕਾਰ ਵਿਚ ਜਾ ਬੈਠੇ। ਲੰਮਾਂ ਸਮਾਂ ਦੌੜਦੀ ਰਹੀ ਕਾਰ ਕਿਸੇ ਵੀਰਾਨ ਜਿਹੇ ਘਰ ਅੱਗੇ ਜਾ ਰੁਕੀ। ਘਰ ਦੇ ਅੰਦਰ ਪੈਰ ਧਰੇ ਤਾਂ ਉਨ੍ਹਾਂ ਵਰਗੇ ਹੋਰ ਕਈ ਮੁੰਡੇ ਪਹਿਲਾਂ ਤੋਂ ਹੀ ਉਥੇ ਮੌਜੂਦ ਸਨ।



ਅਸਲ ਵਿਚ ਤਾਂ ਇਥੋਂ ਸ਼ੁਰੂ ਹੁੰਦਾ ਏ ਬਲਵੀਰ ਦਾ ਬਿਖੜੇ ਪੈਂਡਿਆਂ ਦਾ ਸਫ਼ਰ।

ਪੂਰਾ ਇਕ ਦਿਨ ਬਲਵੀਰ ਨੇ ਏਸ ਇਕੱਠ ਵਿਚ ਗੁਜ਼ਾਰਿਆ ਤੇ ਅਗਲੇ ਦਿਨ ਉਨ੍ਹਾਂ ਵਿਚੋਂ ਦਸ-ਗਿਆਰਾਂ ਜਣਿਆਂ ਦੀ ਛਾਂਟੀ ਕਰਕੇ ਇਕ ਛੋਟੀ ਜਿਹੀ ਟੈਕਸੀ ਵਿਚ ਮੁਰਗੀਆਂ ਵਾਂਙੂੰ ਤਾੜਦਿਆਂ ਅਗਲੇਰੇ ਸਫ਼ਰ ਲਈ ਰਵਾਨਾ ਕਰ ਦਿੱਤਾ। ਟੈਕਸੀ ਦਾ ਕਾਲਾ ਜਿਹਾ ਡਰਾਈਵਰ ਹਵਾ ਨੂੰ ਗੰਢਾਂ ਦਿੰਦਾ ਜਾਂਦਾ ਸੀ। ਪੂਰੀ ਦਿਹਾੜੀ ਵਿਚ ਉਹਨੇ ਕੇਵਲ ਦੋ ਵਾਰ ਟੈਕਸੀ ਰੋਕੀ। ਟੈਕਸੀ ਰੁਕੀ ਤੋਂ ਉਹ ਪਿਸ਼ਾਬ ਕਰਨ ਦੇ ਬਹਾਨੇ ਖੁੱਲ੍ਹੀ ਹਵਾ ਲੈ ਲੈਂਦੇ। ਏਸ ਜੋਖ਼ਮ ਭਰੇ ਸਫ਼ਰ ਵਿਚ ਉਨ੍ਹਾਂ ਨੇ ਦੋ ਵਾਰੀ ਹੀ ਚੱਜ ਨਾਲ ਸਾਹ ਲਿਆ। ਪੂਰੇ 14-15 ਘੰਟਿਆਂ ਬਾਅਦ ਇਹ ਕਿਸੇ ਹੋਰ ਬੰਦੇ ਦੇ ਹਵਾਲੇ ਕੀਤੇ ਗਏ ਤਾਂ ਮਸਾਂ ਕਿਤੇ ਜਾ ਕੇ ਸੁੱਖ ਦਾ ਸਾਹ ਆਇਆ।

ਨਵੇਂ ਡੌਂਕਰ ਕੋਲ ਪੰਜ-ਸੱਤ ਘੰਟੇ ਆਰਾਮ ਕਰਨ ਮਗਰੋਂ ਫਿਰ ਉਹੀ ਟੈਕਸੀ ਸਫ਼ਰ ਸ਼ੁਰੂ। ਇਉਂ ਕਦੇ ਟੈਕਸੀ ਰਾਹੀਂ, ਕਦੇ ਤੁਰ ਕੇ ਤੇ ਕਦੇ ਬੱਸ ਰਾਹੀਂ ਸਫ਼ਰ ਕਰਦਿਆਂ ਉਹ ਛੇਵੇਂ ਦਿਨ ਇਕ ਸਮੁੰਦਰ ਕੰਢੇ ਜਾ ਅੱਪੜੇ। ਓਸੇ ਸਮੁੰਦਰ ਕਿਨਾਰੇ; ਜਿੱਥੇ ਆਏ ਦਿਨ ਮੌਤ ਰਾਣੀ ਛਾਂਟ-ਛਾਂਟ ਕੇ ਆਪਣੇ ਪਸੰਦੀਦੇ ਸ਼ਿਕਾਰਾਂ ਨੂੰ ਕਲਾਵੇ ਭਰਦੀ ਹੈ।

ਇਹ ਸਮੁੰਦਰ ਉਨ੍ਹਾਂ ਕਿਸ਼ਤੀ ਰਾਹੀਂ ਪਾਰ ਕਰਨਾ ਸੀ। ਉਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਲੋਕ ਸਨ; ਜੋ ਉਨ੍ਹਾਂ ਵਾਂਙ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਦੇ ਸਫ਼ਰ 'ਤੇ ਨਿਕਲੇ ਹੋਏ ਸਨ। ਘੁਸਮੁਸਾ ਜਿਹਾ ਹੁੰਦਿਆਂ ਸਮੁੰਦਰ ਤੇ ਆਕਾਸ਼ ਇਕ-ਦੂਜੇ ਵਿਚ ਸਮਾਉਣ ਲੱਗੇ ਤਾਂ ਡੌਂਕਰਾਂ ਨੇ ਉਨ੍ਹਾਂ ਨੂੰ ਕਿਸ਼ਤੀ 'ਤੇ ਚੜ੍ਹਾਉਣਾ ਸ਼ੁਰੂ ਕੀਤਾ। ਮੌਤ ਦਾ ਮੂੰਹ ਅੱਡਿਆ ਵੇਖ, ਥਰ-ਥਰ ਕੰਬਦੇ ਬਲਵੀਰ ਨੇ ਕਿਸ਼ਤੀ ਵਿਚ ਸਵਾਰ ਹੁੰਦਿਆਂ, ਦਿਲ ਨੂੰ ਢਾਰਸ ਦੇਣ ਲਈ, ਆਪਣੇ ਹਮਸਫ਼ਰਾਂ 'ਤੇ ਵਿੰਨ੍ਹਵੀਂ ਨਜ਼ਰ ਸੁੱਟੀ। ਆਦਮੀਆਂ ਦੇ ਨਾਲ-ਨਾਲ ਛੇ-ਸੱਤ ਔਰਤਾਂ ਨੂੰ ਕਿਸ਼ਤੀ ਵਿਚ ਸਵਾਰ ਦੇਖ ਕੇ ਉਹਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਚਿਹਰੇ-ਮੁਹਰੇ ਵੇਖਦਿਆਂ ਉਹਨੂੰ ਚਾਰ-ਪੰਜ ਜਣੇ ਭਾਰਤੀ ਲੱਗੇ।

ਠਾਠਾਂ ਮਾਰਦੇ ਵਿਸ਼ਾਲ ਸਮੁੰਦਰ ਵਿਚ ਨਿੱਕੀ ਜਿਹੀ ਕਿਸ਼ਤੀ ਸਾਰੀ ਰਾਤ ਕਿਸੇ ਅਣਜਾਣੀ ਦਿਸ਼ਾ ਵੱਲ ਠਿੱਲ੍ਹਦੀ ਰਹੀ। ਪੈਰ-ਪੈਰ 'ਤੇ ਉਨ੍ਹਾਂ ਨੂੰ ਇਉਂ ਜਾਪਦਾ ਜਿਵੇਂ ਉਹ ਮੌਤ ਦੇ ਜਬਾੜਿਆਂ ਨੂੰ ਹੱਥ ਲਾ ਕੇ ਮੁੜਦੇ ਹੋਣ। ਅੱਠ-ਨੌਂ ਘੰਟਿਆਂ ਦੇ ਸਫ਼ਰ ਮਗਰੋਂ ਕਿਨਾਰਾ ਨਸੀਬ ਹੋਇਆ ਤਾਂ ਸਭ ਨੂੰ ਡੰਗਰਾਂ ਵਾਂਙੂੰ ਧੱਕੇ ਮਾਰਦਿਆਂ ਕਿਸ਼ਤੀ ਤੋਂ ਥੱਲੇ ਸੁੱਟ ਦਿੱਤਾ ਗਿਆ। ਵੇਂਹਦਿਆਂ-ਵੇਂਹਦਿਆਂ ਕਿਸ਼ਤੀ ਫਿਰ ਓਸੇ ਹਨੇਰੇ ਵਿਚ ਅਲੋਪ ਹੋ ਗਈ। ਕਿਸੇ ਨੂੰ ਕੁਝ ਨਹੀਂ ਸੀ ਪਤਾ ਲੱਗ ਰਿਹਾ ਕਿ ਅਗਾਂਹ ਕਿੱਧਰ ਨੂੰ ਜਾਣਾ ਹੈ। ਸਾਰੇ ਜਣੇ ਇਕ ਨਿੱਕੀ ਜਿਹੀ ਪਹਾੜੀ ਦੇ ਪੈਰਾਂ ਵਿਚ ਬੈਠ ਕੇ ਸਵੇਰ ਹੋਣ ਦਾ ਇੰਤਜ਼ਾਰ ਕਰਨ ਲੱਗੇ।

ਧੰਮੀ ਵੇਲੇ ਇਕ ਕਿਸ਼ਤੀ ਹੋਰ ਆਈ; ਉਹਦੇ ਸਵਾਰਾਂ ਨਾਲ ਵੀ ਓਹੀ ਸਲੂਕ ਹੋਇਆ। ਜਦ ਉਹ ਵੀ ਉਨ੍ਹਾਂ ਵੱਲ ਨੂੰ ਤੁਰੇ ਆ ਰਹੇ ਸਨ ਤਾਂ ਬਲਵੀਰ ਨੂੰ ਇਨ੍ਹਾਂ ਵਿਚ ਕਾਫ਼ੀ ਲੋਕ ਭਾਰਤੀ ਲੱਗੇ। ਇਕ-ਇਕ ਤੇ ਦੋ ਗਿਆਰਾਂ ਵਾਂਙ ਦੋ ਟੋਲੀਆਂ ਦੇ ਆਪੋ ਵਿਚ ਮਿਲ ਜਾਣ 'ਤੇ ਸਭ ਦੇ ਹੌਸਲੇ ਦੂਣੇ ਹੋ ਗਏ। ਹੁਣ ਉਨ੍ਹਾਂ ਦੀ ਟੋਲੀ 50-60 ਜਣਿਆਂ ਦੀ ਬਣ ਗਈ ਸੀ।

ਸਵੇਰ ਦਾ ਸੂਰਜ ਚੜ੍ਹਦਿਆਂ ਦੋ ਡੌਂਕਰ ਉਨ੍ਹਾਂ ਨੂੰ ਲੈਣ ਆਏ ਤੇ ਉਹ ਸਭ ਡੌਂਕਰਾਂ ਦੀ ਅਗਵਾਈ ਹੇਠ ਉੱਚੀਆਂ-ਨੀਵੀਂਆਂ ਪਹਾੜੀਆਂ ਦੇ ਜੰਗਲੀ ਰਸਤੇ 'ਤੇ ਅੱਗੇ ਨੂੰ ਵਧਣ ਲੱਗੇ। ਡੌਂਕਰਾਂ ਦੇ ਹੱਥਾਂ ਵਿਚ ਤੂਤ ਦੀਆਂ ਛਿਟੀਆਂ ਵਰਗੀਆਂ ਪਤਲੀਆਂ-ਪਤਲੀਆਂ ਛਮਕਾਂ ਵੇਖ ਇਉਂ ਲੱਗਦਾ ਸੀ ਜਿਵੇਂ ਉਹ ਬੰਦਿਆਂ ਨੂੰ ਨਹੀਂ ਸਗੋਂ ਪਸ਼ੂਆਂ ਨੂੰ ਹੱਕ ਕੇ ਲਿਜਾ ਰਹੇ ਹੋਣ। ਜੇਕਰ ਕੋਈ ਥੱਕਿਆ-ਟੁੱਟਿਆ ਪੈਰ ਜਿਹੇ ਘੜੀਸਦਾ ਤਾਂ ਡੌਂਕਰ ਉਹਨੂੰ ਗਾਲ੍ਹਾਂ ਕੱਢਦੇ, ਕੁੱਟਦੇ-ਮਾਰਦੇ ਤੇਜ਼ ਤੁਰਨ ਲਈ ਮਜਬੂਰ ਕਰਦੇ। ਫੇਰ ਵੀ ਕੋਈ ਧੀਮੀ ਚਾਲ ਚੱਲਦਾ ਤਾਂ ਉਹਨੂੰ ਓਥੇ ਹੀ ਰੁਲਦਾ ਛੱਡ ਜਾਣ ਦੀਆਂ ਧਮਕੀਆਂ ਦਿੰਦੇ।

ਕਿੰਨੇ ਹੀ ਦਿਨ ਹੋ ਗਏ ਸਨ ਉਨ੍ਹਾਂ ਨੂੰ ਇਉਂ ਖੱਜਲ-ਖੁਆਰ ਹੁੰਦਿਆਂ, ਪ੍ਰੰਤੂ ਪਹੁੰਚੇ ਉਹ ਹਾਲੇ ਅੱਧ ਤੀਕ ਵੀ ਨਹੀਂ ਸਨ। ਦਿਨਾਂ ਦੇ ਬੀਤਣ ਨਾਲ ਸਭ ਨੂੰ ਇਨ੍ਹਾਂ ਉੱਭੜ-ਖਾਭੜ ਰਾਹਾਂ ਤੋਂ ਕਚਿਆਣ ਜਿਹੀ ਆਉਣ ਲੱਗ ਗਈ ਸੀ। 50-60 ਜਣਿਆਂ ਦੀ ਟੋਲੀ ਹੋਣ ਦੇ ਬਾਵਜੂਦ ਵੀ ਹਰ ਕੋਈ ਆਪਣੇ-ਆਪ ਨੂੰ ਇਕੱਲਾ ਮਹਿਸੂਸ ਕਰਦਾ। ਸਾਰਿਆਂ ਕੋਲ ਬੇਲੋੜੀਆਂ ਜਿਹੀਆਂ ਵਸਤੂਆਂ ਨਾਲ ਭਰੇ; ਭਾਰੇ-ਭਾਰੇ ਬੈਗ। ਕਈਆਂ ਨੇ ਤਾਂ ਰਸਤੇ ਦੀ ਕਠਿਨਾਈ ਵੇਂਹਦਿਆਂ, ਆਪਣੇ ਬੈਗਾਂ ਵਿਚੋਂ ਕਈ ਕੁਝ ਬਾਹਰ ਸੁੱਟ, ਹੌਲੇ ਕਰ ਲਏ ਸਨ। ਖਾਣ-ਪੀਣ ਦਾ ਸਾਮਾਨ ਦਿਨੋ-ਦਿਨ ਮੁੱਕਦਾ ਜਾਂਦਾ ਸੀ। ਪਾਣੀ ਪੀਣ ਨੂੰ ਤਰਸਦੇ ਕਿਸੇ ਨੌਜਵਾਨ ਨੇ ਦੂਜੇ ਤੋਂ ਪਾਣੀ ਮੰਗਣਾ ਤਾਂ ਅਗਲੇ ਨੇ ਆਪਣੇ ਕੋਲ ਵੀ ਲੋੜ ਜੋਕਰਾ ਹੀ ਪਾਣੀ ਹੋਣ ਕਰਕੇ ਜਵਾਬ ਦੇ ਦੇਣਾ। ਇਨਸਾਨੀਅਤ ਜਿਵੇਂ ਮਰ ਹੀ ਗਈ ਸੀ। ਅਜਿਹੀ ਸਥਿਤੀ ਵਿਚ ਮਹਿਸੂਸ ਹੁੰਦਾ ਸੀ ਕਿ ਸੱਚਮੁੱਚ ਹੀ ਏਸ ਜੱਗ ਵਿਚ ਕੋਈ ਕਿਸੇ ਦਾ ਸਕਾ ਨਹੀਂ ਹੈ।

ਮੌਤ ਦੀਆਂ ਰਾਹਾਂ 'ਤੇ ਤੁਰਦੇ ਬਲਵੀਰ ਨੂੰ ਕਦੇ ਵਿਹਲ ਮਿਲਦੀ ਤਾਂ ਉਹ ਘਰੇ ਫੋਨ ਲਾ ਲੈਂਦਾ। ਜੀਓ-ਜੀਅ ਉਹਦੀ ਆਵਾਜ਼ ਨੂੰ ਤਰਸਿਆ ਪਿਆ ਹੁੰਦਾ। ਉਹਦੀ ਮਰਨਊ ਜਿਹੀ ਆਵਾਜ਼ ਹਰੇਕ ਦੇ ਕਾਲਜੇ ਦਾ ਰੁੱਗ ਭਰ ਕੇ ਲੈ ਜਾਂਦੀ। ਜਿਸ ਦਿਨ ਫੋਨ ਨਾ ਆਉਂਦਾ ਤਾਂ ਪਰਿਵਾਰ ਨੂੰ ਚਿੰਤਾ ਬਘਿਆੜੀ ਵੱਢ-ਵੱਢ ਖਾਣ ਲੱਗਦੀ। ਜਿਵੇਂ-ਜਿਵੇਂ ਦਿਨ ਲੰਘਦੇ ਜਾ ਰਹੇ ਸਨ ਤਿਵੇਂ-ਤਿਵੇਂ ਫੋਨ ਆਉਣੋਂ ਘਟਦਾ ਜਾ ਰਿਹਾ ਸੀ; ਫ਼ਲਸਰੂਪ ਜਸਨੂਰ ਦਾ ਦਿਲ ਵੀ ਘਟਦਾ ਚਲਾ ਜਾਂਦਾ। ਉਹਨੂੰ ਕਿਤਾਬਾਂ ਵਿਚ ਪੜ੍ਹੇ, ਡੌਂਕੀ ਦੇ ਖ਼ਤਰੇ ਯਾਦ ਆਉਂਦੇ। ਅੰਦਰੋਂ ਸੂਲ ਉੱਠਦਾ।

ਓਧਰ ਬਲਵੀਰ ਲਈ ਰੋਜ਼ ਫੋਨ ਲਾਉਣਾ ਸੰਭਵ ਨਹੀਂ ਸੀ। ਫੋਨ ਲਾਉਣਾ ਤਾਂ ਦੂਰ; ਡੌਂਕਰਾਂ ਦੀਆਂ ਗੱਡੀਆਂ ਜਾਂ ਘਰਾਂ ਤੋਂ ਫੋਨ ਚਾਰਜ ਕਰਨੇ ਹੀ ਚੁਣੌਤੀ ਭਰਿਆ ਕਾਰਜ ਸੀ। ਸਾਰਾ-ਸਾਰਾ ਦਿਨ ਜੰਗਲਾਂ ਵਿਚ ਤੁਰਨਾ। ਬੂਟਾਂ ਵਿਚ ਕੱਸੇ ਪੈਰ ਪਾਟਣ 'ਤੇ ਆ ਜਾਣੇ। ਜਦ ਬੂਟ ਉਤਾਰਨੇ ਤਾਂ ਪੈਰਾਂ ਵਿਚੋਂ ਸੜਿਹਾਂਦ ਆਉਂਦੀ। ਹਰ ਦੂਜੇ-ਤੀਜੇ ਦਿਨ ਨਵੇਂ ਡੌਂਕਰਾਂ ਨਾਲ ਵਾਹ ਪੈਣਾ। ਕਿਸੇ ਡੌਂਕਰ ਨੇ ਉਨ੍ਹਾਂ ਦੀ ਟੋਲੀ ਨੂੰ ਆਪਣੇ ਘਰ ਠਹਿਰਾਉਣਾ, ਕਿਸੇ ਨੇ ਕਿਸੇ ਕੈਂਪ ਵੱਲ ਮੋੜ ਦੇਣਾ। ਕਿਤੇ ਡੌਂਕਰਾਂ ਨੇ ਹੀ ਉਨ੍ਹਾਂ ਦੀ ਲੁੱਟ-ਖੋਹ ਕਰਨ ਲੱਗ ਜਾਣਾ। ਇਕ ਵੇਲਾ ਤਾਂ ਅਜਿਹਾ ਵੀ ਆਇਆ ਜਿੱਥੇ ਡੌਂਕਰਾਂ ਨੇ ਉਨ੍ਹਾਂ ਦੀ ਟੋਲੀ ਨੂੰ ਲੁੱਟ ਕੇ ਕੇਵਲ ਨਿੱਕਰ-ਬਨੈਣ ਵਿਚ ਅੱਗੇ ਭੇਜਿਆ। ਅਜਿਹੇ ਸਮਿਆਂ ਵਿਚ ਅੱਗੇ ਮਿਲੇ ਡੌਂਕਰਾਂ ਦੀ ਮਦਦ ਨਾਲ ਉਹ ਘਰ ਸੰਪਰਕ ਕਰਦੇ ਤੇ ਪੈਸੇ ਮੰਗਵਾਉਂਦੇ। ਇਉਂ ਬਲਵੀਰ ਦੇ ਪੱਚੀ ਲੱਖ ਤੋਂ ਬਿਨਾਂ ਚਾਰ-ਪੰਜ ਲੱਖ ਰੁਪਏ ਹੋਰ ਵੀ ਖਰਚੇ ਗਏ।

ਇਕੋ ਕਾਰਜ ਨੂੰ ਫ਼ਤਹਿ ਕਰਨ ਗਿਆਂ ਵਾਂਙ ਇਕੋ ਰਾਹ ਦੇ ਪਾਂਧੀਆਂ ਵਿਚ ਮਿੱਤਰਤਾ ਉਪਜਣੀ ਸੁਭਾਵਿਕ ਹੈ। ਉਹਦੀ ਟੋਲੀ ਵਿਚਲੇ ਭਾਰਤੀਆਂ ਵਿਚੋਂ ਉਹ ਚਾਰ-ਪੰਜ ਜਣੇ ਦੋਸਤੀ ਦੇ ਧਾਗੇ 'ਚ ਪ੍ਰੋਏ ਗਏ। ਇਨ੍ਹਾਂ ਵਿਚੋਂ ਭੰਡਾਲ ਤੇ ਸੋਢੀ ਤਾਂ ਉਸ ਨਾਲ ਮੂਲੋਂ ਹੀ ਘਿਉ-ਖਿਚੜੀ ਹੋ ਗਏ।

"ਕਿਉਂ ਬਾਈਓ! ਜੇ ਭਲਾ ਆਪਣੇ 'ਚੋਂ ਕੋਈ ਰਾਹ ਵਿਚ ਈ ਖ਼ੁਰਦ-ਬੁਰਦ ਹੋ 'ਜੇ ਤਾਂ ਦੂਜੇ ਉਹਦੇ ਘਰੇ ਤਾਂ ਦੱਸ ਦੇਣਗੇ ਕਿ ਨਹੀਂ!" ਕਦੇ-ਕਦੇ ਬਲਵੀਰ ਨੇ ਆਪਣੇ ਨਾਲ ਦਿਆਂ ਨੂੰ ਆਖਣਾ।

"ਓ ਕੋਈ ਨਾ ਇਉਂ ਨਹੀਂ ਕੁਛ ਹੋਣ ਲੱਗਾ। ਸਾਰੇ ਆਪਣੇ ਵਰਗੇ ਈ ਐ। ਨਾਲੇ ਅੱਗੇ ਕਿਹੜਾ ਲੋਕ ਇਨ੍ਹਾਂ ਰਾਹਾਂ 'ਤੇ ਗਏ 'ਨ੍ਹੀਂ।" ਸੋਢੀ ਨੇ ਹੌਸਲਾ ਦੇਣਾ।

ਹੱਥੀਂ ਬੀਜੇ ਕੰਡਿਆਂ 'ਤੇ ਤੁਰਦੇ ਬਲਵੀਰ ਨੂੰ ਆਪਣੀ ਸਿਹਤ ਦਿਨੋ-ਦਿਨ ਨਿੱਘਰਦੀ ਜਾਂਦੀ ਲੱਗੀ। ਇਹ ਸੋਢੀ ਤੇ ਭੰਡਾਲ ਹੀ ਸਨ, ਜਿਨ੍ਹਾਂ ਨੇ ਦੋਸਤੀ ਦੀ ਮਿਸਾਲ ਕਾਇਮ ਕਰਦਿਆਂ ਕਿਸੇ ਹਾਲ 'ਚ ਵੀ ਉਹਦੀ ਬਾਂਹ ਨਾ ਛੱਡੀ; ਬੇਸ਼ੱਕ ਇਸ ਬਦਲੇ ਕਈ ਵਾਰ ਉਨ੍ਹਾਂ ਨੂੰ ਆਪਣੀ ਜਾਨ ਵੀ ਖ਼ਤਰੇ 'ਚ ਪਾਉਣੀ ਪਈ। ਕਈ ਵਾਰ ਲਗਾਤਾਰ ਦੋ-ਦੋ ਦਿਨ ਭੁੱਖਣ ਭਾਣੇ ਰਹਿਣਾ ਪੈਂਦਾ। ਕਿਸੇ-ਕਿਸੇ ਕੈਂਪ ਵਿਚ ਪਹੁੰਚ ਕੇ ਖਾਣ-ਪੀਣ ਹੋ ਜਾਂਦਾ ਤਾਂ ਕਾਲਜੇ ਧਾਫ਼ੜੇ ਜਾਂਦੇ। ਕਿਤੇ-ਕਿਤੇ ਹੋਰ ਕੱਪੜੇ ਵੀ ਨਸੀਬ ਹੋ ਜਾਂਦੇ। ਢਾਈ-ਤਿੰਨ ਮਹੀਨੇ ਤੰਗੀਆਂ-ਤੁਰਸ਼ੀਆਂ ਝੱਲਦੇ ਉਹ ਪਨਾਮਾ, ਕੋਸਟਰੀਕਾ, ਨਕਾਰਾਗੂਆ ਤੋਂ ਹੁੰਦੇ ਹੋਏ ਗੁਆਟੇਮਾਲਾ ਦਾ ਬਾਰਡਰ ਟੱਪ ਮੈਕਸੀਕੋ ਪੁੱਜ ਗਏ। ਮੈਕਸੀਕੋ ਦੇ ਤਾਪਾਚੁਲਾ ਕੈਂਪ ਵਿਚ ਦੋ ਡੰਗ ਦਾ ਅੰਨ ਤਾਂ ਨਸੀਬ ਹੋ ਜਾਂਦਾ, ਪ੍ਰੰਤੂ ਇਹਦੇ ਲਈ ਲਗਾਤਾਰ 2-2 ਘੰਟੇ ਕਤਾਰ ਵਿਚ ਲੱਗਣਾ ਪੈਂਦਾ ਸੀ; ਮਾਨੋ ਰੋਟੀ ਖਾਣ ਲਈ ਇਕ ਲੰਮਾ ਯੁੱਧ ਲੜਨਾ ਪੈਂਦਾ। ਕਈ ਵਾਰ ਕਤਾਰ ਵਿਚ ਲੱਗੇ ਨੌਜਵਾਨਾਂ ਨੇ ਥੱਪੜੋ-ਥੱਪੜੀ ਹੋ ਜਾਣਾ। ਇਹ ਸਭ ਰੰਗ-ਢੰਗ ਵੇਖ ਕੇ ਇਉਂ ਲੱਗਦਾ ਜਿਵੇਂ ਇਹ ਕਤਾਰ ਬੰਦਿਆਂ ਦੀ ਨਾ ਹੋ ਕੇ ਜਾਨਵਰਾਂ ਦੀ ਹੋਵੇ।

ਵੀਹ-ਬਾਈ ਦਿਨ 'ਤਾਪਾਚੁਲਾ' ਦੇ ਕੈਂਪ ਵਿਚ ਗੁਜ਼ਾਰਨ ਮਗਰੋਂ ਉਨ੍ਹਾਂ ਤਾਪਾਚੁਲਾ ਤੋਂ ਮੈਕਸੀਕੋ ਸਿਟੀ ਤੇ ਉਥੋਂ ਮੈਕਸੀਕੈਲੀ ਸ਼ਹਿਰ ਤੱਕ, ਢਾਈ-ਤਿੰਨ ਹਜ਼ਾਰ ਕਿਲੋਮੀਟਰ ਦਾ ਦੁਸ਼ਵਾਰੀਆਂ ਭਰਿਆ ਸਫ਼ਰ ਨੇਪਰੇ ਚਾੜ੍ਹਿਆ। ਹਰ ਪੜਾਅ ਦੀ ਤਰ੍ਹਾਂ 'ਮੈਕਸੀਕੈਲੀ' ਤੋਂ ਵੀ ਉਨ੍ਹਾਂ ਨੂੰ ਨਵੇਂ ਡੌਂਕਰ ਮਿਲੇ ਤੇ ਉਨ੍ਹਾਂ ਦੀਆਂ ਤਸਵੀਰਾਂ ਦਿਖਾਉਂਦਿਆਂ, ਆਪਣੀ ਕਾਰ ਵਿਚ ਬਿਠਾਉਣ ਲੱਗੇ। ਵਰੋਲਾ ਬਣੀ ਕਾਰ ਨੂੰ ਇਕ ਛੋਟੇ ਜਿਹੇ ਘਰ ਵਿਚ ਲਿਜਾਂਦਿਆਂ, ਦੂਜੇ ਡੌਂਕਰਾਂ ਵਾਂਙ ਇਨ੍ਹਾਂ ਵੀ ਰਿਵਾਲਵਰ-ਰਾਈਫਲਾਂ ਦਿਖਾਈਆਂ ਤੇ ਇਕੋ ਮਿੰਟ ਵਿਚ ਲੁੱਟ-ਖੋਹ ਕਰਕੇ ਅਗਾਂਹ ਵੱਲ ਚਾਲੇ ਪੁਆ ਦਿੱਤੇ।

ਮੈਕਸੀਕੈਲੀ ਸਿਟੀ ਵਿਚ ਤਕਰੀਬਨ ਤੀਹ-ਪੈਂਤੀ ਮਿੰਟ ਕਾਰ ਸ਼ੂਕਦੀ ਰਹੀ। ਓਸੇ ਸੜਕ ਦੇ ਨਾਲ-ਨਾਲ 15-20 ਫੁੱਟ ਉੱਚੀ ਕੰਧ ਨਜ਼ਰ ਆਉਂਦੀ ਸੀ। ਇਸੇ ਕੰਧ ਦੇ ਦੂਜੇ ਪਾਸੇ ਅਮਰੀਕਾ ਸੀ। ਸਾਰਿਆਂ ਦੇ ਮਨ ਵਿਚ ਇਸ ਕੰਧ ਨੂੰ ਵੇਖਦਿਆਂ ਬਿਜਲੀ ਦੀ ਗਤੀ ਨਾਲ ਵਿਚਾਰ ਦੌੜ ਰਹੇ ਸਨ। ਕਿੰਨੇ ਮਹੀਨਿਆਂ ਤੋਂ ਨਰਕ ਵਰਗਾ ਸਫ਼ਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਅਮਰੀਕਾ ਨਸੀਬ ਹੋਣ ਜਾ ਰਿਹਾ ਸੀ। ਦੋ ਕਿਲੋਮੀਟਰ ਕੰਧ ਦੇ ਨਾਲ-ਨਾਲ ਚੱਲਣ ਤੋਂ ਬਾਅਦ ਕਾਰ ਰੁਕੀ।

ਡਰਾਈਵਰ ਨੇ ਇਸ਼ਾਰਾ ਕੀਤਾ, "ਓਹ ਸਾਹਮਣੇ ਜੋ ਦਰੱਖਤ ਐ, ਉਸ ਨਾਲ ਲਟਕ ਕੇ ਦੀਵਾਰ 'ਤੇ ਚੜ੍ਹੋ ਤੇ ਦੂਜੇ ਪਾਸੇ ਛਾਲ ਮਾਰ ਦਿਓ। ਇਉਂ ਤੁਸੀਂ ਅਮਰੀਕਾ ਵਿਚ ਦਾਖਲ ਹੋ ਜਾਵੋਗੇ।"

ਡਰਾਈਵਰ ਦੀ ਦੱਸੀ ਜੁਗਤ ਨਾਲ ਸਭ ਨੇ ਡਰ-ਭੁਕਰ ਦੂਰ ਕਰਦਿਆਂ ਵਾਰੋ-ਵਾਰੀ ਛਾਲਾਂ ਮਾਰ ਦਿੱਤੀਆਂ। ਬਲਵੀਰ ਨੇ ਅਮਰੀਕਾ ਦੀ ਧਰਤੀ ਨਾਲ ਮੱਥਾ ਛੁਹਾਇਆ; ਉਹਦਾ ਅਮਰੀਕਾ ਆਉਣ ਦਾ ਸੁਪਨਾ ਜੁ ਪੂਰਾ ਹੋ ਗਿਆ ਸੀ। ਹਾਲੇ ਉਹ ਛਾਲਾਂ ਮਾਰ ਕੇ ਸੁਰਤ ਸਿਰ ਹੀ ਹੋਏ ਸਨ ਕਿ ਬਾਰਡਰ ਪੈਟਰੋਲਿੰਗ ਦੀ ਗੱਡੀ ਉਨ੍ਹਾਂ ਕੋਲ ਆ ਪਹੁੰਚੀ। ਏਜੰਟਾਂ ਦੇ ਸਮਝਾਏ ਅਨੁਸਾਰ ਸਭ ਨੇ ਹੱਥ ਖੜ੍ਹੇ ਕਰ ਦਿੱਤੇ।

"ਆਰ ਯੂ ਇੰਡੀਅਨ?" ਗੋਰੇ ਪੁਲਿਸ ਅਫ਼ਸਰ ਦੁਆਰਾ ਪੁੱਛੇ ਏਸ ਸਵਾਲ ਦਾ ਜਵਾਬ 'ਹਾਂ' ਵਿਚ ਮਿਲਦਿਆਂ; ਉਨ੍ਹਾਂ ਨੇ ਇਕੱਲੇ-ਇਕੱਲੇ ਦਾ ਨਾਂਅ ਨੋਟ ਕਰ ਗੱਡੀ ਵਿਚ ਬਿਠਾ ਲਿਆ। ਭੰਬੀਰੀਆਂ ਬਣੇ ਗੱਡੀ ਦੇ ਟਾਇਰ ਘੰਟੇ ਕੁ ਮਗਰੋਂ ਇਕ ਚੌਂਕੀ 'ਚ ਜਾਮ ਹੋ ਗਏ। ਚੌਂਕੀ ਕਾਹਦੀ? ਇਹ ਤਾਂ ਕਿਸੇ ਤਸੀਹਾ ਕੇਂਦਰ ਤੋਂ ਘੱਟ ਨਹੀਂ ਸੀ। ਬਲਵੀਰ ਹੁਰਾਂ ਦਾ ਸਾਰਾ ਸਾਮਾਨ ਜਮ੍ਹਾਂ ਕਰਵਾਉਂਦਿਆਂ, ਉਨ੍ਹਾਂ ਨੂੰ ਇਕ ਠੰਢੇ ਕਮਰੇ ਵਿਚ ਬੰਦ ਕਰ ਦਿੱਤਾ ਗਿਆ; ਜਿੱਥੇ ਪਹਿਲਾਂ ਵੀ ਕੁਝ ਆਦਮੀ ਬੰਦ ਸਨ।

ਤਿੰਨ ਦਿਨ ਇਨ੍ਹਾਂ ਤਸੀਹਿਆਂ ਵਿਚ ਹੀ ਉਨ੍ਹਾਂ ਦੀ ਪੁੱਛਗਿੱਛ ਹੁੰਦੀ ਰਹੀ। ਚੌਥੇ ਦਿਨ ਦੁਪਹਿਰ ਵੇਲੇ ਸਭ ਨੂੰ ਇਕ ਬੱਸ ਵਿਚ ਬਿਠਾ ਕੇ ਰਿਫ਼ਿਊਜੀ ਕੈਂਪ ਵੱਲ ਲਿਜਾਇਆ ਗਿਆ। ਬੰਦ ਬੱਸ ਵਿਚ ਉਹ ਪੂਰਾ ਸਵਾ ਘੰਟਾ ਘੁਟਣ ਮਹਿਸੂਸ ਕਰਦੇ ਰਹੇ। ਜ਼ਿੰਦਗੀ ਦੇ ਇਹ ਰੰਗ ਉਨ੍ਹਾਂ ਕਦੇ ਸੁਪਨੇ ਵਿਚ ਵੀ ਨਹੀਂ ਸਨ ਵੇਖੇ। ਵੀਰਾਨ ਜਿਹੀ ਧਰਤੀ 'ਤੇ ਵੀਰਾਨ ਜਿਹੇ ਲੋਕਾਂ ਵਿਚ, ਉਹ ਵੀ ਵੀਰਾਨ ਹੋ ਗਏ। ਆਲੇ-ਦੁਆਲੇ ਚਿੱਟੀ-ਚਿੱਟੀ ਰੇਤ; ਨਿਰਾ ਮਾਰੂਥਲ। ਕਿਤੇ ਵੀ ਕੋਈ ਹਰਾ ਦਰੱਖਤ ਨਹੀਂ ਸੀ ਦਿਸਦਾ।

ਬੱਸ ਤੋਂ ਉਤਾਰਦਿਆਂ ਤਲਾਸ਼ੀਆਂ ਲੈ ਕੇ ਉਨ੍ਹਾਂ ਨੂੰ ਵੱਡੇ ਹਾਲ ਵਿਚ ਤਾੜਨਾ ਸ਼ੁਰੂ ਕੀਤਾ। ਛੇ-ਸੱਤ ਘੰਟਿਆਂ ਬਾਅਦ ਸਭ ਨੂੰ ਆਪੋ-ਆਪਣਾ ਰਿਫ਼ਿਊਜ਼ੀ ਨੰਬਰ ਮਿਲਿਆ ਤੇ 7-7 ਜਣਿਆਂ ਦੇ ਗਰੁੱਪ ਬਣਾ ਕੇ ਬੈਰਕਾਂ ਅਲਾਟ ਕਰ ਦਿੱਤੀਆਂ ਗਈਆਂ। ਏਥੇ ਆਣ ਕੇ ਉਹ ਆਪਣੇ-ਆਪ ਵਿਚ ਖ਼ੁਸ਼ੀ ਮਹਿਸੂਸ ਕਰਨ ਲੱਗੇ। ਏਜੰਟਾਂ ਦੇ ਕਹੇ ਮੁਤਾਬਿਕ ਏਥੇ ਉਨ੍ਹਾਂ ਦੇ ਬਿਆਨ ਹੋਣੇ ਸਨ ਤੇ ਬਿਆਨਾਂ ਤੋਂ ਬਾਅਦ ਬਾਂਡ ਡੇਟ ਲੈ ਕੇ ਉਨ੍ਹਾਂ 20-25 ਦਿਨਾਂ ਵਿਚ ਏਥੋਂ ਆਜ਼ਾਦ ਹੋ ਕੇ 'ਪੱਕੇ ਅਮਰੀਕਾ ਵਾਲੇ' ਬਣ ਜਾਣਾ ਸੀ।

ਇਸੇ ਕੈਂਪ ਵਿਚ ਪਹਿਲਾਂ ਤੋਂ ਹੀ ਪੰਜ-ਛੇ ਸੌ ਦੇ ਕਰੀਬ ਲੋਕ ਹੋਰ ਸਨ। ਦੂਜੇ ਦਿਨ ਉਨ੍ਹਾਂ ਲੋਕਾਂ ਨਾਲ ਦੁਆ-ਸਲਾਮ ਹੋਈ ਤਾਂ ਸਭ ਆਪੋ-ਆਪਣੀ ਮਾੜੀ ਕਿਸਮਤ ਨੂੰ ਕੋਸ ਰਹੇ ਸਨ। ਕੋਈ 2 ਮਹੀਨਿਆਂ ਤੋਂ, ਕੋਈ ਛੇ ਮਹੀਨਿਆਂ ਤੋਂ ਤੇ ਕੋਈ-ਕੋਈ ਤਾਂ ਡੇਢ-ਡੇਢ ਸਾਲ ਤੋਂ ਇਥੇ ਹੀ ਰਹਿ ਰਿਹਾ ਸੀ। ਉਨ੍ਹਾਂ ਦੀ ਹਾਲਤ ਵੇਖ, ਬਲਵੀਰ ਨੂੰ ਧੁੜਧੁੜੀ ਆਈ। ਉਹ ਕੀ ਜਾਣਦਾ ਸੀ ਕਿ ਉਹਨੂੰ ਵੀ ਏਨਾ ਲੰਮਾ ਸਮਾਂ ਏਥੇ ਰਹਿਣਾ ਪੈ ਸਕਦਾ ਹੈ।

ਉਹਦਾ ਵੀਹ-ਪੱਚੀ ਦਿਨਾਂ ਵਿਚ ਬਿਆਨ ਹੋ ਜਾਣ ਵਾਲਾ ਸੁਪਨਾ ਪਾਣੀ 'ਚ ਡਿੱਗੇ ਪਤਾਸੇ ਵਾਂਙ ਖੁਰ ਗਿਆ। ਸਖ਼ਤੀ ਭਰੇ ਏਸ ਮਾਹੌਲ ਵਿਚ ਜੀਵਨ ਬਸਰ ਕਰਦਿਆਂ; ਹੱਸਣਾ ਤਾਂ ਜਿਵੇਂ ਉਹ ਭੁੱਲ ਹੀ ਗਿਆ ਹੋਵੇ। ਘਰ ਭਾਵੇਂ ਉਹਦੀ ਗੱਲ ਹੋ ਜਾਂਦੀ ਸੀ, ਪ੍ਰੰਤੂ ਜ਼ਿਆਦਾ ਗੱਲ ਕਰਨ ਨੂੰ ਉਹਦਾ ਮਨ ਨਾ ਕਰਦਾ। ਸਭ ਨੂੰ ਏਥੇ ਬਿਆਨਾਂ ਦੀ ਚਿੰਤਾ ਰਹਿੰਦੀ। ਏਥੇ ਰਹਿੰਦਿਆਂ ਉਹਨੇ ਕਈ ਮੁੰਡਿਆਂ ਦੇ ਬਿਆਨ ਫੇਲ੍ਹ ਹੁੰਦੇ ਵੇਖੇ ਸਨ। ਬਿਆਨ ਫੇਲ੍ਹ ਹੋਣ 'ਤੇ ਕੋਈ ਨੌਜਵਾਨ ਫਾਹਾ ਲੈਣ ਦੀ ਕੋਸ਼ਿਸ਼ ਕਰਦਾ, ਕੋਈ ਆਪਣੀ ਨਸ ਕੱਟ ਲੈਂਦਾ, ਕੋਈ ਆਪਣਾ ਦਿਮਾਗ਼ੀ ਸੰਤੁਲਨ ਗੁਆ ਬੈਠਦਾ। ਹਰ ਹਫ਼ਤੇ ਕਈ ਨਵੇਂ ਮੁੰਡੇ ਆ ਜਾਂਦੇ, ਕਈ ਡਿਪੋਰਟ ਕਰ ਦਿੱਤੇ ਜਾਂਦੇ। ਕਿਸੇ ਵਿਰਲੇ-ਵਾਂਝੇ ਦੇ ਬਿਆਨ ਪਾਸ ਹੋ ਜਾਂਦੇ ਤਾਂ ਉਹਤੋਂ 25000 ਡਾਲਰ ਦੇ ਕਰੀਬ ਬਾਂਡ ਰਕਮ ਭਰਵਾ ਕੇ ਆਜ਼ਾਦ ਕਰ ਦਿੱਤਾ ਜਾਂਦਾ।

ਪੌਣੇ ਕੁ ਤਿੰਨ ਮਹੀਨਿਆਂ ਮਗਰੋਂ ਬਲਵੀਰ ਦੇ ਬਿਆਨਾਂ ਦੀ ਵੀ ਸੈਂਤ ਆ ਗਈ। ਏਨਾ ਚਿਰ ਰੁਲਣ-ਖੁਲ੍ਹਣ ਮਗਰੋਂ ਬਿਆਨ ਹੋਣੇ ਮਹਿਜ ਟਾਸ ਕਰਨ ਲਈ ਹਵਾ ਵਿਚ ਸਿੱਕਾ ਉਛਾਲਣ ਦੇ ਬਰਾਬਰ ਹੈ। ਧਰਤੀ 'ਤੇ ਡਿੱਗਦੇ ਸਿੱਕੇ ਦਾ ਕੋਈ ਵੀ ਪਾਸਾ ਉੱਪਰ ਆ ਸਕਦਾ ਏ; ਪਾਸ ਵਾਲਾ ਵੀ ਤੇ ਫੇਲ੍ਹ ਵਾਲਾ ਵੀ। ਬਲਵੀਰ ਆਪਣੇ ਮਨੋਬਲ ਨੂੰ ਠੁੰਮ ?ਹਣਾ ਦੇਂਦਾ ਪਾਸ ਵਾਲਾ ਪਾਸਾ ਉੱਪਰ ਆਉਣ ਬਾਰੇ ਮਨੋ-ਮਨ ਸੋਚਦਾ, 'ਲੰਮੇ ਸੰਘਰਸ਼ ਬਾਅਦ ਮਿਲੀ ਕਾਮਯਾਬੀ ਦੀ ਖ਼ੁਸ਼ੀ ਦਾ ਰੰਗ ਵੀ ਮਾਣਿਆਂ ਹੀ ਬਣਦਾ ਏ।' ਆਸਾਂ ਭਰੇ ਮਨ ਨੂੰ ਅਰਦਾਸਾਂ ਨਾਲ ਲਬਰੇਜ਼ ਕਰਦਾ ਬਲਵੀਰ ਬਿਆਨ ਦੇਣ ਗਿਆ।

ਗੱਲ ਓਹੀ ਹੋਈ ਜੀਹਦਾ ਡਰ ਸੀ। ਬਹੁਤਿਆਂ ਵਾਂਙ ਉਹਦੇ ਬਿਆਨ ਵੀ ਡਿਨੇਅ ਕਰ ਦਿੱਤੇ ਗਏ। ਜਿਵੇਂ ਆਂਹਦੇ ਨੇ ਘੱਟ ਉਚਾਈ ਤੋਂ ਡਿੱਗਿਆਂ ਸੱਟ ਵੀ ਘੱਟ ਲੱਗਦੀ ਹੈ ਪਰ ਸਿਖ਼ਰ 'ਤੇ ਪਹੁੰਚ ਕੇ ਡਿੱਗੇ ਬੰਦੇ ਦਾ ਰਹਿੰਦਾ ਕੱਖ ਨਹੀਂ। ਬਿਆਨਾਂ ਦੇ ਫੇਲ੍ਹ ਹੁੰਦਿਆਂ ਉਹਦੇ ਸਿਰ ਨੂੰ ਘੁਮੇਰ ਚੜ੍ਹ ਗਈ। ਪਤਾ ਨਹੀਂ ਕੀ ਭਾਣਾ ਵਾਪਰ ਜਾਂਦਾ, ਜੇਕਰ ਉਹਦਾ ਵਕੀਲ ਨਵਾਂ ਰਾਹ ਨਾ ਖੋਲ੍ਹਦਾ!

"ਯਾਰ ਬਿਆਨ ਤਾਂ ਬੜਿਆਂ ਦੇ ਡਿਨੇਅ ਹੋ ਜਾਂਦੇ ਨੇ... ਸੱਚ ਤਾਂ ਇਹ ਐ ਕਿ ਅਮੈਰਿਕਾ ਸਰਕਾਰ ਇਹ ਕੰਮ ਕਰਦੀ ਹੀ ਜਾਣ-ਬੁੱਝ ਕੇ ਐ ਤਾਂ ਜੋ ਹੋਰ ਪੈਸੇ ਬਟੋਰੇ ਜਾ ਸਕਣ। ਐਹੋ ਜਿਹੇ ਬਥੇਰੇ ਕੇਸ ਕੱਢੇ ਐ ਮੈਂ... ਤੂੰ ਚਿੰਤਾ ਨਾ ਕਰ... ਚੁੱਪ ਕਰਕੇ ਅਸਾਈਲਮ ਅਪਲਾਈ ਕਰ।" ਵਕੀਲ ਦੀ ਏਸ ਦਲੀਲ ਨੇ ਉਹਦੇ ਅੰਦਰ ਮੱਠੀ ਪੈਂਦੀ ਅੱਗ ਮੁੜ ਮਘਾ ਦਿੱਤੀ।

ਅਸਾਈਲਮ ਅਪਲਾਈ ਕਰਨ 'ਤੇ ਉਹਨੂੰ ਪੂਰੇ ਸਵਾ ਚਾਰ ਮਹੀਨੇ ਬਾਅਦ ਦੀ ਤਾਰੀਖ਼ ਮਿਲੀ। ਜੇਲ੍ਹ ਰੂਪੀ ਕੈਂਪ ਦੇ ਨੀਰਸ ਜਿਹੇ ਦਿਨ ਫਿਰ ਰੀਂਗੇ ਪੈ ਗਏ। ਪਲ-ਪਲ ਉਂਗਲਾਂ 'ਤੇ ਗਿਣਦਿਆਂ ਮਸਾਂ ਕਿਤੇ ਜਾ ਕੇ ਸਵਾ ਚਾਰ ਮਹੀਨੇ ਲੰਘੇ ਤਾਂ ਜੱਜ ਨੇ ਫੇਰ ਕਿਸੇ ਕਾਰਨ ਕਰਕੇ ਉਹਦੀ ਤਾਰੀਖ਼ ਅੱਗੇ ਪਾ ਦਿੱਤੀ। ਤਕਰੀਬਨ ਤਿੰਨ-ਚਾਰ ਮਹੀਨੇ ਹੋਰ ਭੰਗ ਦੇ ਭਾਣੇ ਜਾ ਪਏ। ਅਖ਼ੀਰੀਂ ਉਹਦੀ ਅਸਾਈਲਮ ਦੀ ਤਾਰੀਖ਼ ਭੁਗਤੀ ਤਾਂ ਜੱਜ ਨੇ ਮੁੜ ਬਲਵੀਰ ਦੇ ਬਿਆਨਾਂ 'ਤੇ ਕੋਈ ਯਕੀਨ ਨਾ ਕਰਦਿਆਂ ਅਸਾਈਲਮ ਵੀ ਫੇਲ੍ਹ ਕਰ ਦਿੱਤੀ।

ਬਲਵੀਰ ਦਾ ਵਕੀਲ ਹਾਲੇ ਵੀ ਹਾਰ ਮੰਨਣ ਵਾਲਾ ਨਹੀਂ ਸੀ; ਉਹਨੇ ਬਲਵੀਰ ਦੇ ਹਾਰ ਚੁੱਕੇ ਮਨ 'ਤੇ ਆਪਣੀਆਂ ਗੱਲਾਂ ਦਾ ਜਾਦੂ ਧੂੜਨਾ ਸ਼ੁਰੂ ਕੀਤਾ। ਉਹਦੀਆਂ ਗੱਲਾਂ ਦੇ ਵਹਿਣ ਵਿਚ ਵਹਿੰਦੇ ਬਲਵੀਰ ਦੀਆਂ ਅੱਖਾਂ ਮੂਹਰੇ ਪਿਛਲੇ ਸਮੇਂ ਝੱਲੀਆਂ ਦੁਸ਼ਵਾਰੀਆਂ ਘੁੰਮਣ-ਘੇਰੀਆਂ ਪਾਉਣ ਲੱਗੀਆਂ। ਉਹਦੀ ਸੁਰਤ ਪਨਾਮਾ ਦੇ ਜੰਗਲਾਂ 'ਚ ਬਿਤਾਏ ਉਨ੍ਹਾਂ ਦਿਨਾਂ ਵੱਲ ਚਲੀ ਗਈ, ਜਦ ਉਹਦੀ ਹਾਲਤ ਬਿਲਕੁਲ ਹੀ ਨਾਜ਼ੁਕ ਸਥਿਤੀ ਵਿਚ ਪੁੱਜ ਗਈ ਸੀ। ਜਾਨ ਬਚਾਉਣ ਲਈ ਕੀ-ਕੀ ਪਾਪੜ ਵੇਲੇ ਸਨ ਉਹਨੇ! ਯਾਦਾਂ ਦੀ ਪੋਥੀ ਵਿਚਲਾ ਉਹ ਪੰਨਾ ਉਹਦੇ ਮੂਹਰੇ ਜੰਮ ਕੇ ਖੜ੍ਹ ਗਿਆ ਜਦ ਪਾਣੀ-ਪਾਣੀ ਕਰਦੇ ਨੂੰ ਕਿਤੋਂ ਪਾਣੀ ਨਹੀਂ ਸੀ ਮਿਲਿਆ ਤਾਂ ਉਹਨੇ ਸੋਢੀ ਮੂਹਰੇ ਆਪਣਾ ਪਿਸ਼ਾਬ ਪਿਆ ਦੇਣ ਲਈ ਵੀ ਹਾੜੇ ਕੱਢੇ ਸਨ। ਸੋਢੀ ਨੇ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਪਿਸ਼ਾਬ ਨਾਲ ਬਲਵੀਰ ਦੀ ਤ੍ਰੇਹ ਬੁਝਾਈ ਸੀ। ਇਹ ਸਭ ਯਾਦ ਆਉਂਦਿਆਂ ਉਹ ਕਦੇ ਵੀ ਪਿੱਛੇ ਮੁੜਨਾ ਮਨਜ਼ੂਰ ਨਹੀਂ ਸੀ ਕਰ ਸਕਦਾ। ਪਿਉ ਤੋਂ ਪੈਸੇ ਮੰਗਵਾ ਉਹਨੇ ਫਿਰ ਅਪੀਲ ਲਾ ਦਿੱਤੀ।

ਅਪੀਲ ਦੀ ਸੁਣਵਾਈ ਹੁੰਦਿਆਂ ਤਕਰੀਬਨ ਪੰਜ-ਛੇ ਮਹੀਨੇ ਹੋਰ ਗੁਜ਼ਰ ਗਏ। ਯੁੱਗਾਂ ਵਰਗੇ ਮਹੀਨੇ। ਏਨਾ ਸਮਾਂ ਤੇ ਪੈਸਾ ਪੱਟੇ ਦਾ ਮੁੱਲ ਕੀ ਪਵੇਗਾ? ਬਲਵੀਰ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਫ਼ਿਕਰਾਂ ਦੀ ਢਾਂਗੀ ਨੇ ਉਹਦੀ ਦੇਹ ਨੂੰ ਛਾਂਗਦਿਆਂ ਖੜਸੁੱਕ ਰੁੱਖ ਵਰਗਾ ਕਰ ਦਿੱਤਾ। ਮਸਾਂ ਕਿਤੇ ਜਾ ਕੇ ਸੁਣਵਾਈ ਦੀ ਤਾਰੀਖ਼ ਬਰੂਹੀਂ ਢੁਕੀ। ਬਲਵੀਰ ਅਦਾਲਤ ਵਿਚ ਪੇਸ਼ ਹੋਇਆ ਤਾਂ ਜੱਜ ਨੇ ਫਿਰ ਦੋ-ਟੁੱਕ ਫ਼ੈਸਲਾ ਦਿੰਦਿਆਂ ਅਪੀਲ ਰੱਦ ਕਰ ਦਿੱਤੀ। ਜਿਵੇਂ ਲੱਖਾਂ ਮਣ ਲੱਕੜਾਂ ਨੂੰ ਅੱਗ ਦੀ ਇਕੋ ਚੰਗਿਆੜੀ ਰਾਖ਼ ਕਰ ਦਿੰਦੀ ਹੈ; ਤਿਵੇਂ ਜੱਜ ਦੇ ਦੋ ਬੋਲਾਂ ਨੇ ਉਹਦੀ ਸਾਲਾਂ ਦੀ ਮੁਸ਼ੱਕਤ ਨੂੰ ਰਾਖ਼ ਕਰ ਸੁੱਟਿਆ ਸੀ।

ਜੱਜ ਵਾਂਙ ਬਲਵੀਰ ਵੀ ਹੁਣ ਵਕੀਲ ਦੀ ਕੋਈ ਦਲੀਲ ਸੁਣਨ ਨੂੰ ਤਿਆਰ ਨਹੀਂ ਸੀ। ਉਹਨੂੰ ਇਉਂ ਲੱਗਿਆ ਜਿਵੇਂ ਉਹਦਾ ਵਕੀਲ ਉਸੇ ਤੋਂ ਹੀ ਪੈਸੇ ਬਟੋਰਨ ਦਾ ਮਾਰਾ ਏਸ ਕੇਸ ਨੂੰ ਗੀਂਗੇ ਪਾਈ ਬੈਠਾ ਹੋਵੇ। ਏਜੰਟ ਤੋਂ ਲੈ ਕੇ ਵਕੀਲ ਨੂੰ ਦੇਣ ਤੱਕ ਖ਼ਰਚ ਹੋਏ ਤਕਰੀਬਨ 35 ਲੱਖ ਰੁਪਏ ਦਾ ਝੋਰਾ, ਸਤੀਰੀ ਨੂੰ ਲੱਗੇ ਘੁਣ ਵਾਂਙ ਉਹਦੇ ਦਿਮਾਗ਼ ਨੂੰ ਖਾਣ ਲੱਗਾ। ਪੈਸਿਆਂ ਦੀ ਪੰਡ ਖੂਹ ਵਿਚ ਡਿੱਗ ਪਈ ਜਾਣ ਕੇ ਉਹਦੇ ਖ਼ੂਨ ਦਾ ਵਹਾਅ ਰਫ਼ਤਾਰ ਫੜ ਗਿਆ। ਸੇਕ ਮਾਰਦੇ ਚਿਹਰੇ 'ਤੋਂ ਆਸਾਂ-ਉਮੀਦਾਂ ਸਦਾ ਲਈ ਉਡਾਰੀ ਮਾਰਨ ਦੀ ਤਿਆਰੀ 'ਚ ਖੰਭ ਖਿਲਾਰਨ ਲੱਗੀਆਂ। ਤੁਰਨ ਤੋਂ ਜਵਾਬ ਦਿੰਦੇ ਪੈਰਾਂ ਨੂੰ ਉਹ ਪੂਰਾ ਤਾਣ ਲਾ ਕੇ ਅੱਗੇ ਧੂੰਹਦਾ।

ਮਨ 'ਤੇ ਮਣਾਂ-ਮੂੰਹੀਂ ਭਾਰ ਲੱਦੀ ਬੈਰਕ ਵੱਲ ਵੱਧਦੇ ਬਲਵੀਰ ਦੀ ਨਜ਼ਰ ਦੂਰ ਢਲਦੇ ਸੂਰਜ 'ਤੇ ਪਈ। ਉਹਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਇਹ ਸੂਰਜ ਵਕਤੋਂ ਪਹਿਲਾਂ ਹੀ ਤਿੱਖੜ ਦੁਪਹਿਰ ਵਰਗੀ ਜਵਾਨੀ ਨੂੰ ਆਪਣੇ ਨਾਲ ਅਸਤ ਕਰਨ 'ਤੇ ਤੁਲਿਆ ਹੋਵੇ। ਡਿੱਗਦਾ-ਢਹਿੰਦਾ ਬੈਰਕ ਦੇ ਨੇੜੇ ਤਾਂ ਪੁੱਜ ਗਿਆ ਪਰ ਬੈਰਕ ਵਿਚ ਪੈਰ ਨਾ ਧਰਿਆ ਗਿਆ। ਬੈਰਕ ਦੇ ਐਨ ਸਾਹਮਣੇ ਪਹੁੰਚਦਿਆਂ ਉਹਦੀਆਂ ਅੱਖਾਂ ਨੇ ਜਿਵੇਂ ਦੁਨੀਆਂ ਵੇਖਣ ਦੀ ਸਮਰੱਥਾ ਗੁਆ ਲਈ ਹੋਵੇ। ਸੁਨਹਿਰੀ ਭਾਹ ਮਾਰਦੇ ਸੂਰਜ ਦਾ ਚਾਨਣ ਘੁੱਪ ਹਨੇਰੇ ਵਿਚ ਵਟਣ ਲੱਗਾ। ਭਾਵੀ ਨੇ ਆਪਣਾ ਰੰਗ ਦਿਖਾਇਆ। ਸਰੀਰ ਨੇ ਗੇੜਾ ਜਿਹਾ ਖਾਧਾ। ਲੜ-ਖੜਾਉਂਦੇ ਕਦਮਾਂ ਨੂੰ ਬੋਚਦਿਆਂ ਬੂਹੇ ਦਾ ਸਹਾਰਾ ਲੈਣ ਲੱਗਾ ਪਰ ਬੂਹਾ ਉਹਤੋਂ ਫੜ ਨਾ ਹੋਇਆ ਤੇ ਇਕ ਪਾਸੇ ਨੂੰ ਲੁੜ੍ਹਕਦਿਆਂ ਉਹ ਜੜ੍ਹੋਂ ਉੱਖੜੇ ਰੁੱਖ ਵਾਂਙ ਢੇਰੀ ਹੋ ਗਿਆ।

# .ਗੈਰ-ਕਾਨੂੰਨੀ ਪਰਵਾਸ ਦੇ ਪਹਿਲੂ

ਅਮਰੀਕਾ ਤੋਂ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਜਹਾਜ਼ ਭਰ-ਭਰ ਕੇ ਭਾਰਤ ਆ ਰਹੇ ਹਨ। ਇਸ ਵਕਤ ਇਸ ਤੱਥ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਨ੍ਹਾਂ ਵਿੱਚੋਂ ਕਿੰਨੇ ਲੋਕ ਕਿਹੜੇ ਸੂਬੇ ਨਾਲ ਸਬੰਧ ਰੱਖਦੇ ਹਨ। ਇਹ ਸਾਰੇ ਭਾਰਤੀ ਹਨ ਅਤੇ ਇਨ੍ਹਾਂ ਦਾ ਡਿਪੋਰਟ ਹੋਣਾ ਪੂਰੇ ਮੁਲਕ ਲਈ ਸ਼ਰਮਿੰਦਗੀ ਦਾ ਸਬੱਬ ਹੈ, ਨਾ ਕਿ ਸਿਰਫ਼ ਉਨ੍ਹਾਂ ਦੇ ਸਬੰਧਿਤ ਸੂਬਿਆਂ ਲਈ। ਇਸ ਦੁਖਦ ਘੜੀ 'ਤੇ ਹੋ ਰਹੀ ਸਿਆਸਤ ਮਹਿਜ਼ ਧਿਆਨ ਭਟਕਾਉਣ ਦੀ ਹੀ ਨੀਤੀ ਹੈ। ਪਹਿਲਾਂ ਰਹੀਆਂ ਕੇਂਦਰ ਅਤੇ ਰਾਜ ਸਰਕਾਰਾਂ ਇਨ੍ਹਾਂ ਨਾਗਰਿਕਾਂ ਪ੍ਰਤੀ ਆਪਣੇ ਫ਼ਰਜ਼ ਅਦਾ ਕਰਨ 'ਚ ਇੰਨੀ ਬੁਰੀ ਤਰ੍ਹਾਂ ਨਾਕਾਮ ਹੋਈਆਂ ਹਨ ਕਿ ਇਨ੍ਹਾਂ ਲੋਕਾਂ ਨੂੰ ਅਮਰੀਕਾ ਪਹੁੰਚਣ ਲਈ ਆਪਣੀਆਂ ਜ਼ਿੰਦਗੀਆਂ ਦਾਅ ਉੱਤੇ ਲਾਉਣੀਆਂ ਪਈਆਂ ਹਨ। ਪਿਛਲੇ ਹਫ਼ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਸ਼ਿੰਗਟਨ ਵਿੱਚ ਕਿਹਾ ਸੀ ਕਿ ਭਾਰਤ ਆਪਣੇ ਹਰੇਕ ਉਸ ਨਾਗਰਿਕ ਨੂੰ ਵਾਪਸ ਲਏਗਾ ਜਿਸ ਬਾਰੇ ਪੁਸ਼ਟੀ ਹੋ ਚੁੱਕੀ ਹੈ। ਨਵੀਂ ਦਿੱਲੀ ਕੋਲ ਹੋਰ ਕੋਈ ਚਾਰਾ ਵੀ ਨਹੀਂ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਕਮਜ਼ੋਰ ਵਰਗ ਦੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਮਨੁੱਖੀ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਸਿਰਫ਼ ਭਾਰਤੀਆਂ ਦੀ ਵਾਪਸੀ ਤੋਂ ਅੱਗੇ ਵਧਦਿਆਂ ਇਸ ਸਮੱਸਿਆ ਨੂੰ ਖ਼ਤਮ ਕਰਨ ਲਈ ਉਨ੍ਹਾਂ ਜ਼ੋਰਦਾਰ ਢੰਗ ਨਾਲ ਸਾਂਝੀ ਲੜਾਈ ਲੜਨ ਦਾ ਸੱਦਾ ਵੀ ਦਿੱਤਾ ਸੀ। ਇਸ ਤਰ੍ਹਾਂ ਦਾ ਸਹਿਯੋਗ ਸਿਰਫ਼ ਭਾਰਤ ਅਤੇ ਅਮਰੀਕਾ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਇਸ ਵਿੱਚ ਸਿਵਲ ਸੁਸਾਇਟੀ ਅਤੇ ਲੋਕਾਂ ਦੀ ਵਿਆਪਕ ਸ਼ਮੂਲੀਅਤ ਤੋਂ ਇਲਾਵਾ ਕੇਂਦਰ ਅਤੇ ਰਾਜ ਸਰਕਾਰਾਂ ਵੀ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਸਭ ਦੇ ਹਿੱਤ ਇਸ ਨਾਲ ਜੁੜੇ ਹੋਏ ਹਨ।



ਪੰਜਾਬ ਵਿੱਚ ਇਹ ਮਾਮਲਾ ਦੋਹਰੇ ਮਾਪਦੰਡ ਅਪਣਾਉਣ ਵਰਗਾ ਹੈ। ਪਿਛਲੇ 15 ਸਾਲਾਂ ਵਿੱਚ ਰਾਜ 'ਤੇ ਵਾਰੀ-ਵਾਰੀ ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਰਾਜ ਕੀਤਾ ਹੈ। ਇੱਕ-ਦੂਜੇ ਉੱਤੇ ਦੋਸ਼ ਮੜ੍ਹਨ ਨਾਲ ਚਿਰਾਂ ਤੋਂ ਲਟਕਦੀ ਸਮੱਸਿਆ ਹੱਲ ਨਹੀਂ ਹੋਣ ਵਾਲੀ, ਰਾਜ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਹਕੀਕਤ ਨੂੰ ਸਲਝਣਾ ਪਵੇਗਾ ਅਤੇ ਇਸ ਦਾ ਇਕਜੁੱਟ ਹੋ ਕੇ ਸਾਹਮਣਾ ਕਰਨਾ ਪਵੇਗਾ। ਇਸ ਮਸਲੇ ਨੂੰ ਧਿਆਨ 'ਚ ਰੱਖ ਕੇ ਨੀਤੀਆਂ ਉਲੀਕਣੀਆਂ ਚਾਹੀਦੀਆਂ ਹਨ।

ਮੰਦਭਾਗਾ ਹੈ ਕਿ ਭਾਰਤ ਵੱਲੋਂ ਅਮਰੀਕੀ ਸਰਕਾਰ ਕੋਲ ਡਿਪੋਰਟੀਆਂ ਨੂੰ ਬੇੜੀਆਂ-ਹੱਥਕੜੀਆਂ ਲਾਉਣ ਦਾ ਮੁੱਦਾ ਚੁੱਕਣ ਦੇ ਬਾਵਜੂਦ ਮੁੜ ਅਜਿਹਾ ਕੀਤਾ ਗਿਆ ਹੈ। ਇਹ ਵੀ ਤੱਥ ਕਿ ਇਨ੍ਹਾਂ ਨੂੰ ਲਿਆ ਰਹੀਆਂ ਸਾਰੀਆਂ ਉਡਾਣਾਂ ਅੰਮ੍ਰਿਤਸਰ ਉਤਰ ਰਹੀਆਂ ਹਨ। ਇਹ ਚਿੰਤਾ ਦਾ ਇੱਕ ਹੋਰ ਵਿਸ਼ਾ ਹੈ। ਉਂਝ, ਇਨ੍ਹਾਂ ਮਾਮਲਿਆਂ ਨੂੰ ਵੱਡੀ ਸਮੱਸਿਆ ਉੱਤੇ ਪਰਦਾ ਪਾਉਣ ਦਾ ਮੌਕਾ ਨਹੀਂ ਮਿਲਣਾ ਚਾਹੀਦਾ। ਹੁਣ ਇੱਥੋਂ ਅੱਗੇ ਸਰਕਾਰ ਲਈ ਇਹ ਵੱਡੀ ਚੁਣੌਤੀ ਹੋਵੇਗੀ, ਮੁੜਨ ਵਾਲਿਆਂ ਨੂੰ ਦੁਬਾਰਾ ਇੱਕ ਹੋਰ ਗ਼ਲਤ ਰਾਹ 'ਤੇ ਪੈਣ ਦੀ ਬਜਾਇ ਇੱਥੇ ਹੀ ਰੁਕਣ ਲਈ ਮਨਾਉਣਾ ਅਤੇ ਬਾਕੀ ਹੋਰਾਂ ਨੂੰ ਵੀ ਆਪਣਾ ਅਮਰੀਕੀ ਸੁਫਨਾ ਸਾਕਾਰ ਕਰਨ ਲਈ ਖ਼ਤਰਨਾਕ ਰਸਤੇ ਚੁਣਨ ਤੋਂ ਰੋਕਣਾ।




ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ
ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ
ਨਾਲ ਸਜਾਇਆ ਜਾ ਰਿਹਾ ਹੈ।

ਆਪ ਜੀ ਨੂੰ ਪਰਿਵਾਰਾਂ ਸਮੇਤ
ਨਗਰ ਕੀਰਤਨ ਵਿਚ
ਹਾਜ਼ਰੀ ਭਰਨ ਦੀ
ਬੇਨਤੀ ਕੀਤੀ ਜਾਂਦੀ ਹੈ।



**ਸੰਤੋਖ ਸਿੰਘ ਸਰੋਆ, ਰਣਜੀਤ ਕੌਰ ਸਰੋਆ ਅਤੇ ਸਮੂਹ ਸਰੋਆ ਪਰਿਵਾਰ**

ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।



ਭਗਤ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।
ਆਪ ਜੀ ਨੂੰ ਪਰਿਵਾਰਾਂ ਸਮੇਤ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



**Jugraj Singh Sahota**
President United Sports Club USA



**Late : S. Kashmir Singh Sahota**

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



**Narinder Singh Sahota**
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ ॥




ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

ਆਪ ਜੀ ਨੂੰ ਪਰਿਵਾਰਾਂ ਸਮੇਤ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

## ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ



ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ
ਤੇ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

ਆਪ ਜੀ ਨੂੰ ਪਰਿਵਾਰਾਂ ਸਮੇਤ ਨਗਰ ਕੀਰਤਨ
ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



## ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ

## VANCO TRUCK & AUTO PLAZA

1033 W Charter Way Stockton
CA 95206 (1-5 & Hwy4)

Tel : 206-466-0833

Fax : 209-466-2740

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ॥




ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।
ਆਪ ਜੀ ਨੂੰ ਪਰਿਵਾਰਾਂ ਸਮੇਤ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ,
ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ’ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ

ਸ. ਜੋਗਾ ਸਿੰਘ ਹੀਰਾ
925-719-4359

ਸ. ਜੀਤ ਸਿੰਘ
510-750-2810



ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

ਆਪ ਜੀ ਨੂੰ ਪਰਿਵਾਰਾਂ ਸਮੇਤ ਨਗਰ ਕੀਰਤਨ ਵਿਚ
ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ

# ਸ:ਸੰਤੋਖ ਸਿੰਘ ਝਿੰਗੜਾ




ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥



ਭਗਤ ਰਵਿਦਾਸ ਜੀ
ਮਹਾਰਾਜ ਦੇ 648ਵੇਂ
ਆਗਮਨ ਪੁਰਬ ਦੀਆਂ

# ਲੱਖ-ਲੱਖ ਵਧਾਈਆਂ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

## ਸ:ਹਰਮਿੰਦਰ ਸਿੰਘ ਸਮਾਣਾ

(209) 481-7750

# ਡਾ. ਦਲਜੀਤ ਅਜਨੋਹਾ ਨੂੰ ਬਤਰਾ ਪਰਿਵਾਰ ਵੱਲੋਂ ਕੀਤਾ ਗਿਆ ਸਨਮਾਨਿਤ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪ੍ਰਸਿੱਧ ਵਿਅਕਤੀ ਡਾ. ਦਲਜੀਤ ਅਜਨੋਹਾ ਨੂੰ ਬਤਰਾ ਪਰਿਵਾਰ ਵੱਲੋਂ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਇਹ ਸਮਾਰੋਹ ਭਾਵੁਕਤਾ ਅਤੇ ਆਦਰ-ਸਤਕਾਰ ਨਾਲ ਭਰਿਆ ਹੋਇਆ ਸੀ, ਜਿਸ ਵਿੱਚ ਡਾ. ਅਜਨੋਹਾ ਦੀ ਸਮਾਜਿਕ ਸੇਵਾ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਗਈ।

ਹਰਪ੍ਰੀਤ ਸਿੰਘ ਬਤਰਾ, ਉਨ੍ਹਾਂ ਦੀ ਮਾਤਾ ਕੁਲਵੰਤ ਕੌਰ ਬਤਰਾ, ਪਤਨੀ ਸਤਵਿੰਦਰ ਕੌਰ ਬਤਰਾ, ਧੀ ਸਿਫ਼ਤਪ੍ਰੀਤ ਕੌਰ ਬਤਰਾ, ਅਤੇ ਪੁੱਤਰ ਹਰਮਨਪ੍ਰੀਤ ਸਿੰਘ ਬਤਰਾ ਨੇ ਡਾ.. ਅਜਨੋਹਾ ਦੀ ਉਨ੍ਹਾਂ ਦੇ ਸਮਾਜਿਕ ਯੋਗਦਾਨ ਲਈ ਸਰਾਹਨਾ ਕੀਤੀ ਅਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ 'ਤੇ, ਬਤਰਾ ਪਰਿਵਾਰ ਨੇ ਡਾ.. ਦਲਜੀਤ ਅਜਨੋਹਾ ਦੀ ਹੱਮਦਰਦੀ, ਲਗਨ ਅਤੇ ਸਮਾਜਿਕ ਭਲਾਈ ਲਈ ਕੀਤੇ ਗਏ ਉਨ੍ਹਾਂ ਦੇ ਉਤਸ਼ਾਹ ਦੀ ਵਿਸ਼ੇਸ਼ ਤਰੀਕੇ ਨਾਲ ਵਡਾਈ ਕੀਤੀ। ਸਮਾਗਮ ਦੌਰਾਨ, ਸਮਾਜਕ ਸੇਵਾ, ਇਕਤਾ ਅਤੇ ਭਵਿੱਖ ਵਿੱਚ ਨਵੇਂ ਉਪਰਾਲਿਆਂ ਉੱਤੇ ਵਿਚਾਰ-ਚਰਚਾ ਵੀ ਕੀਤੀ ਗਈ।

ਡਾ. ਦਲਜੀਤ ਅਜਨੋਹਾ ਨੇ ਇਸ ਸਨਮਾਨ ਲਈ ਬਤਰਾ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਪਿਆਰ ਅਤੇ ਸਤਿਕਾਰ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਸਮਾਜ ਦੀ ਭਲਾਈ ਲਈ ਮਿਲ-ਝੁਲ ਕੇ ਕੰਮ ਕਰਨ ਦੀ ਮਹੱਤਤਾ ਉਤੇ ਜ਼ੋਰ ਦਿੰਦਿਆਂ ਹਰ ਵਿਅਕਤੀ ਨੂੰ ਚੰਗੇ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ।

ਇਹ ਸਮਾਗਮ ਪਿਆਰ, ਆਦਰ ਅਤੇ ਆਪਸੀ ਸਨਮਾਨ ਦੇ ਪੂਰੇ ਮਾਹੌਲ ਵਿੱਚ ਸਮਾਪਤ ਹੋਇਆ, ਜੋ ਕਿ ਡਾ. ਦਲਜੀਤ ਅਜਨੋਹਾ ਅਤੇ ਬਤਰਾ ਪਰਿਵਾਰ ਦੇ ਵਿਚਕਾਰ ਗੂੜ੍ਹੀ ਦੋਸਤੀ ਅਤੇ ਆਦਰ ਦਾ ਪ੍ਰਤੀਕ ਸੀ।

# अखिल भारतीय अग्रवाल सम्मेलन की 50वीं जयंती पर आयोजित समारोह में वरिष्ठ पत्रकार डॉ. दलजीत अजनोहा का सम्मान



होशियारपुर, (दलजीत अजनोहा) - अखिल भारतीय अग्रवाल सम्मेलन की 50वीं जयंती के उपलक्ष्य में श्री अग्र-भागवत कथा का भव्य आयोजन किया गया।

इस महत्वपूर्ण अवसर पर वरिष्ठ पत्रकार डॉ. दलजीत अजनोहा को पत्रकारिता के क्षेत्र में उनके विशेष योगदान के लिए सम्मानित किया गया। अखिल भारतीय अग्रवाल सम्मेलन के राष्ट्रीय अध्यक्ष गोपाल शरण गर्ग और पंजाब प्रदेश अध्यक्ष सुरेंद्र अग्रवाल ने उन्हें यह सम्मान भेंट किया। उन्होंने कहा कि डॉ. अजनोहा ने पत्रकारिता में सत्य और निष्पक्षता को आगे बढ़ाते हुए सराहनीय कार्य किए हैं, जो समाज के लिए प्रेरणास्रोत हैं।

इस आध्यात्मिक समारोह में प्रसिद्ध कथावाचक पंडित सचिन शास्त्री जी ने श्री अग्र-भागवत कथा का वाचन किया।

उन्होंने श्रद्धालुओं को महाराजा अग्रसेन जी के जीवन और उनके महान आदर्शों से परिचित कराया। एक विशाल डिजिटल स्क्रीन के माध्यम से उनकी विरासत और योगदान को प्रदर्शित किया गया, जबकि महाराजा अग्रसेन जी और अग्रवाल समाज से संबंधित धार्मिक ग्रंथों और साहित्य की प्रदर्शनी भी लगाई गई। प्रतिदिन प्रसाद वितरण का भी आयोजन किया गया।

इस विशाल आयोजन में अनेक गणमान्य व्यक्ति, धार्मिक गुरु और समाजसेवी उपस्थित रहे, जिससे सम्मेलन की स्वर्ण जयंती ऐतिहासिक और यादगार बन गई। आयोजकों ने सभी श्रद्धालुओं और सहयोगियों का आभार व्यक्त किया और महाराजा अग्रसेन जी के उच्च आदर्शों को आगे बढ़ाने का संकल्प लिया।

# Daljeet Ajnoha Honored for Receiving a Doctorate in Journalism on Mahashivratri



Hoshiarpur, (Daljeet Ajnoha) : A grand religious event was organized at the ancient Shiva temple in Panjuaana on the auspicious occasion of Mahashivratri. During the event, the temple committee honored renowned journalist and social worker Dr. Daljeet Ajnoha for earning a Doctorate in Journalism and for his outstanding contributions to the field.

The felicitation ceremony was graced by several distinguished personalities, including Sarpanch Raghveer Singh, Numberdar Ramdas Ji, Numberdar Gurbaksh Singh, Numberdar Balwinder Singh, Chief Sewadar Bakhshish Singh Kala, Sewadar Aman Sharma, and Station House Officer (SHO) Davinder Singh.

On this sacred occasion, thousands of devotees gathered to worship Lord Shiva with devotion and enthusiasm. The temple committee also organized a grand community feast (Bhandara), where devotees partook in the holy offerings with deep faith and reverence.

Temple officials stated that this annual event on Mahashivratri brings the community together in devotion and celebration. Expressing his gratitude, Dr. Daljit Ajnoha said he was deeply honored to receive this recognition and reaffirmed his commitment to journalism and social service.

# ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਸ਼ਲਾਘਾਯੋਗ ਹੈ ਪਰ ਇਸ ਮੁਹਿੰਮ ਦਾ ਸ਼ਿਕਾਰ ਕਿਧਰੇ ਗਰੀਬ ਪਰਿਵਾਰ ਨਾ ਹੋ ਜਾਣ : ਭਾਜਪਾ ਆਗੂ ਠੰਡਲ

## ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣਾ ਸਿਆਸਤਦਾਨਾਂ ਦਾ ਫਰਜ਼ ਨਹੀਂ ਬਲਕਿ ਪੁਲਿਸ ਦਾ ਫਰਜ਼ ਹੈ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਮੌਜੂਦਾ ਸੂਬਾ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਇੱਕ ਸ਼ਲਾਘਾਯੋਗ ਉਪਰਾਲਾ ਹੈ, ਇਹ ਗੱਲ ਭਾਜਪਾ ਦੇ ਸੀਨੀਅਰ ਆਗੂ ਸੋਹਣ ਸਿੰਘ ਠੰਡਲ ਨੇ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਕਹੀ, ਪਰ ਨਾਲ ਹੀ ਉਨ੍ਹਾਂ ਮੌਜੂਦਾ ਸਰਕਾਰ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਸਰਕਾਰ ਨੇ ਇਹ ਉਪਰਾਲਾ ਤਿੰਨ ਸਾਲਾਂ ਬਾਅਦ ਸ਼ੁਰੂ ਕੀਤਾ ਹੈ, ਪਹਿਲੇ ਤਿੰਨ ਸਾਲਾਂ ਵਿੱਚ ਸਰਕਾਰ ਕਿੱਥੇ ਸੀ ਜਦੋਂ ਮੌਜੂਦਾ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਐਲਾਨ ਕੀਤਾ ਸੀ ਕਿ ਉਹ ਪਹਿਲ ਦੇ ਆਧਾਰ 'ਤੇ ਨਸ਼ਿਆਂ ਨੂੰ ਖਤਮ ਕਰੇਗੀ ਅਤੇ ਤਿੰਨ ਸਾਲਾਂ ਬਾਅਦ ਹੁਣ ਦਿੱਲੀ ਵਿੱਚ ਹਾਰ ਤੋਂ ਬਾਅਦ, ਇਹ ਕਾਰਵਾਈ ਪੰਜਾਬ ਵਿੱਚ ਸ਼ੁਰੂ ਕੀਤੀ ਗਈ ਹੈ, ਹਾਲਾਂਕਿ ਨਸ਼ਿਆਂ ਦਾ ਪੰਜਾਬ ਵਿੱਚ ਪਹਿਲਾਂ ਵੀ ਪ੍ਰਭਾਵ ਸੀ। ਉਸ ਸਮੇਂ ਦੀ ਸਰਕਾਰ ਨੇ ਵੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ਤਹਿਤ ਬਹੁਤ ਸਾਰੇ ਲੋਕਾਂ ਦੇ ਘਰ ਢਾਹੇ ਜਾ ਰਹੇ ਹਨ ਅਤੇ ਮੀਡੀਆ ਵੱਲੋਂ ਦਿਖਾਏ ਗਏ ਘਰ ਬਹੁਤ ਛੋਟੇ ਅਤੇ ਕੱਚੇ ਹਨ।

ਜੇਕਰ ਸਰਕਾਰ ਅਨੁਸਾਰ ਇਹ ਘਰ ਵੱਡੇ ਨਸ਼ਾ ਤਸਕਰਾਂ ਦੇ ਹਨ, ਤਾਂ ਇਹ ਸਿੱਧੇ ਤੌਰ 'ਤੇ ਦੇਖਿਆ ਜਾ ਸਕਦਾ ਹੈ ਕਿ ਇਹ ਘਰ ਬਹੁਤ ਵੱਡੇ ਤੇ ਕੀਮਤੀ ਹੋਣੇ ਚਾਹੀਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਘਰ ਵੱਡਾ ਜਾਂ ਮਹਿੰਗਾ ਨਹੀਂ ਲੱਗਦਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਸਬੰਧਤ ਅਧਿਕਾਰੀਆਂ ਨੂੰ ਕਾਰਵਾਈ ਕਰਨ ਤੋਂ ਪਹਿਲਾਂ ਜਾਂਚ ਕਰਨੀ ਚਾਹੀਦੀ ਹੈ ਤਾਂ ਜੋ ਕੋਈ ਵੀ ਗਰੀਬ ਵਿਅਕਤੀ ਜੋ ਕਿਸੇ ਕਾਰਨ ਕਰਕੇ ਨਸ਼ਿਆਂ ਦਾ ਆਦੀ ਹੋ ਗਿਆ ਹੈ ਅਤੇ ਉਸ ਦੇ ਪਰਿਵਾਰ ਦੀ ਹਾਲਤ ਪਹਿਲਾਂ ਹੀ ਤਰਸਯੋਗ ਹੈ, ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾਂਦਾ ਅਤੇ ਉਸ ਦਾ ਘਰ ਢਾਹ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਇੱਕ ਇਲਾਕੇ ਵਿੱਚ ਮੌਜੂਦਾ ਪਾਰਟੀ ਦੇ ਵਿਧਾਇਕ ਅਤੇ ਕੁਝ ਆਗੂ ਖੁਦ ਨਸ਼ਿਆਂ ਵਿਰੁੱਧ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਇਸ ਮੀਟਿੰਗ ਦੌਰਾਨ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਜੇਲ੍ਹ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ ਸਨ ਅਤੇ ਨਸ਼ਿਆਂ ਦੇ ਮੁੱਦੇ ਬਾਰੇ ਤਤਕਾਲੀ ਡੀਜੀਪੀ ਅਤੇ ਆਈਜੀ ਨਾਲ ਗੱਲ ਕੀਤੀ ਸੀ, ਪਰ ਇਸ ਨੂੰ ਹੱਲ ਕਰਨ ਜਾਂ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ, ਉਨ੍ਹਾਂ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਨਸ਼ੇ ਬੰਦ ਕਰ ਦੇਣਗੇ ਤੇ ਆਉਣ ਵਾਲੇ ਸਮੇਂ ਤੁਹਾਡੀ ਹੀ ਸਰਕਾਰ ਬਣੇਗੀ ਤਾਂ ਪੁਲਸ ਵਲੋਂ ਨਸ਼ੇੜੀਆਂ ਨੂੰ ਫੜ ਕੇ ਵੱਡੀ ਗਿਣਤੀ ਵਿੱਚ ਜੇਲ੍ਹ ਭੇਜਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਵੱਡੇ ਨਸ਼ਾ ਤਸਕਰਾਂ ਨੂੰ ਫੜਨਾ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨਾ ਪੁਲਿਸ ਦਾ ਫਰਜ਼ ਹੈ, ਜਿਸ ਨਾਲ ਨਸ਼ੇ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੀ ਦੁਰਵਰਤੋਂ ਨੂੰ ਰੋਕਣਾ ਪੁਲਿਸ ਦਾ ਫਰਜ਼ ਹੈ, ਮੰਤਰੀਆਂ ਜਾਂ ਵਿਧਾਇਕਾਂ ਦਾ ਨਹੀਂ। ਉਨ੍ਹਾਂ ਕਿਹਾ ਕਿ ਪੁਲਿਸ ਚੰਗੀ ਤਰ੍ਹਾਂ ਜਾਣਦੀ ਹੈ ਕਿ ਕਿਸ ਖੇਤਰ ਵਿੱਚ ਨਸ਼ੇ ਦਾ ਕਾਰੋਬਾਰ ਹੋ ਰਿਹਾ ਹੈ ਅਤੇ ਡੀਲਰ ਕੌਣ ਹੈ, ਪਰ ਉਨ੍ਹਾਂ ਦੇ ਪ੍ਰਭਾਵ ਕਾਰਨ ਉਨ੍ਹਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ, ਅਤੇ ਨਸ਼ਾ ਕਰਨ ਵਾਲਿਆਂ ਨਸ਼ੇੜੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਫਾਈਲ ਬੰਦ ਕਰ ਦਿੱਤੀ ਜਾਂਦੀ ਹੈ, ਜਦੋਂ ਕਿ ਪੁਲਿਸ ਨੂੰ ਆਪਣੀ ਜਾਂਚ ਦੌਰਾਨ ਪਤਾ ਲਗਾਉਣਾ ਚਾਹੀਦਾ ਹੈ ਕਿ ਨਸ਼ਾ ਕਿੱਥੋਂ ਆਉਣਾ ਸ਼ੁਰੂ ਹੋਇਆ ਤੇ ਇਥੇ ਕਿਸ ਤਰਾਂ ਪਹੁੰਚਿਆ ਇਸ ਤਰ੍ਹਾਂ ਵੀ ਨਸ਼ੇ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕਦਾ ਹੈ



ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 25ਵਾਂ ਮਹਾਨ ਨਗਰ ਕੀਰਤਨ

ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

ਆਪ ਜੀ ਨੂੰ ਪਰਿਵਾਰਾਂ ਸਮੇਤ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਕਮਿਊਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਊਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ

## ਸ੍ਰੀ ਪੰਕਜ ਆਂਸਲ

ਫਾਊਂਡਰ ਯੂਨਾਈਟਿਡ ਪੰਜਾਬ ਫਰੰਟ





ਲਾਹੌਲ-ਸਪੀਤੀ ਵਿੱਚ ਵੀਰਵਾਰ ਨੂੰ ਬਰਫ਼ ਨਾਲ ਢੱਕੇ ਰਾਸ਼ੀਲ ਪਿੰਡ ਦਾ ਇੱਕ ਦ੍ਰਿਸ਼ ਜਿਵੇਂ ਕਿ ਉੱਪਰਲੇ ਹਿੱਸੇ ਵਿੱਚ ਤਾਜ਼ਾ ਬਰਫ਼ਬਾਰੀ ਹੋਈ ਹੈ।

# ਮੁੱਖ ਮੰਤਰੀ ਯੋਗੀ ਨੇ ਉਤਰ ਪ੍ਰਦੇਸ਼ ਪੁਲਿਸ ਨਾਲ ਕੀਤੀ ਗੱਲਬਾਤ






ਪ੍ਰਯਾਗਰਾਜ: ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀਰਵਾਰ ਨੂੰ ਪ੍ਰਯਾਗਰਾਜ ਵਿੱਚ ਉੱਤਰ ਪ੍ਰਦੇਸ਼ ਪੁਲਿਸ ਨਾਲ ਗੱਲਬਾਤ ਦੌਰਾਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪ੍ਰਸ਼ਾਂਤ ਕੁਮਾਰ ਅਤੇ ਹੋਰਾਂ ਨਾਲ ਇੱਕ ਸਮੂਹ ਤਸਵੀਰ ਵਿੱਚ।

# ਇੰਫਾਲ: ਪਿੰਡ ਦੇ ਵਾਲੰਟੀਅਰਾਂ ਨੂੰ ਗ੍ਰਿਫਤਾਰ ਨਾ ਕਰਨ ਦੀ ਮੰਗ ਨੂੰ ਲੈ ਕੇ ਔਰਤਾਂ ਨੇ ਕੀਤਾ ਪ੍ਰਦਰਸ਼ਨ



ਇੰਫਾਲ ਵਿੱਚ ਸ਼ੁੱਕਰਵਾਰ ਨੂੰ ਪਿੰਡ ਵਾਲੰਟੀਅਰਾਂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਔਰਤਾਂ ਨੇ ਨਾਅਰੇਬਾਜ਼ੀ ਕੀਤੀ।

# ਕੰਨੜ ਅਦਾਕਾਰਾ ਤੋਂ 12.56 ਕਰੋੜ ਦਾ ਸੋਨਾ ਜ਼ਬਤ

## ਅਦਾਲਤ ਨੇ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿੱਚ ਭੇਜਿਆ



ਬੰਗਲੂਰੂ : ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ (ਡੀਆਰਆਈ) ਨੇ ਅੱਜ ਦੱਸਿਆ ਕਿ ਇਥੇ ਕੈਂਪੇਗੌੜਾ ਕੌਮਾਂਤਰੀ ਹਵਾਈ ਅੱਡੇ 'ਤੇ ਕੰਨੜ ਅਦਾਕਾਰਾ ਰਣਯ ਰਾਓ ਕੋਲੋਂ ਸੋਨੇ ਦੀਆਂ ਛੜਾਂ ਜ਼ਬਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਕੀਮਤ 12.56 ਕਰੋੜ ਰੁਪਏ ਹੈ। ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਅਦਾਕਾਰਾ ਸੀਨੀਅਰ ਆਈਪੀਐੱਸ ਅਧਿਕਾਰੀ ਰਾਮਚੰਦਰ ਰਾਓ ਦੀ ਮਤਰੇਈ ਧੀ ਹੈ। ਰਾਮਚੰਦਰ ਇਸ ਸਮੇਂ ਕਰਨਾਟਕ ਪੁਲੀਸ ਵਿੱਚ ਹਾਊਸਿੰਗ ਤੇ ਇਨਫਰਾਸਟਰੱਕਚਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਡ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਹਨ। ਉਧਰ ਵਿੱਤ ਮੰਤਰਾਲੇ ਨੇ ਕਿਹਾ ਕਿ ਮਹਿਲਾ ਯਾਤਰੀ ਨੂੰ ਸੀਮਾ ਕਰ ਐਕਟ, 1962 ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਅਦਾਲਤ ਨੇ ਉਸ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸ ਮਾਮਲੇ ਵਿੱਚ ਕੁੱਲ 17.29 ਕਰੋੜ ਰੁਪਏ ਦਾ ਸਾਮਾਨ ਜ਼ਬਤ ਕੀਤਾ ਗਿਆ, ਜਿਸ ਵਿੱਚ 4.73 ਕਰੋੜ ਰੁਪਏ ਦਾ ਹੋਰ ਸਾਮਾਨ ਵੀ ਸ਼ਾਮਲ ਹੈ। ਅਧਿਕਾਰੀਆਂ ਅਨੁਸਾਰ ਇਹ ਖੇਪ ਸਭ ਤੋਂ ਵੱਡੀਆਂ ਜ਼ਬਤੀਆਂ ਵਿੱਚੋਂ ਇੱਕ ਹੈ।

# ਐਮ.ਐਲ.ਏ. ਭਰਾਜ ਖ਼ਿਲਾਫ਼ ਕੇਸ ਦਰਜ ਕਰਾਉਣ ਲਈ ਐੱਸਐੱਸਪੀ ਦਫ਼ਤਰ ਅੱਗੇ ਧਰਨਾ

## *ਟਰੱਕ ਯੂਨੀਅਨ ਭਵਾਨੀਗੜ੍ਹ ਦੀ ਚੋਣ 'ਚ ਰਿਸ਼ਵਤਖੋਰੀ ਦੇ ਮਾਮਲੇ ਸਬੰਧੀ ਹਲਕਾ ਵਿਧਾਇਕ ਖ਼ਿਲਾਫ਼ ਨਾਅਰੇਬਾਜ਼ੀ*




ਸੰਗਰੂਰ : ਟਰੱਕ ਯੂਨੀਅਨ ਭਵਾਨੀਗੜ੍ਹ ਦੀ ਪ੍ਰਧਾਨਗੀ ਲਈ ਕਥਿਤ ਤੌਰ 'ਤੇ ਪੈਸੇ ਦਾ ਲੈਣ-ਦੇਣ ਹੋਣ ਅਤੇ ਟਰੱਕ ਅਪਰੇਟਰ ਵੱਲੋਂ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿਚ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਖ਼ਿਲਾਫ਼ ਕਾਰਵਾਈ ਕਰਾਉਣ ਲਈ ਵੱਖ-ਵੱਖ ਸਿਆਸੀ ਪਾਰਟੀਆਂ, ਪੀੜਤ ਪਰਿਵਾਰ ਅਤੇ ਇਲਾਕੇ ਦੇ ਲੋਕਾਂ ਵੱਲੋਂ ਅੱਜ ਇੱਥੇ ਐੱਸਐੱਸਪੀ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਇਸ ਮੌਕੇ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕਰਦਿਆਂ ਸੋਮਵਾਰ ਨੂੰ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਦੀ ਕੋਠੀ ਦਾ ਘਿਰਾਓ ਕਰਨ ਅਤੇ ਰਾਜਪਾਲ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ। ਬੁਲਾਰਿਆਂ ਨੇ ਮੰਗ ਕੀਤੀ ਕਿ ਹਲਕਾ ਵਿਧਾਇਕ ਖ਼ਿਲਾਫ਼ ਤੁਰੰਤ ਕੇਸ ਦਰਜ ਕੀਤਾ ਜਾਵੇ, ਟਰੱਕ ਯੂਨੀਅਨ ਭਵਾਨੀਗੜ੍ਹ ਵਿੱਚ ਕਰੋੜਾਂ ਦੇ ਹੋਏ ਗਬਨ ਦੀ ਜਾਂਚ ਕੀਤੀ ਜਾਵੇ, ਪ੍ਰਧਾਨ ਦੀ ਹੋਈ ਚੋਣ ਰੱਦ ਕੀਤੀ ਜਾਵੇ ਅਤੇ ਪੰਜ ਮੈਂਬਰੀ ਕਮੇਟੀ ਬਣਾਈ ਜਾਵੇ।

ਇਸ ਮੌਕੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੌਜੂਦਾ ਸਰਕਾਰ 'ਚ ਆਮ ਲੋਕਾਂ ਲਈ ਕਾਨੂੰਨ ਹੋਰ ਹਨ ਪਰ 'ਆਪ' ਲੀਡਰਾਂ ਲਈ ਹੋਰ ਹਨ। ਸਾਬਕਾ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੇ ਦੋਸ਼ ਲਾਇਆ ਕਿ ਹਰ ਫਰੰਟ 'ਤੇ ਫੇਲ੍ਹ ਹੋਈ ਸਰਕਾਰ ਦੀ ਤਿੰਨ ਸਾਲ ਬਾਅਦ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਨੂੰ ਖਤਮ ਕਰਨ ਲਈ ਯੁੱਧ ਚਲਾਉਣ ਲਈ ਜਾਗ ਖੁੱਲ੍ਹੀ ਹੈ, ਜਦੋਂ ਕਿ ਸਰਕਾਰ ਦੇ 'ਆਪਣਿਆਂ' ਵਲੋਂ ਪ੍ਰਧਾਨਗੀਆਂ ਵੇਚੀਆਂ ਜਾ ਰਹੀਆਂ ਹਨ। ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਨੇ ਕਿਹਾ ਕਿ ਪੀੜਤ ਪਰਿਵਾਰ ਨੇ ਜ਼ਿਲ੍ਹਾ ਪੁਲੀਸ ਨੂੰ ਸ਼ਿਕਾਇਤ ਵੀ ਦਿੱਤੀ ਹੈ ਪਰ ਕੋਈ ਕਾਰਵਾਈ ਨਹੀਂ ਹੋਈ। ਅਕਾਲੀ ਦਲ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਦਾਅਵਾ ਕੀਤਾ ਕਿ ਹਲਕਾ ਵਿਧਾਇਕ, ਪੈਸੇ ਮੋੜਨ ਵਾਲੇ ਗੁਰਪ੍ਰੀਤ ਸਿੰਘ ਅਤੇ ਮਨਜੀਤ ਸਿੰਘ ਕਾਕਾ ਵਿਚਕਾਰ ਹੋਈ ਗੱਲਬਾਤ ਦੀਆਂ 180 ਕਾਲ ਰਿਕਾਰਡਿੰਗਾਂ ਉਨ੍ਹਾਂ ਕੋਲ ਹਨ। ਧਰਨੇ ਵਿੱਚ ਐੱਸਡੀਐੱਮ ਚਰਨਜੋਤ ਸਿੰਘ ਵਾਲੀਆ ਪੁੱਜੇ, ਜਿਨ੍ਹਾਂ ਨੂੰ ਧਰਨਾਕਾਰੀਆਂ ਵੱਲੋਂ ਮੰਗ ਪੱਤਰ ਸੌਂਪਿਆ ਗਿਆ।

# ਆਨਲਾਈਨ ਗੇਮ ਰਾਹੀਂ ਦੋ ਕਰੋੜ ਰੁਪਏ ਦੀ ਠੱਗੀ

ਸ੍ਰੀ ਮੁਕਤਸਰ ਸਾਹਿਬ : ਆਨਲਾਈਨ ਗੇਮ ਵਿੱਚ ਪੂੰਜੀ ਨਿਵੇਸ਼ ਕਰ ਕੇ ਮੋਟੀ ਕਮਾਈ ਕਰਨ ਦਾ ਝਾਂਸਾ ਦੇ ਮੁਕਤਸਰ ਵਾਸੀ ਨਾਲ ਦੋ ਕਰੋੜ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿੱਚ ਪੁਲੀਸ ਨੇ ਤਿੰਨ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਠੱਗੀ ਮਾਰਨ ਵਾਲੀ ਕੰਪਨੀ ਅਮਰੀਕਾ ਦੀ ਦੱਸੀ ਜਾਂਦੀ ਹੈ, ਜਦੋਂਕਿ ਜਿਸ ਖਾਤੇ ਵਿੱਚ ਪੈਸੇ ਪੁਆਏ ਗਏ ਸਨ, ਉਹ ਜੈਪੁਰ ਦਾ ਹੈ। ਮੁਕਤਸਰ ਵਾਸੀ ਵਿਨੋਦ ਕੁਮਾਰ ਦਾ 'ਨੈਟ ਕੈਸੀਨੋ ਐਨ ਏਟ ਜੀ, ਪਲੇਇੰਗ ਕੰਪਨੀ (ਯੂਐੱਸਏ)' ਨਾਲ ਵਾਹ ਪਿਆ। ਵਿਨੋਦ ਕੁਮਾਰ ਨੇ ਇਸ ਗੇਮ ਵਿੱਚ ਦੋ ਕਰੋੜ ਰੁਪਏ ਦਾ ਨਿਵੇਸ਼ ਕਰ ਦਿੱਤਾ। ਇਸ ਤੋਂ ਬਾਅਦ ਕੰਪਨੀ ਨੇ ਨਾ ਤਾਂ ਉਸ ਨੂੰ ਕੋਈ ਮੁਨਾਫ਼ਾ ਦਿੱਤਾ ਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ। ਪੁਲੀਸ ਨੇ 'ਨੈਟ ਕੈਸੀਨੋ ਐਨ ਏਟ ਜੀ, ਪਲੇਇੰਗ ਕੰਪਨੀ (ਯੂਐਸਏ)' ਦੇ ਐੱਮਡੀ ਏਜੰਟ ਨਾਵੀਦ (ਮੁੰਬਈ) ਅਤੇ ਭੂਮੀ ਬੈਂਕ ਅਕਾਊਂਟ ਹੋਲਡਰ ਜੈਪੁਰ (ਰਾਜਸਥਾਨ) ਸਣੇ ਤਿੰਨ ਖ਼ਿਲਾਫ਼ ਕੇਸ ਦਰਜ ਕਰ ਲਆ ਹੈ।

# ਧੰਨੈ ਸੇਵਿਆ ਬਾਲ ਬੁਧਿ



ਭਗਤੀ ਮਾਰਗ ਦੇ ਪਾਂਧੀਆਂ ਨੇ ਕਿਰਤ ਨਾਲ ਜੁੜ ਕੇ ਹੀ ਕਰਤਾਰ ਨਾਲ ਜੁੜਨ ਦੀ ਹਾਮੀ ਭਰੀ ਹੈ। ਭਗਤਾਂ ਨੇ ਇਹ ਹਾਮੀ ਸਿਰਫ ਗੱਲਬਾਤ ਰਾਹੀਂ ਹੀ ਨਹੀਂ, ਸਗੋਂ ਵਿਹਾਰਕ (ਹੱਥੀਂ ਕਿਰਤ ਕਰਕੇ) ਰੂਪ ਵਿਚ ਵੀ ਭਰੀ ਹੈ। ਮੱਧ ਕਾਲ ਵਿਚ ਉੱਭਰੀ ਭਗਤੀ ਲਹਿਰ ਨਾਲ ਜੁੜੇ ਭਗਤ ਸਾਹਿਬਾਨ ਸਰੀਰਕ ਤੌਰ 'ਤੇ ਕਿਰਤ ਨਾਲ ਅਤੇ ਮਾਨਸਿਕ ਤੌਰ 'ਤੇ ਪਰਮੇਸ਼ਰ ਨਾਲ ਜੁੜੇ ਰਹੇ ਹਨ। ਭਗਤੀ ਲਹਿਰ ਨਾਲ ਸਬੰਧਤ ਇਨ੍ਹਾਂ ਭਗਤਾਂ ਨੇ ਜਿੱਥੇ ਮਨੁੱਖ ਦੇ ਅਧਿਆਤਮਕ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ, ਉਥੇ ਆਪਣੇ ਸਮਾਜਿਕ ਸਰੋਕਾਰਾਂ ਨੂੰ ਵੀ ਬਣਾਈ ਰੱਖਿਆ ਹੈ। ਇਸ ਲਹਿਰ ਨਾਲ ਜੁੜੇ ਭਗਤ ਆਪਣੀ ਭਗਤੀ-ਭਾਵਨਾ ਸਦਕਾ ਅਕਾਲ ਪੁਰਖ ਦੀ ਕਿਰਪਾ ਦੇ ਵਿਸ਼ੇਸ਼ ਪਾਤਰ ਰਹੇ ਹਨ। ਇਲਾਕਾਈ ਅਤੇ ਭਾਸ਼ਾਈ ਹੱਦਬਸਤ ਤੋਂ ਉਪਰ ਉੱਠ ਕੇ ਵਿਚਰਨ ਵਾਲੇ ਇਹ ਮਹਾਂਪੁਰਖ ਆਪਣੀ ਸਰਬ ਕਲਿਆਣੀ ਸੋਚ ਸਦਕਾ ਆਪਸੀ ਭਾਈਚਾਰੇ ਅਤੇ ਬਰਾਬਰਤਾ ਦੇ ਹਾਮੀ ਰਹੇ ਹਨ। ਅਥਾਹ ਸ਼ਰਧਾ ਅਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਇਨ੍ਹਾਂ ਭਗਤਾਂ ਨੇ ਆਪਣੀ ਰੂਹ ਨੂੰ ਰੱਬੀ ਰੰਗ ਵਿਚ ਰੰਗ ਕੇ ਅਜਿਹੇ ਵਡਮੁੱਲੇ ਅਤੇ ਪਵਿੱਤਰ ਬਚਨ ਉਚਾਰਨ ਕੀਤੇ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕੋਈ ਵੀ ਵਿਅਕਤੀ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁਹੇਲਾ ਬਣਾ ਸਕਦਾ ਹੈ। ਸਮਾਜਿਕ ਅਤੇ ਸਭਿਆਚਾਰਕ ਵਖਰੇਵੇਂ ਦੇ ਬਾਵਜੂਦ ਇਨ੍ਹਾਂ ਭਗਤਾਂ ਦੀ ਟੇਕ ਹਮੇਸ਼ਾਂ ਇੱਕ ਅਕਾਲ ਪੁਰਖ 'ਤੇ ਰਹੀ ਹੈ। ਇਸ ਟੇਕ ਸਦਕਾ ਹੀ ਇਹ ਭਗਤ ਉਸ ਪਰਮ ਪਿਤਾ ਨਾਲ ਇਕਸੁਰ ਹੁੰਦੇ ਰਹੇ ਹਨ। ਸੋਚ ਪੱਖੋਂ ਉੱਚੇ ਅਤੇ ਵਿਹਾਰ ਪੱਖੋਂ ਸੁੱਚੇ ਇਨ੍ਹਾਂ ਭਗਤਾਂ ਦੀ ਚਾਲ ਸੰਸਾਰੀਆਂ ਨਾਲੋਂ ਕੁੱਝ ਨਿਰਾਲੀ ਬਣੀ ਰਹੀ ਹੈ। ਇਸ ਚਾਲ ਦੀ ਗਵਾਹੀ ਤੀਸਰੇ ਗੁਰੂ ਅਮਰਦਾਸ ਜੀ ਆਪਣੀ ਪਾਵਨ ਬਾਣੀ ਆਨੰਦ ਸਾਹਿਬ ਦੀ 14ਵੀਂ ਪਉੜੀ ਵਿਚ ਇਸ ਤਰ੍ਹਾਂ ਭਰਦੇ ਹਨ:

**ਭਗਤਾ ਕੀ ਚਾਲ ਨਿਰਾਲੀ**
**ਚਾਲਾ ਨਿਰਾਲੀ ਭਗਤਾਹ**
**ਕੇਰੀ ਬਿਖਮ ਮਾਰਗਿ ਚਲਣਾ॥**
**ਲਬੁ ਲੋਭੁ ਅਹੰਕਾਰੁ ਤਜਿ**
**ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**

ਇਸ ਨਿਰਾਲੀ ਚਾਲ ਕਰਕੇ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਇਨ੍ਹਾਂ ਬਿਖਮ ਮਾਰਗ ਦੇ ਪਾਂਧੀ ਭਗਤਾਂ ਨੂੰ ਜਦੋਂ ਕਦੇ ਸੰਸਾਰੀ ਲੋਕਾਂ ਨੇ ਸਤਾਉਣ ਜਾਂ ਅਜ਼ਮਾਉਣ ਦੀ ਕੋਸ਼ਿਸ਼ ਕੀਤੀ ਤਾਂ ਆਪਣੇ ਪਿਆਰੇ ਭਗਤਾਂ ਦੀ ਬਾਂਹ ਪ੍ਰਭੂ ਨੇ ਅੱਗੇ ਹੋ ਕੇ ਆਪ ਫੜੀ ਹੈ। ਇਸ ਗੱਲ ਨੂੰ ਤਸਦੀਕ ਕਰਦਿਆਂ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ

**ਰਮੇਸ਼ ਬੱਗਾ ਚੋਹਲਾ**

ਇੰਝ ਫ਼ੁਰਮਾਉਂਦੇ ਹਨ:

**ਹਰਿ ਜੁਗੁ ਜੁਗੁ ਭਗਤ ਉਪਾਇਆ**
**ਪੈਜ ਰਖਦਾ ਆਇਆ ਰਾਮ ਰਾਜੇ॥**

ਸਿਦਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਕੀਤੀ ਪ੍ਰੇਮਾ-ਭਗਤੀ ਜਦੋਂ ਆਪਣੀ ਸਿਖ਼ਰ ਛੋਹ ਜਾਂਦੀ ਹੈ ਤਾਂ ਉਸ ਵੇਲੇ ਰੱਬ ਨੂੰ ਵੀ ਇਨ੍ਹਾਂ ਭਗਤਾਂ ਦੀ ਗ਼ੁਲਾਮੀ ਕਰਨੀ ਪੈ ਜਾਂਦੀ ਹੈ। ਅਜਿਹੀ ਹੀ ਗ਼ੁਲਾਮੀ ਰੱਬ ਨੂੰ ਧੰਨੇ ਭਗਤ ਦੀ ਵੀ ਕਰਨੀ ਪਈ ਸੀ, ਜਦੋਂ ਉਸ ਨੇ ਆਪਣੇ ਭੋਲੇਪਨ ਅਤੇ ਦ੍ਰਿੜ੍ਹ ਵਿਸ਼ਵਾਸ ਨਾਲ ਉਸ ਨੂੰ ਆਪਣਾ ਸੱਜਣ ਬਣਾ ਲਿਆ ਸੀ। ਜੱਟਕੀ ਜ਼ਿੱਦ ਤੇ ਅਟਲ ਭਰੋਸੇ ਨਾਲ ਰੱਬੀ ਬਖ਼ਸ਼ਿਸ਼ ਦਾ ਪਾਤਰ ਬਣਨ ਵਾਲੇ ਤੇ ਇਸ ਬਖ਼ਸ਼ਿਸ਼ ਦੀ ਬਦੌਲਤ ਖੇਤਾਂ ਦੇ ਨੱਕੇ ਮੁੜਵਾਉਣ ਵਾਲੇ ਭਗਤ ਧੰਨਾ ਜੀ ਦਾ ਜਨਮ 20 ਅਪਰੈਲ 1416 ਨੂੰ ਰਾਜਸਥਾਨ ਦੇ ਟਾਂਕ ਇਲਾਕੇ ਦੇ ਪਿੰਡ ਧੁਆਨ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਭਾਈ ਭੋਲਾ ਤੇ ਮਾਤਾ ਦਾ ਨਾਮ ਧੰਨੋ ਸੀ। ਉਨ੍ਹਾਂ ਦਾ ਸ਼ੁਮਾਰ ਉਨ੍ਹਾਂ ਸਿਦਕਵਾਨਾਂ 'ਚ ਕੀਤਾ ਜਾਂਦਾ ਹੈ, ਜਿਹੜੇ ਆਪਣਾ ਹੱਥ ਕਾਰ (ਕਿਰਤ) ਵੱਲ ਅਤੇ ਦਿਲ ਯਾਰ (ਪ੍ਰਭੂ) ਵੱਲ ਲਾਈ ਰੱਖਦੇ ਹਨ। ਇਸ ਲਗਨ ਸਦਕਾ ਉਨ੍ਹਾਂ ਨੇ ਉਸ ਪਰਮ ਪਿਤਾ ਦੇ ਨਾ ਸਿਰਫ ਦਰਸ਼ਨ ਕੀਤੇ ਸਗੋਂ ਉਸ ਨੂੰ ਆਪਣੇ ਕੰਮ-ਕਾਜ ਦਾ ਹਿੱਸਾ ਵੀ ਬਣਾ ਲਿਆ।

ਭਗਤ ਧੰਨਾ ਜੀ ਨਾਲ ਜੁੜੇ ਸਾਖੀ ਸਾਹਿਤ ਨੂੰ ਪੜ੍ਹਨ ਤੋਂ ਬਾਅਦ ਜਿਹੜੀਆਂ ਗੱਲਾਂ ਪ੍ਰਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਅਨੁਸਾਰ ਬਚਪਨ ਸਮੇਂ ਤੋਂ ਧਾਰਮਿਕ ਰੁਚੀਆਂ ਰੱਖਣ ਵਾਲੇ ਭਗਤ ਧੰਨਾ ਜੀ ਦਾ ਜੀਵਨ ਬਹੁਤ ਹੀ ਸਾਦਾ ਅਤੇ ਸੰਘਰਸ਼ਮਈ ਸੀ। ਇੱਕ ਦਿਨ ਉਨ੍ਹਾਂ ਨੇ ਇੱਕ ਪੰਡਿਤ ਨੂੰ ਠਾਕੁਰ ਦੀ ਪੂਜਾ ਕਰਦੇ ਹੋਏ ਬੜੇ ਧਿਆਨ ਨਾਲ ਦੇਖਿਆ। ਦੇਖਣ ਤੋਂ ਬਾਅਦ ਭਗਤ ਜੀ ਦੇ ਮਨ ਵਿਚ ਵੀ ਪੂਜਾ ਦੀ ਇੱਛਾ ਪ੍ਰਚੰਡ ਹੋ ਗਈ। ਆਪਣੀ ਇਸ ਇੱਛਾ ਕਾਰਨ ਉਨ੍ਹਾਂ ਨੇ ਉਸ ਪੰਡਿਤ ਜੀ ਤੋਂ ਠਾਕੁਰ ਦੀ ਮੰਗ ਕੀਤੀ। ਬਦਲੇ ਵਿਚ ਉਸ ਪੰਡਿਤ ਨੇ ਭਗਤ ਜੀ ਨੂੰ ਕੁੱਝ ਦੁਨਿਆਵੀ ਵਸਤਾਂ ਦਕਸ਼ਣਾ ਦੇ ਰੂਪ ਵਿਚ ਦੇਣ ਲਈ ਕਿਹਾ, ਜੋ ਭਗਤ ਜੀ ਨੇ ਸਹਿਜ ਨਾਲ ਹੀ ਦੇਣੀਆਂ ਪ੍ਰਵਾਨ ਕਰ ਲਈਆਂ। ਇਸ ਸਮਝੌਤੇ ਤੋਂ ਬਾਅਦ ਉਸ ਪੰਡਿਤ ਨੇ ਇਕ ਸਧਾਰਨ ਪੱਥਰ ਭਗਤ ਧੰਨਾ ਜੀ ਦੇ ਸਪੁਰਦ ਕਰ ਦਿੱਤਾ। ਸਿਦਕੀ ਭਾਵਨਾ ਅਤੇ ਸੱਚੀ ਲਗਨ ਵਾਲੇ ਭਗਤ ਨੇ ਉਸ ਪੱਥਰ (ਭਗਵਾਨ ਸਮਝ ਕੇ) ਦਾ ਇਸ਼ਨਾਨ ਕਰਾ ਕੇ ਉਸ ਦੀ ਪੂਜਾ ਕੀਤੀ ਅਤੇ ਉਸ ਨੂੰ ਪ੍ਰਸ਼ਾਦੇ-ਪਾਣੀ ਨੂੰ ਭੋਗ ਲਾਉਣ ਲਈ ਕਿਹਾ। ਪੱਥਰ ਵੱਲੋਂ ਕੋਈ ਹੁੰਗਾਰਾ ਨਾ ਮਿਲਦਾ ਦੇਖ ਕੇ ਭਗਤ ਨੇ ਆਪ ਵੀ ਕੁੱਝ ਖਾਣ ਤੋਂ ਇਨਕਾਰ ਕਰ ਦਿੱਤਾ। ਭਗਤ ਧੰਨਾ ਜੀ ਦੇ ਇਸ ਹੱਠ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ 13 ਪਾਉੜੀ ਵਿਚ ਇਸ ਤਰ੍ਹਾਂ ਭਰੀ ਹੈ:

**ਠਾਕੁਰ ਨੋ ਨ੍ਹਾਵਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।**
**ਹਥਿ ਜੋੜਿ ਮਿਨਤਾਂ ਕਰੈ ਪੈਰੀਂ ਪੈ ਪੈ ਬਹੁਤ ਮਨਾਵੈ।**
**ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।**
**ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।**
**ਭੋਲਾ ਭਾਉ ਗੋਬਿੰਦੁ ਮਿਲਾਵੈ।**

ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੇ ਇੱਕ ਸ਼ਬਦ ਵਿਚ ਜਿਥੇ ਹੋਰ ਭਗਤਾਂ ਦੀ ਕਰਣੀ ਕਮਾਈ ਦਾ ਜ਼ਿਕਰ ਕਰਦੇ ਹਨ, ਉਥੇ ਭਗਤ ਧੰਨਾ ਜੀ ਨੂੰ 'ਧੰਨੈ ਸੇਵਿਆ ਬਾਲ ਬੁਧਿ' ਕਹਿ ਕੇ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਹਵਾਲਾ ਵੀ ਦਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਅੰਗ 487 ਉਪਰ ਸੁਸ਼ੋਭਿਤ ਆਪਣੇ ਇਕ ਹੋਰ ਪਾਵਨ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿਚ ਪੰਜਵੇਂ ਗੁਰੂ ਫ਼ੁਰਮਾਉਂਦੇ ਹਨ:

**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥**
**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥**

ਗੁਰੂ ਅਰਜਨ ਦੇਵ ਇਨ੍ਹਾਂ ਪੰਕਤੀਆਂ ਰਾਹੀਂ ਇਹ ਸੰਕੇਤ ਦੇ ਰਹੇ ਹਨ ਕਿ ਭਗਤ ਧੰਨਾ ਜੀ ਨੇ ਇਸ ਗੱਲ ਨੂੰ ਭਲੀ-ਭਾਂਤ ਸਮਝ ਲਿਆ ਸੀ ਕਿ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣ ਨਾਲ ਜਿਥੇ ਉਸ ਤੋਂ ਪੂਰਵਕਾਲੀ ਭਗਤਾਂ (ਨਾਮਦੇਵ, ਰਵਿਦਾਸ ਅਤੇ ਸੈਣ ਆਦਿ) ਨੇ ਰੱਬੀ ਪਿਆਰ ਨੂੰ ਹਾਸਲ ਕਰ ਲਿਆ ਸੀ ਤਾਂ ਭਗਤੀ ਦੀ ਇਹ ਵਿਧੀ ਉਸ ਨੂੰ ਵੀ ਪਰਮੇਸ਼ਰ ਤੱਕ ਪਹੁੰਚਾ ਸਕਦੀ ਹੈ। ਉਸ ਦੀ ਇਸ ਸਮਰਪਣ ਭਾਵਨਾ ਵਾਲੀ ਭਗਤੀ ਨੇ ਉਸ ਨੂੰ ਸਾਖਿਆਤ ਰੂਪ ਵਿਚ ਪ੍ਰਭੂ ਦੇ ਦਰਸ਼ਨ-ਦੀਦਾਰੇ ਕਰਵਾ ਦਿੱਤੇ ਸਨ। ਗੱਲ ਸਿਰਫ ਦਰਸ਼ਨ-ਦੀਦਾਰੇ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਪ੍ਰਭੂ ਨੇ ਆਪਣੇ ਪਿਆਰੇ ਅਤੇ ਨਿਆਰੇ ਭਗਤ ਦੇ ਕਾਰਜ ਵੀ ਆਪਣੇ ਜ਼ਿੰਮੇ ਲੈ ਲਏ ਸਨ। ਗੋਪਾਲ ਵੱਲੋਂ ਨਿਭਾਏ ਜਾ ਰਹੇ ਇਸ ਜ਼ਿੰਮੇ ਨੂੰ ਦੇਖ ਕੇ ਹੀ ਭਗਤ ਧੰਨਾ ਜੀ ਉਚਾਰਦੇ ਹਨ:

**ਗੋਪਾਲ ਤੇਰਾ ਆਰਤਾ॥**
**ਜੋ ਜਨ ਤੁਮਰੀ ਭਗਤਿ ਕਰੰਤੇ**
**ਤਿਨ ਕੇ ਕਾਜ ਸਵਾਰਤਾ॥**

ਭਗਤ ਧੰਨਾ ਜੀ ਦੀ ਧੰਨਤਾ ਇਸ ਗੱਲ ਵਿਚ ਵੀ ਹੈ ਕਿ ਜਿਥੇ ਕੁੱਝ ਧਾਰਮਿਕ ਰਹਿਬਰ ਔਰਤ ਨੂੰ ਭਗਤੀ-ਮਾਰਗ ਲਈ ਰੁਕਾਵਟ ਮਹਿਸੂਸਦੇ ਹਨ, ਉੱਥੇ ਭਗਤ ਜੀ ਧੜੱਲੇ ਨਾਲ ਆਖ ਰਹੇ ਹਨ:


**ਘਰ ਕੀ ਗੀਹਨਿ ਚੰਗੀ॥**
**ਜਨੁ ਧੰਨਾ ਲੇਵੈ ਮੰਗੀ॥**

ਔਰਤਾਂ ਅਤੇ ਕਿਰਤ ਦੇ ਪ੍ਰਤੀ ਅਜਿਹੀ ਸਤਿਕਾਰਤ ਤੇ ਨੇਕ ਸੋਚ ਰੱਖਣ ਵਾਲੇ ਭਗਤ ਧੰਨਾ ਜੀ ਦਾ ਰੱਜਵਾਂ ਅਤੇ ਫਬਵਾਂ ਸਤਿਕਾਰ ਕਰਦਿਆਂ ਹੀ ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੇ ਤਿੰਨ ਸ਼ਬਦ (ਦੋ ਰਾਗ ਆਸਾ ਅਤੇ ਇੱਕ ਰਾਗ ਧਨਾਸਰੀ) ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੇ। ਭਗਤੀ ਲਹਿਰ ਦੇ ਪ੍ਰਮੁੱਖ ਭਗਤ ਧੰਨਾ ਜੀ ਆਪਣੀ ਧਾਰਮਿਕ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ 15 ਦਸੰਬਰ 1502 ਨੂੰ ਪਰਲੋਕ ਸਿਧਾਰ ਗਏ। ਉਨ੍ਹਾਂ ਦੀ ਭਗਤੀ-ਭਾਵਨਾ ਜਿੱਥੇ ਪਖੰਡਵਾਦ ਤੋਂ ਨਿਰਲੇਪ ਹੈ ਉੱਥੇ ਸੱਚੀ ਤੇ ਸੁੱਚੀ ਕਿਰਤ ਕਰਦਿਆਂ ਕਰਤਾਰ ਨਾਲ ਜੁੜਨ ਦੀ ਇੱਕ ਅਤਿ ਉੱਤਮ ਮਿਸਾਲ ਵੀ ਹੈ।

# ਗੁਰਬਾਣੀ ਦੇ ਆਧੁਨਿਕ ਵਿਆਖਿਆਕਾਰ : ਡਾ. ਤਾਰਨ ਸਿੰਘ

ਡਾ. ਤਾਰਨ ਸਿੰਘ ਗੁਰਬਾਣੀ ਦੇ ਆਧੁਨਿਕ ਵਿਆਖਿਆਕਾਰਾਂ 'ਚੋਂ ਇਕ ਸਨ ਜਿਨ੍ਹਾਂ ਦਾ ਜਨਮ ਪਿਤਾ ਸ: ਨਿਧਾਨ ਸਿੰਘ ਮਾਕਿਨ ਅਤੇ ਮਾਤਾ ਗਿਆਨ ਕੌਰ ਦੇ ਘਰ 8 ਫਰਵਰੀ, 1922 ਨੂੰ ਪਿੰਡ ਕਲਰ ਕਹਾਰ, ਤਹਿਸੀਲ ਚੱਕਵਾਲ, ਜ਼ਿਲ੍ਹਾ ਜਿਹਲਮ (ਪਾਕਿਸਤਾਨ) 'ਚ ਹੋਇਆ। ਆਪ ਜੀ ਬਚਪਨ ਤੋਂ ਹੀ ਰੌਸ਼ਨ ਦਿਮਾਗ ਅਤੇ ਚੇਤੰਨ ਬੁੱਧੀ ਦੇ ਮਾਲਕ ਸਨ। ਘਰੋਗੀ ਵਾਤਾਵਰਨ ਧਾਰਮਿਕ ਰੰਗਤ ਵਾਲਾ ਸੀ, ਇਸ ਲਈ ਬਚਪਨ ਤੋਂ ਹੀ ਇਨ੍ਹਾਂ ਦੀ ਰੁਚੀ ਗ੍ਰੰਥਾਂ ਦੇ ਅਧਿਐਨ 'ਚ ਰਹੀ। ਇਨ੍ਹਾਂ ਦੇ ਇਸੇ ਸ਼ੌਕ ਨੂੰ ਦੇਖਦਿਆਂ ਮਾਤਾ-ਪਿਤਾ ਵਲੋਂ ਇਨ੍ਹਾਂ ਨੂੰ ਪੜ੍ਹਾਈ ਲਈ ਅਨੁਕੂਲ ਵਾਤਾਵਰਨ ਮੁਹੱਈਆ ਕਰਵਾਇਆ ਗਿਆ। 8ਵੀਂ ਤੱਕ ਦੀ ਪੜ੍ਹਾਈ ਇਨ੍ਹਾਂ ਨੇ ਪਿੰਡ ਤੇ ਸਕੂਲ ਤੋਂ ਹੀ ਕੀਤੀ ਅਤੇ ਮੈਟ੍ਰਿਕ ਦਾ ਇਮਤਿਹਾਨ 'ਸੰਤ ਸਿੰਘ ਖ਼ਾਲਸਾ ਹਾਈ ਸਕੂਲ' ਚੱਕਵਾਲ ਵਿਖੇ ਦਿੱਤਾ। ਇਸ ਤੋਂ ਬਾਅਦ 1940 'ਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। 1941 'ਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਇੰਟਰ ਮਿਡੀਏਟ ਪਾਸ ਕਰ ਕੇ ਆਪਣੀ ਯੋਗਤਾ ਦੇ ਆਧਾਰ 'ਤੇ 'ਧੰਨ ਪੋਠੋਹਾਰ ਕਾਲਜ' ਚੱਕਵਾਲ ਵਿਖੇ ਅਧਿਆਪਕ ਨਿਯੁਕਤ ਕਰ ਲਏ ਗਏ। ਇਸੇ ਦੌਰਾਨ ਇਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ 1943 'ਚ ਪ੍ਰਾਈਵੇਟ ਤੌਰ 'ਤੇ ਬੀ.ਏ. ਪਾਸ ਕਰ ਲਈ। ਇਸ ਤੋਂ ਜਲਦੀ ਹੀ ਬਾਅਦ ਇਨ੍ਹਾਂ ਨੇ ਨੌਕਰੀ ਤੋਂ ਅਸਤੀਫ਼ਾ ਦੇ ਕੇ ਦੁਬਾਰਾ ਫਿਰ ਤੋਂ ਪੜ੍ਹਾਈ ਸ਼ੁਰੂ ਕਰ ਦਿੱਤੀ। ਡੀ.ਏ.ਵੀ. ਕਾਲਜ ਲਾਹੌਰ ਵਿਖੇ ਐਮ.ਏ. ਅੰਗਰੇਜ਼ੀ 'ਚ ਦਾਖਲਾ ਲੈ ਕੇ 1947 'ਚ ਚੰਗੇ ਨੰਬਰਾਂ ਨਾਲ ਇਹ ਪ੍ਰੀਖਿਆ ਪਾਸ ਕਰ ਲਈ।

1947 'ਚ ਦੇਸ਼ ਵੰਡ ਕਾਰਨ ਇਨ੍ਹਾਂ ਨੂੰ ਵੀ ਆਪਣੇ ਪਰਿਵਾਰ ਨਾਲ ਪਾਕਿਸਤਾਨ ਤੋਂ ਭਾਰਤ ਵੱਲ ਹਿਜਰਤ ਕਰਨੀ ਪਈ। ਇਸ ਦੁਖਦਾਈ ਸਮੇਂ ਪਾਕਿਸਤਾਨ ਤੋਂ ਭਾਰਤ ਆਉਂਦਿਆਂ ਰਸਤੇ 'ਚ ਹੀ ਇਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਘਰ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਆਪ ਦੇ ਮੋਢਿਆਂ 'ਤੇ ਆ ਪਈ। ਇੱਧਰ ਆ ਕੇ ਇਨ੍ਹਾਂ ਦਾ ਪਰਿਵਾਰ ਪਟਿਆਲਾ ਵਿਖੇ ਰਹਿਣ ਲੱਗ ਪਿਆ। ਇੱਥੇ ਹੀ 1948 'ਚ ਇਨ੍ਹਾਂ ਦਾ ਵਿਆਹ ਬੀਬੀ ਸ਼ਰਨ ਕੌਰ ਨਾਲ ਹੋਇਆ ਅਤੇ ਆਪ ਦੇ ਘਰ ਦੋ ਪੁੱਤਰਾਂ ਅਤੇ ਇਕ ਪੁੱਤਰੀ ਨੇ ਜਨਮ ਲਿਆ। 1948 'ਚ ਆਪ ਸ਼ਿਮਲਾ ਵਿਖੇ ਸਿਵਲ ਸਪਲਾਈ ਮਹਿਕਮੇ 'ਚ ਲੇਖਾ-ਨਿਰੀਖਕ ਦੇ ਪਦ 'ਤੇ ਨੌਕਰੀ ਕਰਨ ਲੱਗੇ, ਪਰ ਸ਼ੁਰੂ ਤੋਂ ਹੀ ਰੁਚੀ ਅਧਿਐਨ ਤੇ ਅਧਿਆਪਨ ਦੇ ਕਾਰਜ 'ਚ ਸੀ, ਇਸ ਲਈ ਸਿਰਫ਼ ਦੋ ਸਾਲ ਬਾਅਦ ਹੀ ਇਨ੍ਹਾਂ ਨੇ ਇਹ ਨੌਕਰੀ ਵੀ ਤਿਆਗ ਦਿੱਤੀ ਅਤੇ ਫਗਵਾੜਾ ਦੇ ਰਾਮਗੜ੍ਹੀਆ ਕਾਲਜ 'ਚ ਅੰਗਰੇਜ਼ੀ ਦੇ ਲੈਕਚਰਾਰ ਵਜੋਂ ਕਾਰਜਸ਼ੀਲ ਹੋ ਗਏ। ਅਧਿਆਪਨ ਦੇ ਨਾਲ-ਨਾਲ ਇਨ੍ਹਾਂ ਨੇ ਇੱਥੋਂ ਹੀ ਐੱਮ.ਏ. ਪੰਜਾਬੀ ਪਹਿਲੇ ਦਰਜੇ 'ਚ ਪਾਸ ਕਰ ਲਈ। 1952 'ਚ ਇਨ੍ਹਾਂ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪ੍ਰੋਫ਼ੈਸਰ ਧਰਮ ਅਧਿਐਨ ਵਜੋਂ ਨਿਯੁਕਤ ਕਰ ਲਿਆ ਗਿਆ। 1952 ਤੋਂ 1966 ਤੱਕ ਇਨ੍ਹਾਂ ਨੇ ਇਸੇ ਕਾਲਜ 'ਚ ਅਧਿਆਪਨ ਕਾਰਜ ਕਰਦਿਆਂ ਹੋਇਆਂ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਬਹੁਤ ਸਾਰਾ ਖੋਜ ਕਾਰਜ ਕੀਤਾ, ਜੋ ਕਿ ਸਮੇਂ-ਸਮੇਂ ਪ੍ਰਸਿੱਧ ਪੱਤਰ ਪੱਤ੍ਰਿਕਾਵਾਂ 'ਗੁਰਮਤਿ ਪ੍ਰਕਾਸ਼', 'ਖ਼ਾਲਸਾ ਐਡਵੋਕੇਟ' ਆਦਿ



'ਚ ਪ੍ਰਕਾਸ਼ਿਤ ਹੁੰਦਾ ਰਿਹਾ। ਇਸੇ ਦੌਰਾਨ 1951 ਤੋਂ 1959 ਤੱਕ ਆਪ ਜੀ 'ਇਸਟੀਚਿਊਟ ਆਫ਼ ਓਰੀਐਂਟਲ ਫਿਲਾਸਫੀ' ਵਰਿੰਦਾਵਨ ਵਿਖੇ ਸਿੱਖ ਫਿਲਾਸਫੀ ਅਤੇ ਸਿੱਖ ਸੱਭਿਆਚਾਰ ਦੇ ਰਿਸਰਚ ਗਾਇਡ ਬਣ ਕੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਦੀ ਉਪਰੋਕਤ ਵਿਸ਼ੇ 'ਚ ਅਗਵਾਈ ਕਰਦੇ ਰਹੇ। ਇੱਥੇ ਰਹਿੰਦਿਆਂ ਹੀ ਇਨ੍ਹਾਂ ਨੇ ਆਪਣਾ ਪੀ.ਐੱਚ.ਡੀ. ਪੱਧਰ ਦਾ ਖੋਜ

**ਸਵਰਨਦੀਪ ਸਿੰਘ ਨੂਰ**

ਕਾਰਜ ਵੀ ਸੰਪੂਰਨ ਕਰ ਲਿਆ ਅਤੇ 1959 'ਚ ਪੰਜਾਬ ਯੂਨੀਵਰਸਿਟੀ ਦੀ ਤਰਫੋਂ ਡਾਕਟ ?ਰੇਟ ਦੀ ਡਿਗਰੀ ਹਾਸਿਲ ਕੀਤੀ। 1964 ਤੋਂ 1966 ਤੱਕ ਦੋ ਸਾਲ 'ਸ਼ਹੀਦ ਸਿੱਖ ਮਿਸ਼ਨਰੀ' ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਦਾ ਚਾਰਜ ਵੀ ਆਪ ਕੋਲ ਰਿਹਾ।

1966 ਈ. 'ਚ ਆਪ ਜੀ ਨੂੰ ਕਾਬਲੀਅਤ ਅਤੇ ਤਜਰਬੇ ਦੇ ਆਧਾਰ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ' ਦਾ ਮੁਖੀ ਨਿਯੁਕਤ ਕੀਤਾ ਗਿਆ। ਇਸ ਅਹੁਦੇ 'ਤੇ ਰਹਿੰਦਿਆਂ ਇਨ੍ਹਾਂ ਨੇ ਵਿਭਾਗੀ ਕਾਰਜ ਨੂੰ ਬੜੀ ਹੀ ਸੁਹਿਰਦਤਾ ਅਤੇ ਦਿਲਚਸਪੀ ਨਾਲ ਨਿਭਾਇਆ ਅਤੇ ਜੀਵਨ ਦੇ ਅੰਤਲੇ ਸਮੇਂ ਤੱਕ ਇਸੇ ਪਦ ਦਾ ਮਾਣ ਤੇ ਗੌਰਵ ਬਣੇ ਰਹੇ। ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਇਨ੍ਹਾਂ ਨੇ ਕਈ ਵਿਦੇਸ਼ ਫੇਰੀਆਂ ਵੀ ਕੀਤੀਆਂ। 1955 'ਚ ਮਲਾਇਆ ਤੇ 1974 'ਚ ਈਰਾਨ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਨ੍ਹਾਂ ਨੂੰ 1978 'ਚ 'ਆਲ ਵਰਲਡ ਰਿਲੀਜਨ ਕਾਨਫਰੰਸ' 'ਚ ਭਾਗ ਲੈਣ ਲਈ ਰੂਸ ਭੇਜਿਆ ਗਿਆ।

ਡਾ. ਤਾਰਨ ਸਿੰਘ ਨੇ ਗੁਰਬਾਣੀ ਵਿਆਖਿਆ, ਸਿੱਖ ਧਰਮ, ਸਿੱਖ ਦਰਸ਼ਨ ਅਤੇ ਸਿੱਖ ਇਤਿਹਾਸ ਸੰਬੰਧੀ 35 ਦੇ ਕਰੀਬ ਪੁਸਤਕਾਂ ਦੀ ਰਚਨਾ ਕਰ ਕੇ ਸਿੱਖ ਸਾਹਿਤ ਦੇ ਖ਼ੇਤਰ 'ਚ ਨਿੱਗਰ ਯੋਗਦਾਨ ਦਿੱਤਾ ਹੈ। ਗੁਰਬਾਣੀ ਸੰਬੰਧੀ ਇਨ੍ਹਾਂ ਦੀਆਂ ਪੁਸਤਕਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ' ਅਤੇ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ। ਗੁਰਬਾਣੀ ਵਿਚਲੇ ਸੰਕਲਪਾਂ, ਰਮਜ਼ਾਂ ਅਤੇ ਸੰਕੇਤਾਂ ਦੇ ਭੇਦ ਖੋਲ੍ਹਦੀਆਂ ਇਨ੍ਹਾਂ ਦੁਆਰਾ ਰਚਿਤ ਪੁਸਤਕਾਂ 'ਸਿੱਖ ਧਰਮ ਦੇ ਰਹਿਸ ਤੇ ਰਮਜ਼', 'ਨੇਮ ਤੇ ਪ੍ਰੇਮ', 'ਭਗਤੀ ਤੇ ਸ਼ਕਤੀ' ਸਲਾਹੁਣਯੋਗ ਹਨ। ਭਾਰਤੀ ਦਰਸ਼ਨ ਤੇ ਧਰਮ ਅਧਿਐਨ ਸੰਬੰਧੀ ਇਨ੍ਹਾਂ ਦੀ ਇਕ ਪੁਸਤਕ 'ਧਰਮ ਦੀ ਉੱਤਪਤੀ ਤੇ ਵਿਕਾਸ' (ਅਨੁਵਾਦਿਤ) ਅਕਾਦਮਿਕ ਹਲਕਿਆਂ 'ਚ ਲਗਾਤਾਰ ਪੜ੍ਹੀ ਜਾ ਰਹੀ ਹੈ। ਇਨ੍ਹਾਂ ਨੇ ਪੰਜਾਬੀ ਸਾਹਿਤ ਅਤੇ ਲੋਕ ਸਾਹਿਤ 'ਚ ਵੀ ਜ਼ਿਕਰਯੋਗ ਕਾਰਜ ਕੀਤਾ ਹੈ। 'ਪੰਜਾਬੀ ਮੁਹਾਵਰਾ ਕੋਸ਼', 'ਪੰਜਾਬੀ ਸਾਹਿਤ ਦੇ ਮੁਢਲੇ ਸੋਮੇ', 'ਪੰਜਾਬੀ ਸਾਹਿਤ ਤੇ ਸਾਹਿਤਕਾਰ' ਆਪ ਦੀਆਂ ਪ੍ਰਮੁੱਖ ਪੁਸਤਕਾਂ ਹਨ। ਇਸ ਤੋਂ ਇਲਾਵਾ ਪ੍ਰਮੁੱਖ ਬਾਣੀਆਂ ਦੀ ਵਿਆਖਿਆ, ਗੁਰੂ ਸਾਹਿਬਾਨ ਅਤੇ ਭਗਤਾਂ ਦਾ ਜੀਵਨ, ਦਸਮ ਗ੍ਰੰਥ ਅਤੇ ਸੰਪਾਦਿਤ ਰਚਨਾਵਾਂ ਆਦਿ ਤਿੰਨ ਦਰਜਨ ਦੇ ਕਰੀਬ ਪੁਸਤਕਾਂ ਹਨ।

ਡਾ. ਤਾਰਨ ਸਿੰਘ ਦੀ ਪੁਸਤਕ 'ਗੁਰੂ ਨਾਨਕ ਬਾਣੀ : ਚਿੰਤਨ ਤੇ ਕਲਾ' ਨੂੰ ਜਿੱਥੇ ਭਾਸ਼ਾ ਵਿਭਾਗ ਪੰਜਾਬ ਵਲੋਂ 1962-62 ਦੀ ਸਰਵ-ਸ਼੍ਰੇਸ਼ਟ ਪੁਸਤਕ ਹੋਣ ਦਾ ਮਾਣ ਦਿੱਤਾ ਗਿਆ, ਉੱਥੇ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਵੀ ਇਸ ਪੁਸਤਕ ਨੂੰ ਉੱਤਮ ਪੁਸਤਕ ਹੋਣ ਦਾ ਪ੍ਰਮਾਣ ਪੱਤਰ ਅਤੇ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਨ੍ਹਾਂ ਦੀਆਂ ਹੋਰ ਅਨੇਕਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਸਿੱਖ ਸੰਸਥਾਵਾਂ ਵਲੋਂ ਸਰਵੋਤਮ ਕਿਰਤਾਂ ਹੋਣ ਦਾ ਮਾਣ ਮਿਲ ਚੁੱਕਾ ਹੈ। ਅਨੇਕਾਂ ਸੰਸਥਾਵਾਂ ਅਤੇ ਵਿੱਦਿਅਕ ਅਦਾਰਿਆਂ ਵਲੋਂ ਆਪ ਦੀ ਸਿੱਖ ਗੁਰਬਾਣੀ, ਚਿੰਤਨ, ਦਰਸ਼ਨ, ਇਤਿਹਾਸ ਅਤੇ ਸਾਹਿਤ ਦੇ ਖੇਤਰ 'ਚ ਪਾਏ ਵਡਮੁੱਲੇ ਯੋਗਦਾਨ ਸਦਕਾ ਆਪ ਜੀ ਨੂੰ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ। 30 ਜਨਵਰੀ 1981 ਨੂੰ ਆਪ ਸਦੀਵੀ ਵਿਛੋੜਾ ਦੇ ਗਏ ਸਨ। ਨਿਰਸੰਦੇਹ ਆਪ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ।

# ਭਾਰਤੀ ਮੂਲ ਦੀ ਨਾਰੀ ਅਮਰੀਕਾ ਵਿੱਚ ਸਰਦਾਰੀ : ਤੁਲਸੀ ਗਵਾਰਡ

ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072
ujagarsingh48@yahoo.com



ਭਾਰਤ ਵਿੱਚ ਇਸਤਰੀਆਂ ਨੇ ਸਿਆਸਤ ਵਿੱਚ ਨਾਮਣਾ ਖੱਟਿਆ ਹੈ, ਆਜ਼ਾਦੀ ਦੇ ਸੰਗਰਾਮ ਤੋਂ ਸ਼ੁਰੂ ਕਰਕੇ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਦੇਸ਼ ਦੇ ਵਿਕਾਸ ਵਿੱਚ ਵੀ ਇਸਤਰੀਆਂ ਨੇ ਵੱਡਮੁਲਾ ਯੋਗਦਾਨ ਪਾਇਆ ਹੈ। ਦੇਸ਼ ਵਿੱਚ ਨਾਮ ਚਮਕਾਉਣ ਤੋਂ ਬਾਅਦ ਹੁਣ ਭਾਰਤੀ ਮੂਲ ਦੀਆਂ ਇਸਤਰੀਆਂ ਨੇ ਸੰਸਾਰ ਵਿੱਚ ਉਚ ਅਹੁਦਿਆਂ ਤੱਕ ਪਹੁੰਚਕੇ ਭਾਰਤ ਦਾ ਮਾਣ ਵਧਾਇਆ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਭਾਰਤੀ ਮੂਲ ਦੀ ਤੁਲਸੀ ਗਵਾਰਡ ਨੂੰ ਅਮਰੀਕਾ ਦੇ ਸਭ ਤੋਂ ਮਹੱਤਵਪੂਰਨ ਅਹੁਦੇ 'ਡਾਇਰੈਕਟਰ ਨੈਸ਼ਨਲ ਇੰਟੈਲੀਜੈਂਸ' 'ਤੇ ਨਿਯੁਕਤ ਕੀਤਾ ਹੈ। ਸੈਨੇਟ ਨੇ ਵੀ ਉਸਦੀ ਨਿਯੁਕਤੀ ਦੀ ਮਨਜ਼ੂਰੀ ਦੇ ਦਿੱਤੀ ਹੈ। ਤੁਲਸੀ ਗਵਾਰਡ ਦੀ ਨਾਮਜ਼ਦਗੀ ਦੀ ਸੈਨਟ ਤੋਂ ਪ੍ਰਵਾਨਗੀ ਲੈਣ ਦੀ ਪ੍ਰਕ੍ਰਿਆ ਬੇਹੱਦ ਔਖੀ ਸੀ, ਕਿਉਂਕਿ ਰਿਪਬਲਿਕਨ ਪਾਰਟੀ ਦੇ ਕੁਝ ਸੈਨੇਟਰ ਵੀ ਉਸਦੀ ਨਿਯੁਕਤੀ 'ਤੇ ਕਿੰਤੂ ਪ੍ਰੰਤੂ ਕਰਦੇ ਸਨ। ਅਮਰੀਕਾ ਦੇ ਸੈਨੇਟਰਾਂ ਨੂੰ ਉਸਨੇ ਬੇਬਾਕੀ ਨਾਲ ਸਵਾਲਾਂ ਦੇ ਜਵਾਬ ਦਿੱਤੇ ਹਨ। ਡੌਨਾਲਡ ਟਰੰਪ ਦੀ ਨਿਗਾਹ ਵਿੱਚ ਉਸਦੀ ਦੀ ਫ਼ੌਜੀ ਵਿਰਾਸਤ ਤੇ ਨਿਡਰ ਜ਼ਜ਼ਬਾ ਬਾਕਮਾਲ ਹੈ, ਜਿਸ ਕਰਕੇ ਉਸਦੀ ਅਜਿਹੇ ਸੰਵੇਦਨਸ਼ੀਲ ਕਾਰਜ਼ ਲਈ ਚੋਣ ਕੀਤੀ ਗਈ ਹੈ। ਤੁਲਸੀ ਗਵਾਰਡ ਨੇ ਸੈਨਟ ਦੀ ਪ੍ਰਵਾਨਗੀ ਤੋਂ ਬਾਅਦ 12 ਫ਼ਰਵਰੀ 2025 ਨੂੰ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮਹੱਤਵਪੂਰਨ ਅਹੁਦੇ 'ਤੇ ਰਹਿੰਦਿਆਂ ਉਹ ਅਮਰੀਕਾ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਮੁੱਖੀ ਦੇ ਤੌਰ 'ਤੇ ਫ਼ਰਜ਼ ਨਿਭਾਉਣਗੇ। ਉਹ 18 ਖ਼ੁਫ਼ੀਆ ਏਜੰਸੀਆਂ ਦੀ ਨਿਗਰਾਨੀ ਕਰਨਗੇ ਜਿਨ੍ਹਾਂ ਵਿੱਚ ਸੀ.ਆਈ.ਏ., ਐਫ਼ ਬੀ.ਆਈ. ਅਤੇ ਨੈਸ਼ਨਲ ਸਕਿਉਰਿਟੀ ਏਜੰਸੀ ਅਤਿਅੰਤ ਮਹੱਤਵਪੂਰਨ ਹਨ। ਉਹ 70 ਆਰਬ ਡਾਲਰ ਤੋਂ ਵੱਧ ਦੇ ਬਜਟ ਨੂੰ ਵੀ ਸੰਭਾਲੇਗੀ। ਅਮਰੀਕਾ ਵਿੱਚ ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਉਹ ਪਹਿਲੀ ਇਸਤਰੀ ਹੈ। ਭਾਰਤੀ ਮੂਲ ਦੀ ਵੀ ਤੁਲਸੀ ਗਵਾਰਡ ਇਸ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਇਸਤਰੀ ਹੈ। 43 ਸਾਲ ਦੀ ਇਤਨੀ ਛੋਟੀ ਉਮਰ ਵਿੱਚ ਵੱਡੀ ਜ਼ਿੰਮੇਵਾਰੀ ਮਿਲਣਾ ਉਸਦੀ ਕਾਬਲੀਅਤ ਦਾ ਪ੍ਰਤੀਕ ਹੈ। ਭਾਰਤ ਵਿੱਚ ਵੀ ਅਜੇ ਤੱਕ ਸੁਰੱਖਿਆ ਵਰਗੇ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਅਹੁਦੇ 'ਤੇ ਕੋਈ ਇਸਤਰੀ ਨਹੀਂ ਪਹੁੰਚ ਸਕੀ। ਤੁਲਸੀ ਗਵਾਰਡ ਦਲੇਰ, ਬਹਾਦਰ, ਬੇਬਾਕ ਅਤੇ ਦਬੰਗ ਸਿਆਸਤਦਾਨ ਹੈ। ਉਹ ਅੰਤਰਰਾਸ਼ਟਰੀ ਮਾਮਲਿਆਂ 'ਤੇ ਵੀ ਖੁਲ੍ਹਕੇ ਟਿੱਪਣੀਆਂ ਕਰਨ ਕਰਕੇ ਜਾਣੀ ਜਾਂਦੀ ਹੈ। ਮਨੁੱਖੀ ਹੱਕਾਂ ਦੀ ਹਮਾਇਤ ਕਰਨ ਵਾਲੀ ਤੁਲਸੀ ਗਵਾਰਡ ਬਰਾਬਰਤਾ ਅਤੇ ਬੋਲਣ ਦੀ ਆਜ਼ਾਦੀ ਵਰਗੇ ਵਿਸ਼ਿਆਂ 'ਤੇ ਨਿਧੱੜਕ ਹੋ ਕੇ ਖੁਲ੍ਹਕੇ ਬੇਬਾਕੀ ਨਾਲ ਬੋਲਣ ਵਾਲੀ ਸਿਆਸਤਦਾਨ ਦੇ ਤੌਰ 'ਤੇ ਜਾਣੀ ਜਾਂਦੀ ਹੈ। ਰਿਪਬਲਿਕਨ ਪਾਰਟੀ ਦੇ ਸੈਨੇਟਰ ਵੀ ਤੁਲਸੀ ਗਵਾਰਡ ਦੇ ਇਸ ਅਹੁਦੇ 'ਤੇ ਨਿਯੁਕਤ ਹੋਣ 'ਤੇ ਹੈਰਾਨ ਤੇ ਪ੍ਰੇਸ਼ਾਨ ਹਨ, ਕਿਉਂਕਿ ਵ੍ਹਿਸਲਬਲੋਅਰ ਐਡਵਰਡ ਸਨੋਡਨ ਬਾਰੇ ਉਸ ਦੀਆਂ ਕੀਤੀਆਂ ਟਿੱਪਣੀਆਂ, ਸਰਕਾਰ ਦੇ ਨਿਗਰਾਨੀ ਅਥਾਰਟੀ ਬਾਰੇ ਉਸ ਦੇ ਵਿਚਾਰਾਂ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਸੀਰੀਆ ਦੇ ਤਾਨਾਸ਼ਾਹ ਬਸ਼ਰ ਅਲ-ਅਸਦ ਨਾਲ ਉਸਦੇ ਸੰਬੰਧਾਂ ਤੇ ਰੀਪਬਲਿਕਨਾਂ ਨੂੰ ਗਹਿਰਾ ਇਤਰਾਜ਼ ਸੀ। ਉਹ ਇੱਕ ਦ੍ਰਿੜ੍ਹ ਇਰਾਦੇ ਵਾਲੀ ਸਟਰੌਂਗ ਔਰਤ ਸਿਆਸਤਦਾਨ ਹੈ।

2004 ਵਿੱਚ ਉਸਦੀ ਨੈਸ਼ਨਲ ਗਾਰਡ ਯੂਨਿਟ ਦੀ ਇਰਾਕ ਵਿੱਚ ਤਾਇਨਤੀ ਹੋ ਗਈ ਜਿਥੇ ਉਹ 2005 ਤੱਕ ਉਥੇ ਰਹੀ। 2007 ਵਿੱਚ ਉਸਨੇ ਆਰਮੀ ਦੀ ਟ੍ਰੇਨਿੰਗ ਅਲਬਾਮਾ ਮਿਲਟਰੀ ਅਕਾਦਮੀ ਤੋਂ ਪ੍ਰਾਪਤ ਕੀਤੀ। 2008 ਵਿੱਚ ਉਹ ਕੁਵੈਤ ਵਿਖੇ ਬਤੌਰ ਆਰਮੀ ਮਿਲਟਰੀ ਪੋਲੀਸ ਆਫ਼ੀਸਰ ਗਈ। ਤੁਲਸੀ ਗਵਾਰਡ ਦਾ ਪਿਛੋਕੜ ਆਰਮੀ ਦਾ ਹੋਣ ਕਰਕੇ ਅਮਰੀਕਾ ਵਿੱਚ 9/11 ਦੇ ਹੋਏ ਹਮਲੇ ਨੇ ਉਸਦੇ ਦਿਲ ਨੂੰ ਵੱਡੀ ਸੱਟ ਮਾਰੀ ਸੀ। 2015 ਵਿੱਚ ਹਵਾਈ ਆਰਮੀ ਨੈਸ਼ਨਲ ਗਾਰਡ ਵਿੱਚ ਉਸਦੀ ਤਰੱਕੀ ਮੇਜਰ ਦੀ ਹੋ ਗਈ। 2020 ਵਿੱਚ ਉਸਦੀ ਬਦਲੀ ਯੂਨਾਈਟਡ ਸਟੇਟ ਆਰਮੀ ਰਿਜ਼ਰਵ ਵਿੱਚ ਹੋ ਗਈ। ਉਥੇ ਹੀ ਉਸਦੀ ਤਰੱਕੀ ਲੈਫ਼ਟੀਨੈਂਟ ਕਰਨਲ ਦੀ ਤਰੱਕੀ ਹੋ ਗਈ। ਉਹ ਪਲਾਟੂਨ ਲੀਡਰ ਵਜੋਂ ਮੱਧ ਪੂਰਵ ਵਿੱਚ ਤਾਇਨਾਤ ਰਹੀ ਹੈ। ਉਹ ਇਰਾਕ ਵਿੱਚ ਇੱਕ ਮੈਡੀਕਲ ਯੂਨਿਟ ਵਿੱਚ ਸੇਵਾ ਕਰਨ ਵਾਲੀ ਇੱਕ ਸਾਬਕਾ ਫ਼ੌਜੀ ਹੈ, ਜਿਸਨੇ ਆਪਣੇ ਸਿਆਸੀ ਕੈਰੀਅਰ ਵਿੱਚ ਕਈ ਕਰਵਟਾਂ ਲਈਆਂ। ਉਸਨੇ 2006 ਵਿੱਚ ਸੈਨੇਟਰ ਵੈਟਰਨ ਅਫ਼ੇਅਰ ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਸੈਨੇਟਰ ਡੇਨੀਅਲ ਅਕਾਕਾ ਲਈ ਇੱਕ ਵਿਧਾਨਿਕ ਸਹਾਇਕ ਵਜੋਂ ਕੰਮ ਕਰਦਿਆਂ ਸ਼ੁਰੂ ਕੀਤਾ ਸੀ।

ਤੁਲਸੀ ਗਵਾਰਡ ਪਹਿਲੀ ਵਾਰ 2002 ਵਿੱਚ ਮਹਿਜ 21 ਸਾਲ ਦੀ ਉਮਰ ਵਿੱਚ ਹਵਾਈ ਹਾਊਸ ਆਫ਼ ਰਿਪ੍ਰਜੈਂਟੇਟਿਵ (ਪ੍ਰਤੀਨਿਧੀ ਸਭਾ) ਲਈ ਚੁਣੀ ਗਈ ਸੀ। ਉਹ 2013 ਤੋਂ 2021 ਤੱਕ ਹਵਾਈ ਦੇ ਦੂਜੇ ਜ਼ਿਲ੍ਹੇ ਦੀ ਕਾਂਗਰਸ ਮੈਂਬਰ ਰਹੀ ਹੈ। 2012 ਵਿੱਚ ਪ੍ਰਤੀਨਿਧੀ ਸਭਾ ਦੀ ਮੈਂਬਰ ਹੋਣ ਸਮੇਂ ਉਹ ਹਾਊਸ ਦੀਆਂ ਕਈਆਂ ਮਹੱਤਵਪੂਰਨ ਕਮੇਟੀਆਂ ਜਿਨ੍ਹਾਂ ਵਿੱਚ ਹਾਊਸ ਆਰਮਡ ਸਰਵਿਸ ਕਮੇਟੀ, ਹਾਊਸ ਫਾਰਨ ਅਫ਼ੇਅਰਜ਼ ਕਮੇਟੀ ਅਤੇ ਹਾਊਸ ਆਰਮਡ ਸਰਵਿਸ ਸਬ ਕਮੇਟੀ ਆਨ ਇੰਟੈਲੀਜੈਂਸ ਦੀ ਮੈਂਬਰ ਰਹੀ। ਉਸ ਸਮੇਂ ਦੌਰਾਨ ਕਈ ਲੋਕ ਹਿਤਾਂ ਦੇ ਮਸਲੇ ਪ੍ਰੀਤਨਿਧੀ ਸਭਾ ਵਿੱਚ ਉਠਾਏ। ਤੁਲਸੀ ਗਵਾਡ ਦੀਆਂ ਵਿਲੱਖਣ ਸੇਵਾਵਾਂ ਕਰਕੇ ਉਸਨੂੰ ਕਈ ਮਾਨ ਸਨਮਾਨ ਮਿਲੇ ਜਿਨ੍ਹਾਂ ਵਿੱਚ ਕੁਝ ਮਹੱਤਵਪੂਰਨ ਸਨਮਾਨ, ਕੰਬਾਟ ਮੈਡੀਕਲ ਬੈਜ, ਮੈਰੀਟਸਰੀਅਸ ਸਰਵਿਸ ਮੈਡਲ ਅਤੇ ਜਰਮਨ ਆਰਮਡ ਫ਼ੋਰਸਜ਼ ਬੈਜ ਫਾਰ ਮਿਲਟਰੀ ਪ੍ਰਾਫ਼ੀਸੈਂਸੀ ਇਨ ਗੋਲਡ ਆਦਿ ਹਨ।

ਉਹ ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਹੈ, ਜੋ ਚਾਰ ਵਾਰ ਵਿਮੈਨ ਕਾਂਗਰਸ ਰਹੀ ਹੈ। ਪਹਿਲੀ ਵਾਰ ਇਹ ਭੂਮਿਕਾ ਇੱਕ ਹਿੰਦੂ ਔਰਤ ਨਿਭਾ ਰਹੀ ਸੀ। ਉਹ ਡੈਮੋਕਰੈਟਿਕ ਪਾਰਟੀ ਦੀ ਸਿਆਸਤ ਵਿੱਚ ਬਹੁਤ ਸਰਗਰਮ ਰਹੀ ਹੈ। ਉਸਨੇ 2020 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਨਾਮਜ਼ਦਗੀ ਡੈਮੋਕਰੈਟਿਕ ਪਾਰਟੀ ਵੱਲੋਂ ਦਾਖ਼ਲ ਕੀਤੀ ਸੀ। ਉਸਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸੰਭਾਲ, ਮੁਫ਼ਤ ਕਾਲਜ ਟਿਊਸ਼ਨ ਅਤੇ ਹਥਿਆਰ ਨਿਯੰਤਰਣ ਵਰਗੇ ਉਦਾਰਵਾਦੀ ਮੁੱਦਿਆਂ ਦੀ ਹਿਮਾਇਤ ਕੀਤੀ ਸੀ। ਇਹ ਮੁੱਦੇ ਉਸਨੇ ਡੈਮੋਕਰੈਟਿਕ ਰਾਸ਼ਟਰਪਤੀ ਉਮੀਦਵਾਰ ਦੀ ਨਾਮਜ਼ਦਗੀ ਸਮੇਂ ਕੀਤੇ ਸਨ। ਉਦੋਂ ਰੂਸੀ ਮੀਡੀਆ ਵੱਲੋਂ ਉਸਦੀ ਚੋਣ ਮੁਹਿੰਮ ਦਾ ਪ੍ਰਚਾਰ ਕਰਨ ਕਰਕੇ ਅਤੇ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਵੱਲੋਂ ਕਥਿਤ ਸਮਰਥਨ ਹਾਸਲ ਕਰਨ ਲਈ ਵੀ ਉਸਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਬਸ਼ਰ ਅਲ-ਅਸਦ ਨੂੰ ਰੂਸੀ ਸਹਿਯੋਗੀ ਕਿਹਾ ਜਾਂਦਾ ਹੈ। ਡੈਮੋਕਰੈਟਿਕ ਪਾਰਟੀ ਵੱਲੋਂ ਸਪੋਰਟ ਨਾ ਮਿਲਣ ਤੋਂ ਬਾਅਦ ਉਹ ਰਾਸ਼ਟਰਪਤੀ ਦੀ ਉਮੀਦਵਾਰੀ 'ਚੋਂ ਬਾਹਰ ਹੋ ਗਈ ਸੀ। ਫਿਰ ਉਸਨੇ ਜੋ ਬਾਇਡਨ ਦੀ ਸਪੋਰਟ ਕਰ ਦਿੱਤੀ ਸੀ। ਸਾਲ 2022 ਵਿੱਚ ਉਹ ਡੈਮੋਕਰੈਟਿਕ ਪਾਰਟੀ ਤੋਂ ਅਸਤੀਫ਼ਾ ਦੇ ਕੇ ਇੱਕ ਆਜ਼ਾਦ ਸਿਆਸੀ ਅਗੂ ਵਜੋਂ ਰਜਿਸਟਰ ਹੋਈ ਸੀ। ਫਿਰ ਉਹ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਵਿੱਚ ਸ਼ਾਮਲ ਹੋ ਗਈ ਸੀ। ਅਕਤੂਬਰ 2024 ਵਿੱਚ ਉਹ ਫਾਰਮਲ ਤੌਰ 'ਤੇ ਰਿਪਬਲਿਕਨ ਪਾਰਟੀ ਵਿੱਚ ਸ਼ਾਮਲ ਹੋ ਗਈ ਸੀ।

ਤੁਲਸੀ ਗਵਾਰਡ ਦਾ ਜਨਮ ਅਮਰੀਕੀ ਸਮੋਆ ਵਿੱਚ 12 ਅਪ੍ਰੈਲ 1981 ਨੂੰ ਮਾਤਾ ਕਰੋਲ ਪੋਰਟਰ ਗਵਾਰਡ ਤੇ ਪਿਤਾ ਗਰਲਡ ਮਾਈਕ ਲਗਵਾਰਡ (ਮਾਈਕ ਗਵਾਰਡ) ਦੇ ਘਰ ਹੋਇਆ। ਉਹ ਪੰਜ ਭੈਣ ਭਰਾ ਹਨ, ਉਨ੍ਹਾਂ ਦੇ ਨਾਮ ਹਿੰਦੂਆਂ ਵਾਲੇ ਭਕਤੀ, ਜੈ, ਆਰੀਅਨ ਅਤੇ ਵਰਿੰਦਾਵਨ ਹਨ। ਉਹ ਦੋ ਸਾਲ ਦੀ ਸੀ, ਜਦੋਂ ਉਸਦੇ ਮਾਪੇ ਹਵਾਈ ਆ ਗਏ। ਉਸਦਾ ਪਾਲਣ ਪੋਸ਼ਣ ਬਹੁ ਭਾਸ਼ੀ ਸਭਿਆਚਾਰ ਵਿੱਚ ਹਵਾਈ ਵਿਖੇ ਹੋਇਆ ਪ੍ਰੰਤੂ ਉਸਨੇ ਆਪਣਾ ਬਚਪਨ ਫਿਲਪੀਨ ਵਿੱਚ ਬਿਤਾਇਆ। ਉਸਦੀ ਮਾਂ ਜਰਮਨ ਤੇ ਯੂਰਪੀਅਨ ਪਿਛੋਕੜ ਵਾਲੀ ਹੈ। ਉਸਦਾ ਪਿਤਾ ਭਾਰਤ ਤੋਂ ਫਿਲਪੀਨ ਗਏ ਸਨ, ਜਿਥੋਂ ਉਹ ਅਮਰੀਕਾ ਆ ਗਏ ਸਨ। ਤੁਲਸੀ ਗਵਾਰਡ ਭਾਰਤੀ ਸਭਿਆਚਾਰ ਨਾਲ ਬਾਵਾਸਤਾ ਹੈ ਕਿਉਂਕਿ ਉਸਦੀ ਮਾਂ ਨੇ ਵੀ ਹਿੰਦੂ ਧਰਮ ਤੁਲਸੀ ਦੇ ਜਨਮ ਤੋਂ ਪਹਿਲਾਂ ਹੀ ਅਪਨਾ ਲਿਆ ਸੀ। ਉਸਨੇ 2013 ਵਿੱਚ ਭਗਵਦ ਗੀਤਾ ਗ੍ਰੰਥ 'ਤੇ ਹੱਥ ਰੱਖਕੇ ਸਹੁੰ ਚੁੱਕੀ ਸੀ। ਉਹ ਧਾਰਮਿਕ ਵਾਤਾਵਰਨ ਵਿੱਚ ਪਲੀ ਹੈ। ਤੁਲਸੀ ਗਵਾਰਡ ਕ੍ਰਿਸ਼ਨ ਭਗਤ ਹੈ, ਜੋ ਭਗਵਦ ਗੀਤਾ ਨੂੰ ਆਪਣਾ ਅਧਿਆਤਮਿਕ ਮਾਰਗ ਦਰਸ਼ਕ ਮੰਨਦੀ ਹੈ। 2014 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਗਏ ਸਨ, ਉਨ੍ਹਾਂ ਨੂੰ ਭਗਵਦ ਗੀਤਾ ਭੇਂਟ ਕੀਤੀ ਸੀ। ਤੁਲਸੀ ਗਵਾਰਡ ਮਾਰਸ਼ਲ ਆਰਟ ਤੇ ਸਪੋਰਟਸ ਲਵਰ, ਯੋਗਾ ਤੇ ਮੈਡੀਟੇਸ਼ਨ ਕਰਦੀ ਹੈ।

2009 ਵਿੱਚ ਉਸਨੇ ਹਵਾਈ ਪੈਸੇਫਿਕ ਯੂਨੀਵਰਸਿਟੀ ਤੋਂ ਆਪਣੀ ਪੜ੍ਹਾਈ ਕੀਤੀ। ਤੁਲਸੀ ਗਵਾਰਡ ਦਾ ਪਹਿਲਾ ਵਿਆਹ 2002 ਵਿੱਚ ਬਚਪਨ ਦੇ ਦੋਸਤ ਐਡੂਰਾਡੋ ਟਮਾਇਓ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸਦੀ ਫ਼ੌਜ ਵਿੱਚ ਪੋਸਟਿੰਗ ਇਰਾਕ ਦੀ ਲੜਾਈ ਵਿੱਚ ਹੋ ਗਈ, ਜਿਥੇ ਪਰਿਵਾਰ ਨਹੀਂ ਰਹਿ ਸਕਦਾ ਸੀ, ਇਸ ਕਰਕੇ 2006 ਵਿੱਚ ਉਸਦਾ ਤਲਾਕ ਹੋ ਗਿਆ। 2015 ਵਿੱਚ ਉਸਦਾ ਦੂਜਾ ਵਿਆਹ ਅਬਰਾਹਿਮ ਵਿਲੀਅਮਜ਼ ਨਾਲ ਹੋ ਗਿਆ। ਉਸਦਾ ਪਤੀ ਫ਼ਿਲਮ ਮੇਕਰ ਹੈ।



# ਪਰਿਵਾਰਾਂ ਨੂੰ ਤਬਾਹ ਕਰਨ ਵਾਲੀ ਲਿਵ-ਇਨ ਰਿਲੇਸ਼ਨਸ਼ਿਪ



ਲਿਵ-ਇਨ ਰਿਲੇਸ਼ਨਸ਼ਿਪ ਜਾਂ 'ਸਹਿਮਤੀ ਸਬੰਧ' ਇਕ ਅਜਿਹੀ ਵਿਵਸਥਾ ਹੈ, ਜਿਸ 'ਚ ਇਸਤਰੀ ਅਤੇ ਮਰਦ ਬਿਨਾਂ ਵਿਆਹ ਕੀਤੇ ਪਤੀ-ਪਤਨੀ ਵਾਂਗ ਰਹਿਣ ਦੇ ਨਾਲ-ਨਾਲ ਆਪਸ 'ਚ ਸਰੀਰਕ ਸਬੰਧ ਵੀ ਬਣਾਉਂਦੇ ਹਨ। ਕਈ ਜੋੜੇ ਤਾਂ ਬੱਚੇ ਵੀ ਪੈਦਾ ਕਰ ਲੈਂਦੇ ਹਨ। ਆਪਸੀ ਸਹਿਮਤੀ ਨਾਲ ਕਾਇਮ ਇਹ ਸਬੰਧ ਪੱਛਮੀ ਦੇਸ਼ਾਂ 'ਚ ਆਮ ਗੱਲ ਹੈ ਅਤੇ ਉਨ੍ਹਾਂ ਦੀ ਦੇਖਾ-ਦੇਖੀ ਭਾਰਤ ਵਰਗੇ ਦੇਸ਼ਾਂ 'ਚ ਵੀ ਇਹ ਬੁਰਾਈ ਫੈਲਣ ਲੱਗੀ ਹੈ।

ਭਾਰਤ 'ਚ 1978 'ਚ ਸੁਪਰੀਮ ਕੋਰਟ ਨੇ ਪਹਿਲੀ ਵਾਰ ਲਿਵ-ਇਨ ਰਿਲੇਸ਼ਨਸ਼ਿਪ ਨੂੰ ਮਾਨਤਾ ਦਿੱਤੀ ਸੀ। ਲਿਵ-ਇਨ ਰਿਲੇਸ਼ਨਸ਼ਿਪ 'ਚ ਤਲਾਕ ਵਰਗੇ ਝੰਜਟ ਦੀ ਨੌਬਤ ਤਾਂ ਨਹੀਂ ਆਉਂਦੀ ਪਰ ਇਸ 'ਚ ਕਿਸੇ ਇਕ ਸਾਥੀ ਵਲੋਂ ਧੋਖਾ ਦੇਣ ਕਾਰਨ ਦੂਜੇ ਸਾਥੀ ਦੀ ਜ਼ਿੰਦਗੀ ਨਰਕ ਜ਼ਰੂਰ ਬਣ ਜਾਂਦੀ ਹੈ।

'ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ' ਨੇ ਵੀ ਕਿਹਾ ਕਿ ਹੈ ਦੇਸ਼ 'ਚ ਪਿਛਲੇ 5 ਸਾਲਾਂ ਦੌਰਾਨ ਪ੍ਰੇਮ, ਅਸਫਲ ਪ੍ਰੇਮ , ਧੋਖਾ ਅਤੇ ਨਾਜਾਇਜ਼ ਸਬੰਧਾਂ ਨੂੰ ਲੈ ਕੇ ਹੋਣ ਵਾਲੀਆਂ ਹੱਤਿਆਵਾਂ 'ਚ ਕਾਫੀ ਵਾਧਾ ਹੋਇਆ ਹੈ, ਜਿਸ ਦੀਆਂ 5 ਮਹੀਨਿਆਂ ਦੀਆਂ ਮਿਸਾਲਾਂ ਹੇਠਾਂ ਦਰਜ ਹਨ:

- 4 ਸਤੰਬਰ, 2024 ਨੂੰ ਬੁਰਹਾਨਪੁਰ (ਮੱਧ ਪ੍ਰਦੇਸ਼) 'ਚ ਇਕ ਔਰਤ ਨਾਲ 6 ਸਾਲ ਤੋਂ ਲਿਵ-ਇਨ 'ਚ ਰਹਿ ਰਹੇ ਇਕ ਸਾਬਕਾ ਫੌਜੀ ਨੂੰ ਉਸ ਦੇ ਪਹਿਲੇ ਪਤੀ ਤੋਂ ਜਨਮੀ 11 ਸਾਲ ਦੀ ਬੇਟੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ।
- 24 ਅਕਤੂਬਰ, 2024 ਨੂੰ ਦਿੱਲੀ ਦੇ 'ਮੁਕੰਦਪੁਰ' 'ਚ ਇਕ ਔਰਤ ਨੇ ਆਪਣੇ ਲਿਵ-ਇਨ ਪਾਰਟਨਰ ਨੂੰ ਡੰਡਿਆਂ ਅਤੇ ਹਥੌੜਿਆਂ ਨਾਲ ਵਾਰ ਕਰ ਕੇ ਮਾਰ ਦਿੱਤਾ। ਦੱਸਿਆ ਜਾਂਦਾ ਹੈ ਕਿ ਇਹ ਔਰਤ ਕਿਸੇ ਦੂਜੇ ਮਰਦ ਦੇ ਸੰਪਰਕ 'ਚ ਆ ਗਈ ਸੀ ਅਤੇ ਹੁਣ ਪਹਿਲਾਂ ਵਾਲੇ ਨੂੰ ਛੱਡ ਕੇ ਨਵੇਂ ਨਾਲ ਰਹਿਣਾ ਚਾਹੁੰਦੀ ਸੀ।
- 24 ਨਵੰਬਰ, 2024 ਨੂੰ ਪੁਣੇ (ਮਹਾਰਾਸ਼ਟਰ) ਦੇ 'ਹਿਜਵੜੀ' 'ਚ ਇਕ 32 ਸਾਲਾ ਸ਼ਾਦੀਸ਼ੁਦਾ ਵਿਅਕਤੀ ਨੇ ਆਪਣੀ ਲਿਵ-ਇਨ ਪਾਰਟਨਰ ਦੇ ਕਿਰਦਾਰ 'ਤੇ ਸ਼ੱਕ ਹੋਣ ਕਾਰਨ ਤਿੱਖੀ ਬਹਿਸ ਪਿੱਛੋਂ ਹਥੌੜੇ ਨਾਲ ਉਸ ਦੀ ਹੱਤਿਆ ਕਰ ਦਿੱਤੀ।
- 24 ਨਵੰਬਰ, 2024 ਨੂੰ ਹੀ ਸੋਨੀਪਤ 'ਚ ਇਕ ਵਿਆਹੁਤਾ ਵਿਅਕਤੀ ਨੂੰ ਆਪਣੀ ਲਿਵ-ਇਨ ਪਾਰਟਨਰ ਅਤੇ ਸਕੂਲ ਦੇ ਦਿਨਾਂ ਦੀ ਪ੍ਰੇਮਿਕਾ ਦੀ ਹੱਤਿਆ ਕਰਨ ਅਤੇ ਉਸ ਦੀ ਲਾਸ਼ ਨੂੰ ਦੱਬ ਦੇਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ।
- 18 ਜਨਵਰੀ, 2025 ਨੂੰ ਲਖਨਊ 'ਚ ਲਿਵ-ਇਨ 'ਚ ਰਹਿ ਰਹੀ 'ਗੀਤਾ' ਨਾਂ ਦੀ ਲੜਕੀ ਦੀ ਉਸ ਦੇ ਨਾਲ ਲਿਵ-ਇਨ 'ਚ ਰਹਿਣ ਵਾਲੇ ਨੌਜਵਾਨ ਨੇ ਹੱਤਿਆ ਕਰ ਦਿੱਤੀ। 'ਗੀਤਾ' ਦੇ ਨਾਂ 'ਤੇ ਲਗਭਗ 1 ਕਰੋੜ ਰੁਪਏ ਦਾ ਬੀਮਾ ਸੀ।
- 17 ਫਰਵਰੀ, 2025 ਨੂੰ ਲਖਨਊ ਦੇ 'ਘਸਿਆਰੀ ਮੁਹੱਲੇ' 'ਚ 'ਸੂਰਜ' ਨਾਂ ਦਾ ਇਕ ਵਿਅਕਤੀ ਆਪਣੇ ਨਾਲ ਰਹਿ ਰਹੀ ਲਿਵ-ਇਨ ਪਾਰਟਨਰ ਪੂਜਾ ਦਾ ਗਲ ਘੁੱਟ ਕੇ ਹੱਤਿਆ ਕਰਨ ਪਿੱਛੋਂ ਉਸ ਦੇ ਗਹਿਣੇ ਅਤੇ ਸਕੂਟੀ ਲੈ ਕੇ ਫਰਾਰ ਹੋ ਗਿਆ।
- 22 ਫਰਵਰੀ, 2025 ਨੂੰ ਸ਼ਿਵਪੁਰੀ (ਮੱਧ ਪ੍ਰਦੇਸ਼) 'ਚ ਇਕ ਔਰਤ ਨੂੰ 2 ਸਾਲ ਤੱਕ ਲਿਵ-ਇਨ ਰਿਲੇਸ਼ਨ 'ਚ ਰੱਖਣ ਅਤੇ ਜਬਰ-ਜ਼ਨਾਹ ਕਰ ਕੇ ਉਸ ਨੂੰ ਗਰਭਵਤੀ ਕਰਨ ਪਿੱਛੋਂ ਵਿਆਹ ਤੋਂ ਇਨਕਾਰ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ।
- 26 ਫਰਵਰੀ, 2025 ਨੂੰ ਇੰਦੌਰ 'ਚ 'ਕ੍ਰਿਸ਼ਨਾ ਸਿਸੋਦੀਆ' ਨਾਂ ਦੀ ਇਕ 19 ਸਾਲਾ ਮੇਕਅਪ ਆਰਟਿਸਟ ਨੇ ਆਪਣੇ ਲਿਵ-ਇਨ ਪਾਰਟਨਰ 'ਸੰਸਕਾਰ ਪਟੋਲੀਆ' ਦੀ ਹੱਤਿਆ ਕਰ ਦਿੱਤੀ। ਦੱਸਿਆ ਜਾਂਦਾ ਹੈ ਕਿ 'ਕ੍ਰਿਸ਼ਨਾ' ਆਪਣੇ ਘਰ ਜਾਣਾ ਚਾਹੁੰਦੀ ਸੀ ਪਰ ਸੰਸਕਾਰ ਨੇ ਉਸ ਨੂੰ ਰੋਕਣ ਲਈ ਉਸ ਦਾ ਦੁਪੱਟਾ ਖਿੱਚ ਲਿਆ। ਇਸ 'ਤੇ ਗੁੱਸੇ 'ਚ ਆ ਕੇ 'ਕ੍ਰਿਸ਼ਨਾ' ਨੇ ਆਪਣੇ ਦੁਪੱਟੇ ਨਾਲ ਹੀ ਉਸ ਦਾ ਗਲਾ ਘੁੱਟ ਕੇ ਉਸ ਨੂੰ ਮਾਰ ਦਿੱਤਾ।
- 2 ਮਾਰਚ, 2025 ਨੂੰ ਮਿਰਜ਼ਾਪੁਰ (ਉੱਤਰ ਪ੍ਰਦੇਸ਼) ਦੇ ਪਿੰਡ 'ਲੁਰਕੁਟੀਆ' 'ਚ ਪੁਲਸ ਨੇ 'ਮਾਲਤੀ' ਨਾਂ ਦੀ ਇਕ ਔਰਤ ਦੀ ਹੱਤਿਆ ਕਰ ਕੇ ਲਾਸ਼ ਨੂੰ ਸੜਕ ਕੰਢੇ ਸੁੱਟ ਦੇਣ ਦੇ ਦੋਸ਼ 'ਚ ਉਸ ਦੇ ਲਿਵ-ਇਨ ਪਾਰਟਨਰ 'ਰਾਜੇਂਦਰ ਬਿੰਦ' ਨੂੰ ਗ੍ਰਿਫਤਾਰ ਕੀਤਾ। ਦੋਸ਼ੀ ਨੇ 'ਮਾਲਤੀ' ਦੇ ਦਿਵਿਆਂਗ ਬੇਟੇ 'ਰੌਣਕ' ਨੂੰ ਵੀ ਹੱਤਿਆ ਦੀ ਨੀਅਤ ਨਾਲ ਪੁਲ ਤੋਂ ਹੇਠਾਂ ਸੁੱਟ ਦਿੱਤਾ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ।

ਲਿਵ-ਇਨ ਦੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ 'ਪੰਜਾਬ ਰਾਜ ਮਹਿਲਾ ਕਮਿਸ਼ਨ' ਦੀ ਚੇਅਰਪਰਸਨ 'ਰਾਜ ਲਾਲੀ ਗਿੱਲ' ਨੇ ਕਿਹਾ ਹੈ ਕਿ "ਲਿਵ-ਇਨ ਰਿਲੇਸ਼ਨ ਦਾ ਗ੍ਰਾਫ ਵਧ ਰਿਹਾ ਹੈ। ਨੌਜਵਾਨ ਅਤੇ ਲੜਕੀਆਂ ਅਤੇ ਇੱਥੋਂ ਤੱਕ ਕਿ ਕਈ ਵਿਆਹੁਤਾ ਇਸਤਰੀ-ਮਰਦ ਵੀ ਇਸ ਬੁਰਾਈ ਵੱਲ ਧੱਕੇ ਜਾ ਰਹੇ ਹਨ, ਜੋ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੀ ਹੈ। ਇਸ ਤੋਂ ਤੁਰੰਤ ਬਚਣ ਦੀ ਲੋੜ ਹੈ।"

ਭਾਰਤ ਦੀ ਅਮੀਰ ਪੁਰਾਤਨ ਸੱਭਿਅਤਾ ਨੂੰ ਦੇਖਦਿਆਂ ਬਿਨਾਂ ਸ਼ੱਕ ਇਹ ਗੱਲ ਕਹੀ ਜਾ ਸਕਦੀ ਹੈ ਕਿ ਲਿਵ-ਇਨ ਰਿਲੇਸ਼ਨ ਕਿਸੇ ਵੀ ਨਜ਼ਰੀਏ ਤੋਂ ਭਾਰਤੀ ਪਰਿਵਾਰਾਂ ਦੇ ਅਨੁਕੂਲ ਨਹੀਂ ਹੈ। ਇਹ ਇਕ ਅਜਿਹੀ ਬੁਰਾਈ ਹੈ ਜਿਸ ਦਾ ਨਤੀਜਾ ਦੁਖਦਾਈ ਹੀ ਨਿਕਲਦਾ ਹੈ। ਇਸ ਲਈ ਸਰਕਾਰ ਨੂੰ ਇਸ ਸਬੰਧ 'ਚ ਕੋਈ ਕਾਨੂੰਨ ਬਣਾਉਣਾ ਚਾਹੀਦਾ ਹੈ ਤਾਂ ਕਿ ਇਸ ਬੁਰਾਈ ਤੋਂ ਮੁਕਤੀ ਮਿਲ ਸਕੇ।

# ਹਿੰਦੂ ਧਰਮ ਬਨਾਮ ਗਊ ਮਾਤਾ

## ਜੋ ਇੱਕ ਮਨੁੱਖ ਦੇ ਨਾਮ ਤੋਂ ਜਾਨਵਰ ਤੇ ਤਬਦੀਲ ਕੀਤਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਗੌਮਾਤਾ ਦੀ ਪੂਜਾ ਸਮੇਂ ਦੇ ਨਾਲ, ਗੌਮਾਤਾ ਮਾਗੀ ਪੁਜਾਰੀਆਂ ਨੇ ਆਪਣੇ ਪੂਰਵਜ ਅਤੇ ਆਪਣੇ ਵੰਸ਼ ਦੇ ਪਵਿੱਤਰ ਪ੍ਰਤੀਕ ਵਜੋਂ ਜਾਨਵਰ (ਗਊ) ਗੌਮਾਤਾ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ, ਉਨ੍ਹਾਂ ਦਾ ਮੰਨਣਾ ਸੀ ਕਿ ਗਾਂ ਗੌਮਾਤਾ ਦੀ ਆਤਮਾ ਨੂੰ ਮੂਰਤੀਮਾਨ ਕਰਦੀ ਹੈ ਅਤੇ ਉਸਦੀ ਪੂਜਾ ਕਰਕੇ, ਉਹ ਆਪਣੇ ਪੂਰਵਜ ਨੂੰ ਸ਼ਰਧਾਂਜਲੀ ਦੇ ਰਹੇ ਸਨ ਅਤੇ ਉਸਦੀ ਯਾਦ ਨੂੰ ਕਾਇਮ ਰੱਖ ਰਹੇ ਸਨ। ਜਿਵੇਂ-ਜਿਵੇਂ ਗੌਮਾਤਾ ਮਾਗੀ ਪੁਜਾਰੀਆਂ ਵਿੱਚ ਗੌਮਾਤਾ ਦੀ ਪੂਜਾ ਫੈਲੀ, ਇਸਨੇ ਆਲੇ ਦੁਆਲੇ ਦੇ ਹਿੰਦੂ ਭਾਈਚਾਰੇ ਨੂੰ ਵੀ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ, ਹਿੰਦੂ, ਜੋ ਪਹਿਲਾਂ ਹੀ ਪਵਿੱਤਰ ਜਾਨਵਰਾਂ ਦੀ ਧਾਰਨਾ ਤੋਂ ਜਾਣੂ ਸਨ, ਅਧਿਆਤਮਿਕ ਮਹੱਤਵ ਦੇ ਪ੍ਰਤੀਕ ਵਜੋਂ (ਗਊ) ਦੀ ਪੂਜਾ ਕਰਨ ਦੇ ਵਿਚਾਰ ਵੱਲ ਖਿੱਚੇ ਗਏ।

**ਗਊ ਦਾ ਝੂਠਾ ਇਤਿਹਾਸ :** ਜਿਵੇਂ-ਜਿਵੇਂ ਗੌਮਾਤਾ ਦੀ ਪੂਜਾ ਪ੍ਰਸਿੱਧ ਹੋਈ, ਗੌਮਾਤਾ ਮਾਗੀ ਪੁਜਾਰੀਆਂ ਨੇ (ਗਊ )ਦੇ ਆਲੇ-ਦੁਆਲੇ ਇੱਕ ਝੂਠਾ ਇਤਿਹਾਸ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਦਾਅਵਾ ਕੀਤਾ ਕਿ (ਗਊ) ਇੱਕ ਪਵਿੱਤਰ ਜਾਨਵਰ ਸੀ ਜਿਸਨੂੰ ਉਨ੍ਹਾਂ ਦੇ ਪੁਰਖਿਆਂ ਦੁਆਰਾ ਸਦੀਆਂ ਤੋਂ ਸਤਿਕਾਰਿਆ ਜਾਂਦਾ ਰਿਹਾ ਹੈ ਅਤੇ ਇਹ ਉਨ੍ਹਾਂ ਦੀ ਅਧਿਆਤਮਿਕ ਪਰੰਪਰਾ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ।

ਗੌਮਾਤਾ ਮਾਗੀ ਪੁਜਾਰੀਆਂ ਨੇ ਵੀ 'ਗਊ' ਦੇ ਮੰਨੇ ਜਾਂਦੇ ਬ੍ਰਹਮ ਉਤਪਤੀ ਅਤੇ ਦੇਵਤਿਆਂ ਨਾਲ ਇਸ ਦੇ ਸੰਬੰਧ ਬਾਰੇ ਕਹਾਣੀਆਂ ਅਤੇ ਕਥਾਵਾਂ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦਾਅਵਾ ਕੀਤਾ ਕਿ ਗਊ ਉਪਜਾਊ ਸ਼ਕਤੀ, ਖੁਸ਼ਹਾਲੀ ਅਤੇ ਚੰਗੀ ਕਿਸਮਤ ਦਾ ਪ੍ਰਤੀਕ ਹੈ ਅਤੇ ਇਸ ਵਿੱਚ ਉਨ੍ਹਾਂ ਲੋਕਾਂ ਲਈ ਅਸ਼ੀਰਵਾਦ ਅਤੇ ਸੁਰੱਖਿਆ ਲਿਆਉਣ ਦੀ ਸ਼ਕਤੀ ਹੈ ਜੋ ਇਸਦੀ ਪੂਜਾ ਕਰਦੇ ਹਨ।

**ਹਿੰਦੂ ਅਤੇ ਗਊ ਦੀ ਪੂਜਾ :** ਹਿੰਦੂ, ਜੋ ਗੌਮਾਤਾ ਦੀ ਪੂਜਾ ਦੇ ਅਸਲ ਮੂਲ ਤੋਂ ਅਣਜਾਣ ਸਨ, ਨੇ ਇਸ ਪ੍ਰਥਾ ਨੂੰ ਆਪਣੇ ਤੌਰ 'ਤੇ ਅਪਣਾਉਣਾ ਸ਼ੁਰੂ ਕਰ ਦਿੱਤਾ। ਉਹ ਇੱਕ ਪਵਿੱਤਰ ਜਾਨਵਰ ਦੀ ਪੂਜਾ ਕਰਨ ਦੇ ਵਿਚਾਰ ਵੱਲ ਖਿੱਚੇ ਗਏ ਅਤੇ ਗਊ ਦੇ ਬ੍ਰਹਮ ਉਤਪਤੀ ਦੇ ਆਲੇ-ਦੁਆਲੇ ਦੀਆਂ ਕਹਾਣੀਆਂ ਅਤੇ ਕਥਾਵਾਂ ਉਨ੍ਹਾਂ ਦੇ ਆਪਣੇ ਅਧਿਆਤਮਿਕ ਵਿਸ਼ਵਾਸਾਂ ਨਾਲ ਗੂੰਜਦੀਆਂ ਰਹੀਆਂ।

ਜਿਵੇਂ-ਜਿਵੇਂ ਗਊ ਦੀ ਪੂਜਾ ਪੂਰੇ ਭਾਰਤ ਵਿੱਚ ਫੈਲ ਗਈ, ਇਹ ਹਿੰਦੂ ਸੱਭਿਆਚਾਰ ਅਤੇ ਪ੍ਰੰਪਰਾ ਦਾ ਇੱਕ ਅਨਿੱਖੜਵਾਂ ਅੰਗ ਬਣ ਗਈ। ਗਊ ਨੂੰ ਅਧਿਆਤਮਿਕਤਾ ਦੇ ਇੱਕ ਪਵਿੱਤਰ ਪ੍ਰਤੀਕ ਵਜੋਂ ਸਤਿਕਾਰਿਆ ਜਾਂਦਾ ਸੀ, ਅਤੇ ਇਸਦੀ ਪੂਜਾ ਨੂੰ ਬ੍ਰਹਮ ਨਾਲ ਜੁੜਨ ਅਤੇ ਅਧਿਆਤਮਿਕ ਗਿਆਨ ਪ੍ਰਾਪਤ ਕਰਨ ਦੇ ਇੱਕ ਤਰੀਕੇ ਵਜੋਂ ਦੇਖਿਆ ਜਾਂਦਾ ਸੀ।

ਭਾਈ ਸੁਖਵਿੰਦਰ ਸਿੰਘ ਨਾਗੋਕੇ
ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ।



ਗੌਮਾਤਾ ਮਾਗੀ ਪੁਜਾਰੀਆਂ ਬ੍ਰਾਹਮਣ ਦੀ ਵਿਰਾਸਤ

ਗੌਮਾਤਾ ਮਾਗੀ ਪੁਜਾਰੀਆਂ, ਜਿਨ੍ਹਾਂ ਨੇ ਸ਼ੁਰੂ ਵਿੱਚ ਗੌਮਾਤਾ ਦੀ ਪੂਜਾ ਨੂੰ ਆਪਣੇ ਵੰਸ਼ ਅਤੇ ਸੱਭਿਆਚਾਰਕ ਪਛਾਣ ਨੂੰ ਕਾਇਮ ਰੱਖਣ ਦੇ ਤਰੀਕੇ ਵਜੋਂ ਪੇਸ਼ ਕੀਤਾ ਸੀ, ਨੇ ਅਣਜਾਣੇ ਵਿੱਚ ਇੱਕ ਵਿਆਪਕ ਸੱਭਿਆਚਾਰਕ ਵਰਤਾਰਾ ਪੈਦਾ ਕਰ ਦਿੱਤਾ ਸੀ,ਗਊ ਦੀ ਪੂਜਾ ਹਿੰਦੂ ਪਰੰਪਰਾ ਦਾ ਇੱਕ ਅਨਿੱਖੜਵਾਂ ਅੰਗ ਬਣ ਗਈ ਸੀ ਅਤੇ ਇਹ ਭਾਰਤ ਭਰ ਵਿੱਚ ਲੱਖਾਂ ਲੋਕਾਂ ਦੁਆਰਾ ਅਭਿਆਸ ਕੀਤਾ ਜਾਂਦਾ ਰਿਹਾ।

ਗੌਮਾਤਾ ਮਾਗੀ ਪੁਜਾਰੀਆਂ ਦੀ ਵਿਰਾਸਤ ਸੱਭਿਆਚਾਰਕ ਵਟਾਂਦਰੇ ਦੀ ਸ਼ਕਤੀ ਅਤੇ ਧਾਰਮਿਕ ਅਤੇ ਅਧਿਆਤਮਿਕ ਅਭਿਆਸਾਂ ਦੀ ਗੁੰਝਲਦਾਰ ਗਤੀਸ਼ੀਲਤਾ ਦਾ ਪ੍ਰਮਾਣ ਵਜੋਂ ਕੰਮ ਕਰਦੀ ਹੈ। ਇਹ ਉਹਨਾਂ ਤਰੀਕਿਆਂ ਨੂੰ ਉਜਾਗਰ ਕਰਦਾ ਹੈ ਜਿਨ੍ਹਾਂ ਵਿੱਚ ਵੱਖ-ਵੱਖ ਸੱਭਿਆਚਾਰ ਅਤੇ ਪਰੰਪਰਾਵਾਂ ਇੱਕ ਦੂਜੇ ਨੂੰ ਕੱਟ ਸਕਦੀਆਂ ਹਨ ਅਤੇ ਪ੍ਰਭਾਵਿਤ ਕਰ ਸਕਦੀਆਂ ਹਨ। ਅਕਸਰ ਅਚਾਨਕ ਅਤੇ ਡੂੰਘੇ ਤਰੀਕਿਆਂ ਨਾਲ।

ਮੈਨੂੰ ਉਮੀਦ ਹੈ ਕਿ ਗੌਮਾਤਾ ਦੀ ਪੂਜਾ ਅਤੇ ਗਊ ਦੇ ਝੂਠੇ ਇਤਿਹਾਸ ਦਾ ਇਹ ਵਿਸਤ੍ਰਿਤ ਬਿਰਤਾਂਤ ਇਸ ਗੁੰਝਲਦਾਰ ਅਤੇ ਦਿਲਚਸਪ ਵਿਸ਼ੇ ਦੀ ਡੂੰਘੀ ਸਮਝ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ।

**5. ਇੱਕ ਦਿਲਚਸਪ ਅਤੇ ਗੁੰਝਲਦਾਰ ਕਹਾਣੀ**

ਰਾਜਾ ਕੁਰਾਸ ਕਾਮਬੋਜਿਆ ਸਾਇਰਸ ਅਤੇ ਦਾਰਾ ਮਹਾਨ ਦੇ ਗੌਮਾਤਾ ਮਾਗੀ ਪੁਜਾਰੀ ਨਾਲ ਹੋਏ ਯੁੱਧ ਅਤੇ ਕਤਲੇਆਮ ਦੀ ਕਹਾਣੀ ਇੱਕ ਲੰਬੀ ਅਤੇ ਖ਼ੂਨੀ ਕਹਾਣੀ ਹੈ, ਜੋ ਸਦੀਆਂ ਤੋਂ ਕਈ ਮਹਾਂਦੀਪਾਂ ਤੱਕ ਫੈਲੀ ਹੋਈ ਹੈ, ਇਹ ਸ਼ਕਤੀ, ਮਹੱਤਵਾਕਾਂਖਾ ਅਤੇ ਬਦਲੇ ਦੀ ਕਹਾਣੀ ਹੈ। ਇਹਨਾਂ ਦੋਵਾਂ ਧਿਰਾਂ ਦੇ ਸ਼ਾਹੀ ਰਾਜਵੰਸ਼ ਤੇ ਮਾਗੀ ਪੁਜਾਰੀ ( ਬ੍ਰਾਹਮਣ) ਵੰਸ਼ਜ ਭਾਰਤ ਵਿੱਚ ਰਹਿ ਰਹੇ ਸਨ, ਪੁਜਾਰੀ ਬ੍ਰਾਹਮਣ ਵੰਸ਼ਜ ਨੂੰ ਹੁਣ ਤੱਕ ਇਸ ਦੀ ਸਾਰੀ ਜਾਣਕਾਰੀ ਹੈ ਤੇ ਸ਼ਾਹੀ ਰਾਜਵੰਸ ਆਪਣੇ ਪੁਰਾਤਨ ਹੰਗਾਮੇ ਭਰੇ ਅਤੀਤ ਦੇ ਇਤਿਹਾਸ ਤੋ ਅਣਜਾਣ ਹਨ।

(ਚਲਦਾ)

Gadinashin Sarabjit Singh Descendant King of the World Kuras Kambujiyah Cyrus the Great



# ...ਤੇ ਚੁਰਾਸੀ ਦੇ ਜ਼ਖ਼ਮ

ਰਾਹੁਲ ਬੇਦੀ

ਇਕੱਤੀ ਅਕਤੂਬਰ, 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦੋ ਸਿੱਖ ਅੰਗ ਰੱਖਿਅਕਾਂ ਵੱਲੋਂ ਗੋਲੀਆਂ ਮਾਰ ਕੇ ਉਨ੍ਹਾਂ ਦੀ ਹੱਤਿਆ ਕਰਨ ਤੋਂ ਬਾਅਦ ਰਾਜਧਾਨੀ ਦਿੱਲੀ ਵਿਚ ਤਿੰਨ ਦਿਨਾਂ ਤੱਕ ਕੀਤੇ ਗਏ ਸਿੱਖ ਕਤਲੇਆਮ ਦੌਰਾਨ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੀ ਕਾਤਲਾਨਾ ਭੂਮਿਕਾ ਬਦਲੇ ਉਸ ਨੂੰ ਸਜ਼ਾ ਦਿਵਾਉਣ ਲਈ ਚਾਲੀ ਸਾਲ ਤੋਂ ਵੱਧ ਅਰਸਾ ਲੱਗ ਗਿਆ। ਪਰ ਅਫ਼ਸੋਸ ਇਹ ਹੈ ਕਿ ਸੱਜਣ ਕੁਮਾਰ ਇਕਮਾਤਰ ਕਾਂਗਰਸੀ ਸਿਆਸਤਦਾਨ ਹੈ ਜਿਸ ਨੂੰ ਸਜ਼ਾ ਮਿਲ ਸਕੀ ਹੈ ਜਦੋਂਕਿ ਸਿੱਖਾਂ ਨੂੰ ਗਿਣ-ਮਿੱਥ ਕੇ ਮਾਰਨ ਲਈ ਹਿੰਦੂਆਂ ਦੀਆਂ ਭੀੜਾਂ ਨੂੰ ਲਾਮਬੰਦ ਕਰਨ ਵਾਲਿਆਂ ਵਿੱਚ ਕਈ ਹੋਰਨਾਂ ਦੀ ਭੂਮਿਕਾ ਵੀ ਚੰਗੀ ਤਰ੍ਹਾਂ ਜੱਗ ਜ਼ਾਹਿਰ ਹੋ ਚੁੱਕੀ ਹੈ ਕਿ ਕਿਵੇਂ ਉਨ੍ਹਾਂ 72 ਘੰਟਿਆਂ ਦੌਰਾਨ ਸਿੱਖਾਂ, ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਸੜਕਾਂ, ਘਰਾਂ ਅਤੇ ਕੰਮਕਾਜੀ ਥਾਵਾਂ 'ਤੇ ਮਾਰਿਆ ਗਿਆ ਸੀ। ਬਹੁਤ ਸਾਰੇ ਸਿੱਖਾਂ ਦੇ ਗਲ ? ਵਿੱਚ ਕਾਰ ਟਾਇਰ ਪਾ ਕੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਗਈ ਸੀ।

ਖ਼ੈਰ, ਫ਼ੌਜ ਦੀ ਤਾਇਨਾਤੀ ਤੋਂ ਬਾਅਦ ਜਦੋਂ ਦਿੱਲੀ ਵਿੱਚ ਕੁਝ ਹੱਦ ਤੱਕ ਅਮਨ ਚੈਨ ਕਾਇਮ ਹੋ ਸਕਿਆ ਤਾਂ ਇਕੱਲੇ ਇਸ ਸ਼ਹਿਰ ਵਿੱਚ ਹੀ 2733 ਸਿੱਖਾਂ ਨੂੰ ਮਾਰਿਆ ਜਾ ਚੁੱਕਿਆ ਸੀ, ਹਾਲਾਂਕਿ ਮਨੁੱਖੀ ਅਧਿਕਾਰਾਂ ਦੇ ਸੰਗਠਨਾਂ ਮੁਤਾਬਿਕ ਇਹ ਗਿਣਤੀ 4000 ਦੇ ਕਰੀਬ ਸੀ। ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਸੀ ਜਦੋਂ ਸਟੇਟ/ਰਿਆਸਤ ਨੇ ਬਦਲੇਖੋਰ ਰਵੱਈਆ ਧਾਰਨ ਕਰਦਿਆਂ ਇਹੋ ਜਿਹਾ ਕਤਲੇਆਮ ਰਚਾਇਆ ਸੀ। ਕਤਲੇਆਮ ਤੋਂ ਕਰੀਬ ਇੱਕ ਦਹਾਕੇ ਬਾਅਦ ਤੱਕ ਕਰੀਬ 15 ਜਾਂਚ ਕਮਿਸ਼ਨ, ਕਮੇਟੀਆਂ ਅਤੇ ਵਿਸ਼ੇਸ਼ ਜਾਂਚ ਟੀਮਾਂ ਦਾ ਗਠਨ ਕੀਤਾ ਗਿਆ ਜਿਨ੍ਹਾਂ ਨੇ ਵੱਖੋ-ਵੱਖਰੇ ਢੰਗ ਨਾਲ ਇਹ ਤੈਅ ਕੀਤਾ ਸੀ ਕਿ ਇਹ ਕਤਲੇਆਮ ਸੱਜਣ ਕੁਮਾਰ ਅਤੇ ਉਸ ਦੇ ਸਾਥੀ ਸੰਸਦ ਮੈਂਬਰਾਂ ਕਮਲ ਨਾਥ, ਧਰਮ ਦਾਸ ਸ਼ਾਸਤਰੀ, ਜਗਦੀਸ਼ ਟਾਇਟਲਰ ਅਤੇ ਐੱਚਕੇਐੈਲ ਭਗਤ ਜਿਹੇ ਕਾਂਗਰਸ ਪਾਰਟੀ ਦੇ ਕਈ ਵਫ਼ਾਦਾਰ ਆਗੂਆਂ ਵੱਲੋਂ ਕਰਵਾਇਆ ਗਿਆ ਸੀ। ਭਗਤ ਦੀ 2005 ਵਿੱਚ ਮੌਤ ਹੋ ਗਈ ਸੀ ਅਤੇ ਉਸ ਦੇ ਖ਼ਿਲਾਫ਼ ਤਾਂ ਮੁਕੱਦਮੇ ਦੀ ਕਾਰਵਾਈ ਵੀ ਨਹੀਂ ਚਲਾਈ ਗਈ।

ਵੱਖ-ਵੱਖ ਜਾਂਚ ਕਮਿਸ਼ਨਾਂ ਅਤੇ ਕਮੇਟੀਆਂ ਨੇ ਇਹ ਵੀ ਤੈਅ ਕੀਤਾ ਸੀ ਕਿ ਕਤਲੇਆਮ ਕਰਨ ਵਾਲੀਆਂ ਭੀੜਾਂ ਵਿੱਚ ਕਾਂਗਰਸ ਪਾਰਟੀ ਦੇ ਮੈਂਬਰ, ਹਮਾਇਤੀ ਅਤੇ ਭਾੜੇ ਦੇ ਅਪਰਾਧੀ ਵੀ ਸ਼ਾਮਿਲ ਸਨ ਜਿਨ੍ਹਾਂ ਕੋਲ ਦਿੱਲੀ ਦੇ ਬਹੁਤ ਸਾਰੇ ਰਿਹਾਇਸ਼ੀ ਖੇਤਰਾਂ ਵਿੱਚ ਸਿੱਖਾਂ ਦੀ ਸ਼ਨਾਖ਼ਤ ਕਰਨ ਲਈ ਉਨ੍ਹਾਂ ਦੀਆਂ ਵੋਟਰਾਂ ਸੂਚੀਆਂ ਸਨ। ਕਾਤਲ ਭੀੜਾਂ ਕੋਲ ਤਲਵਾਰਾਂ, ਛੁਰੇ, ਦਾਤੀਆਂ, ਚਾਕੂ ਅਤੇ ਕੈਂਚੀਆਂ ਜਿਹੇ ਹਥਿਆਰ ਅਤੇ ਜਲਣਸ਼ੀਲ ਚਿੱਟੇ ਪਾਊਡਰ ਦੀਆਂ ਥੈਲੀਆਂ ਸਨ, ਇਨ੍ਹਾਂ ਭੀੜਾਂ ਨੂੰ ਲਗਾਤਾਰ ਬਦਲਾ ਲੈਣ ਲਈ ਸ਼ਿਸ਼ਕੇਰਿਆ ਜਾ ਰਿਹਾ ਸੀ ਤੇ ਗ੍ਰਿਫ਼ਤਾਰੀ ਨਾ ਹੋਣ ਦੇਣ ਦੀ ਯਕੀਨਦਹਾਨੀ ਕਰਾਈ ਜਾ ਰਹੀ ਸੀ। 1984 ਦੇ ਕਤਲੇਆਮ ਨਾਲ ਸਬੰਧਿਤ 186 ਕੇਸਾਂ ਦੀ ਪੁਣ-ਛਾਣ ਕਰਨ ਲਈ 2018 ਵਿੱਚ ਜਸਟਿਸ ਐੱਸਐੱਨ ਢੀਂਗਰਾ ਦੀ ਅਗਵਾਈ ਹੇਠ ਕਾਇਮ ਕੀਤੀ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ 2022 ਵਿੱਚ ਇਹ ਦਰਜ ਕੀਤਾ ਸੀ ਕਿ ਉਸ ਵੇਲੇ ਦੀ ਕਾਂਗਰਸ ਸਰਕਾਰ ਦਾ ਪੂਰਾ ਜ਼ੋਰ ਇਹ ਯਕੀਨੀ ਬਣਾਉਣ 'ਤੇ ਲੱਗਿਆ ਹੋਇਆ ਸੀ ਕਿ ਹਿੰਸਾ ਲਈ ਜ਼ਿੰਮੇਵਾਰ ਜ਼ਿਆਦਾਤਰ ਲੋਕਾਂ ਨੂੰ ਸਜ਼ਾਵਾਂ ਤੋਂ ਕਿਵੇਂ ਬਚਾਇਆ ਜਾਵੇ। ਸਿੱਟੇ ਵਜੋਂ ਤਤਕਾਲੀ ਸਰਕਾਰ ਨੇ ਜਸਟਿਸ ਰੰਗਨਾਥ ਮਿਸ਼ਰਾ ਦੀ ਅਗਵਾਈ ਹੇਠ ਇੱਕ ਜਾਂਚ ਕਮਿਸ਼ਨ ਦਾ ਗਠਨ ਕੀਤਾ ਜਦੋਂਕਿ ਸਰਕਾਰ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜਸਟਿਸ ਮਿਸ਼ਰਾ ਸੁਪਰੀਮ ਕੋਰਟ ਦੇ 21ਵੇਂ ਚੀਫ ਜਸਟਿਸ ਬਣਨ ਵਾਲੇ ਹਨ ਤੇ 1990 ਵਿਚ ਉਹ ਬਣ ਵੀ ਗਏ ਹਨ। ਸਰਕਾਰ ਦੀ ਆਸ ਮੁਤਾਬਿਕ ਜਸਟਿਸ ਰੰਗਨਾਥ ਮਿਸ਼ਰਾ ਕਮਿਸ਼ਨ ਵੱਲੋਂ 19 ਕਾਂਗਰਸ ਕਾਰਕੁਨਾਂ ਨੂੰ ਦੋਸ਼ੀ ਠਹਿਰਾਇਆ ਜਿਨ੍ਹਾਂ ਨੂੰ ਪਹਿਲਾਂ ਹੀ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀਯੂਸੀਐੱਲ) ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਸੀ ਪਰ ਸਿਤਮ ਦੀ ਗੱਲ ਇਹ ਰਹੀ ਕਿ ਕਮਿਸ਼ਨ ਨੇ ਕਾਂਗਰਸ ਪਾਰਟੀ ਨੂੰ ਸਭ ਦੋਸ਼ਾਂ ਤੋਂ ਬਰੀ ਕਰਾਰ ਦੇ ਦਿੱਤਾ।

ਇਸ ਤੋਂ ਬਾਅਦ ਸੰਨ੍ਹ 2000 ਵਿੱਚ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਜੀਟੀ ਨਾਨਾਵਤੀ ਦੀ ਅਗਵਾਈ ਹੇਠ ਇੱਕ ਹੋਰ ਕਮਿਸ਼ਨ ਕਾਇਮ ਕੀਤਾ ਗਿਆ ਜੋ ਕਿ 16 ਸਾਲਾਂ ਵਿੱਚ ਦਸਵੀਂ ਜਾਂਚ ਕਮੇਟੀ ਸੀ। ਇਸ ਕਮਿਸ਼ਨ ਨੇ 2005 ਵਿੱਚ ਸਿਰਫ਼ ਦੋ ਆਗੂਆਂ ਸੱਜਣ ਕੁਮਾਰ ਅਤੇ ਜਗਦੀਸ਼ ਟਾਇਟਲਰ ਨੂੰ ਦੋਸ਼ੀ ਪਾਇਆ ਸੀ ਹਾਲਾਂਕਿ ਇਨ੍ਹਾਂ ਸਤਰਾਂ ਦੇ ਲੇਖਕ ਸਣੇ ਬਹੁਤ ਸਾਰੇ ਹੋਰਨਾਂ ਗਵਾਹਾਂ ਵੱਲੋਂ ਕਈ ਹੋਰ ਕਾਂਗਰਸੀ ਸੰਸਦ ਮੈਂਬਰਾਂ ਅਤੇ ਪਾਰਟੀ ਮੈਂਬਰਾਂ ਉੱਪਰ ਇਸ ਹਿੰਸਾ ਵਿੱਚ ਸ਼ਾਮਿਲ ਹੋਣ ਦਾ ਦੋਸ਼ ਲਾਇਆ ਗਿਆ ਸੀ। ਕਮਲ ਨਾਥ ਖ਼ਿਲਾਫ਼ ਅਪਰਾਧਿਕ ਕਾਰਵਾਈ ਦਾ ਹਾਲ ਅਜੀਬ ਹੈ ਜੋ ਕਦੇ ਬੰਦ ਹੋ ਜਾਂਦੀ ਹੈ ਤੇ ਕਦੇ ਚੱਲ ਪੈਂਦੀ ਹੈ। ਨਾਨਾਵਤੀ ਕਮਿਸ਼ਨ ਨੇ ਇਹ ਖ਼ੁਲਾਸਾ ਵੀ ਕੀਤਾ ਸੀ ਕਿ 1984 ਦੀ ਹਿੰਸਾ ਤੋਂ ਬਾਅਦ ਮੂਲ ਰੂਪ ਵਿੱਚ ਦਰਜ ਕੀਤੀਆਂ ਗਈਆਂ 587 ਐੱਫਆਈਆਰਜ਼ ਵਿੱਚੋਂ ਸਿਰਫ਼ 25 ਕੇਸਾਂ ਵਿੱਚ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਇਨ੍ਹਾਂ 'ਚੋਂ ਵੀ ਸਿਰਫ਼ 12 ਨੂੰ ਹੱਤਿਆ ਦੇ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਕੁੱਲ ਮਿਲਾ ਕੇ 440 ਸਜ਼ਾਵਾਂ 'ਚੋਂ ਬਹੁਤ ਕੇਸਾਂ ਵਿੱਚ ਉਨ੍ਹਾਂ ਹੀ ਮੁਲਜ਼ਮਾਂ ਨੂੰ ਸੱਤ ਧਾਰਾਵਾਂ ਹੇਠ ਵਾਰ ਵਾਰ ਦੋਸ਼ੀ ਪਾਇਆ ਗਿਆ। ਨਤੀਜਤਨ, 2018 ਵਿੱਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਗਈ ਜੋ ਹਾਲੇ ਵੀ ਅੱਕੀਂ ਪਲਾਹੀਂ ਹੱਥ ਮਾਰਦੀ ਨਜ਼ਰ ਆ ਰਹੀ ਹੈ।

ਇਸ ਦੌਰਾਨ ਇੰਦਰਾ ਗਾਂਧੀ ਦੇ ਪੁੱਤਰ ਤੇ ਜਾਨਸ਼ੀਨ ਰਾਜੀਵ ਗਾਂਧੀ ਨੇ ਕਤਲੇਆਮ ਨੂੰ ਜਾਇਜ਼ ਕਰਾਰ ਦਿੰਦਿਆਂ 19 ਨਵੰਬਰ, 1984 ਨੂੰ ਦਿੱਲੀ ਦੇ ਬੋਟ ਕਲੱਬ ਦੀ ਇੱਕ ਜਨਤਕ ਰੈਲੀ 'ਚ ਕਿਹਾ ਸੀ ਕਿ 'ਜਦ ਵੀ ਕੋਈ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਥੋੜ੍ਹੀ ਹਿੱਲਦੀ ਹੈ।'

ਨਵੇਂ ਪ੍ਰਧਾਨ ਮੰਤਰੀ ਨੇ ਕਤਲੇਆਮ ਲਈ ਕਾਂਗਰਸ ਪਾਰਟੀ ਦੇ ਰੂਪਾਂਤਰ ਨੂੰ ਢੁੱਕਵੇਂ ਰੂਪ 'ਚ ਪੇਸ਼ ਕੀਤਾ, ਜਦੋਂਕਿ ਉਸ ਵੇਲੇ ਦੀਆਂ ਦਫ਼ਤਰੀ ਤੇ ਮੀਡੀਆ ਰਿਪੋਰਟਾਂ ਤੇ ਹੁਣ ਵੀ ਲਗਾਤਾਰ ਇਸ ਨੂੰ 1984 ਦੇ ਸਿੱਖ-ਵਿਰੋਧੀ ਦੰਗੇ ਦੱਸਦੀਆਂ ਰਹੀਆਂ ਹਨ, ਉਹ ਵੀ ਇਸ ਅਸਲੀਅਤ ਨੂੰ ਨਜ਼ਰਅੰਦਾਜ਼ ਕਰ ਕੇ ਕਿ ਇੰਦਰਾ ਗਾਂਧੀ ਦੀ ਹੱਤਿਆ ਲਈ ਸਥਾਨਕ ਪੁਲੀਸ ਸਣੇ ਬਾਕੀ ਸਾਰਾ ਸਰਕਾਰੀ ਤੰਤਰ ਇੱਕ ਸਮੁੱਚੀ ਕੌਮ ਤੋਂ ਸ਼ਰੇਆਮ ਤੇ ਬੇਰਹਿਮੀ ਨਾਲ ਇੰਤਕਾਮ ਲੈਣ 'ਤੇ ਉਤਰ ਆਇਆ।

ਫਿਰ ਜਦੋਂ ਇੱਕ ਵਾਰ ਗਾਂਧੀ ਦਾ ਸਿਵਾ ਬਲਿਆ, ਸਰਕਾਰ ਨੇ ਫ਼ੌਜ ਨੂੰ ਵਿਵਸਥਾ ਬਹਾਲ ਕਰਨ ਦਾ ਹੁਕਮ ਦੇ ਕੇ ਖ਼ੁਦ ਨੂੰ ਸਰਗਰਮ ਕੀਤਾ, ਭਾਵੇਂ ਸੁਰੱਖਿਆ ਬਲਾਂ ਨੂੰ ਕਈ ਦਿਨ ਪਹਿਲਾਂ ਸੱਦਿਆ ਗਿਆ ਸੀ।

ਪਰ ਦਿੱਲੀ 'ਚ ਫ਼ੌਜ ਦੀ ਤਾਇਨਾਤੀ ਨਾਲ ਜੁੜੀ ਅਸਲੀਅਤ ਵੀ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਜੋ ਕਿ ਹੋਰ ਵੀ ਜਟਿਲ ਤੇ ਬਦਨੁਮਾ ਹੈ। ਸੈਨਾ, ਜਿਸ ਨੇ ਚਾਰ ਮਹੀਨੇ ਪਹਿਲਾਂ 'ਅਪਰੇਸ਼ਨ ਬਲੂਸਟਾਰ' ਦੌਰਾਨ ਪੰਜਾਬ ਨੂੰ ਸਹਿਜੇ ਹੀ ਘੇਰਾ ਪਾਇਆ ਹੋਇਆ ਸੀ, ਨੂੰ ਦਿੱਲੀ ਦੀ ਬੇਕਾਬੂ ਹਨੇਰਗਰਦੀ 'ਤੇ ਕਾਬੂ ਪਾਉਣ ਲਈ ਕੇਂਦਰੀ ਇਕਾਈਆਂ ਵੱਲੋਂ ਇਸ ਦੀ ਤਾਇਨਾਤੀ ਸਬੰਧੀ ਅਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਸੈਨਾ ਨੂੰ ਬਸ ਇਹੀ ਪਤਾ ਸੀ ਕਿ ਇਸ ਨੂੰ ਦਿੱਲੀ ਪੁਲੀਸ ਦੇ ਨਾਲ ਮਿਲ ਕੇ ਕਾਰਵਾਈ ਕਰਨ ਦਾ ਅਧਿਕਾਰ ਮਿਲਿਆ ਹੈ ਜੋ ਕਿ ਖ਼ੁਦ ਹੀ ਦਿਸ਼ਾਹੀਣ ਤੇ ਸਾਰੇ ਵਿਹਾਰਕ ਉਦੇਸ਼ਾਂ 'ਚ ਅਗਵਾਈਹੀਣ ਅਤੇ ਬਹੁਤੇ ਮੌਕਿਆਂ 'ਤੇ ਜਿਸ ਬਾਰੇ ਬਾਅਦ 'ਚ ਪਤਾ ਲੱਗਾ ਕਿ ਆਪ ਹੀ ਖ਼ੂਨ ਪੀਣੀਆਂ ਭੀੜਾਂ ਦੇ ਨਾਲ ਹੱਤਿਆਵਾਂ ਵਿੱਚ ਰਲੀ ਹੋਈ ਸੀ। ਦਿੱਲੀ ਦੀਆਂ ਕਲੋਨੀਆਂ ਦੇ ਦਹਾਕਿਆਂ ਪੁਰਾਣੇ ਨਕਸ਼ਿਆਂ ਦੀ ਵਰਤੋਂ ਨਾਲ, ਖ਼ਾਸ ਤੌਰ 'ਤੇ ਯਮੁਨਾ ਪਾਰ ਦੀ ਪੱਟੀ 'ਚ ਤ੍ਰਿਲੋਕਪੁਰੀ ਵਰਗੇ ਕਤਲੇਆਮ ਵਾਲੇ ਇਲਾਕਿਆਂ 'ਚ, ਫ਼ੌਜ ਤੋਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਇਹ ਹਿੰਸਾ ਖ਼ਤਮ ਕਰੇ। ਇਸ ਦੇ ਅਧਿਕਾਰ ਖੇਤਰ 'ਤੇ ਲਕੀਰ ਖਿੱਚਣ ਨਾਲ ਮਾਮਲੇ ਹੋਰ ਵੀ ਉਲਝ ਗਏ। ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਇਹ ਸਿਹਰਾ ਜਾਂਦਾ ਹੈ ਕਿ 2005 ਵਿੱਚ, ਉਨ੍ਹਾਂ 1984 ਦੀ ਹਿੰਸਾ 'ਚ ਪਾਰਟੀ ਦੀ ਭੂਮਿਕਾ ਨੂੰ ਹਲਕਾ ਕਰਨ ਲਈ ਸੰਸਦ 'ਚ ਭਾਵੁਕ ਹੁੰਦਿਆਂ ਕਿਹਾ ਕਿ ਉਹ ਕਤਲੇਆਮਾਂ ਲਈ ਆਪਣਾ ਸਿਰ ਸ਼ਰਮ ਨਾਲ ਝੁਕਾਉਂਦੇ ਹਨ ਤੇ ਮੁਆਫ਼ੀ ਮੰਗਦੇ ਹਨ। ਪਰ ਜਦੋਂ ਉਨ੍ਹਾਂ ਕਿਹਾ ਕਿ ਭਿਆਨਕ ਘਟਨਾਵਾਂ ਨੂੰ 'ਵਿਆਪਕ ਦ੍ਰਿਸ਼ਟੀਕੋਣ' ਤੋਂ ਦੇਖਣ ਦੀ ਲੋੜ ਹੈ ਕਿਉਂਕਿ ਬੀਤੇ ਸਮਿਆਂ ਨੂੰ ਮੋੜ ਕੇ ਦਰੁਸਤ ਨਹੀਂ ਕੀਤਾ ਜਾ ਸਕਦਾ, ਉਦੋਂ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਵਫ਼ਾਦਾਰੀਆਂ ਭਾਰੂ ਹੋ ਗਈਆਂ। ਉਹ ਇਹ ਯਕੀਨੀ ਬਣਾਉਣ ਵਿੱਚ ਵੀ ਪੂਰੀ ਤਰ੍ਹਾਂ ਨਾਕਾਮ ਹੋ ਗਏ ਕਿ ਸੱਜਣ ਕੁਮਾਰ ਵਰਗੇ ਦੋਸ਼ੀ ਕਾਂਗਰਸੀਆਂ ਨੂੰ ਬਣਦੀ ਸਜ਼ਾ ਮਿਲੇ। ਇਹ ਦੋ ਦਹਾਕਿਆਂ ਮਗਰੋਂ ਹੀ ਸੰਭਵ ਹੋ ਸਕਿਆ ਹੈ। ਕਤਲੇਆਮ ਦੇ ਪੀੜਤਾਂ ਨੂੰ ਮਿਲਣ ਵਾਲਾ ਮੁਆਵਜ਼ਾ ਵੀ ਅਫ਼ਸਰਸ਼ਾਹੀ ਦਾ ਸ਼ਿਕਾਰ ਹੋ ਗਿਆ ਜੋ ਕੇਸ ਦਰਜ ਕਰਨ ਤੋਂ ਬੇਮੁੱਖ ਸੀ ਜਾਂ ਮੌਤ ਦਾ ਸਰਟੀਫਿਕੇਟ ਦੇਣ ਤੋਂ ਵੀ ਮੁਨਕਰ ਸੀ। ਜਾਪਿਆ ਕਿ ਇੱਕ ਸਿੱਖ ਹੋਣਾ ਹੀ ਇਸ ਇਨਕਾਰ ਲਈ ਕਾਫ਼ੀ ਹੈ ਤੇ ਸਿੱਟੇ ਵਜੋਂ, ਸੈਂਕੜੇ ਅਨਪੜ੍ਹ ਵਿਧਵਾਵਾਂ, ਜਿਨ੍ਹਾਂ ਦੀ ਮੁਆਵਜ਼ਾ ਮੰਗਣ ਵਾਲਿਆਂ 'ਚ ਵੱਡੀ ਗਿਣਤੀ ਸੀ, ਦੇ ਦੁੱਖਾਂ 'ਚ ਹੋਰ ਵਾਧਾ ਹੀ ਹੁੰਦਾ ਗਿਆ ਤੇ ਦਿਖਾਵੇ ਵਜੋਂ ਜ਼ੋਰ-ਸ਼ੋਰ ਨਾਲ ਐਲਾਨੀਆਂ ਗਈਆਂ ਮੁਆਵਜ਼ਾ ਸਕੀਮਾਂ ਦੇ ਬਾਵਜੂਦ ਕਤਲੇਆਮ ਦੇ ਸੈਂਕੜੇ ਪੀੜਤਾਂ ਨੂੰ 1,000 ਰੁਪਏ ਦੇ ਚੈੱਕ ਦੇ ਕੇ ਵਾਪਸ ਭੇਜ ਦਿੱਤਾ ਗਿਆ।

ਤੇ ਇੰਝ ਸਰਕਾਰ ਨੇ ਆਪਣੇ ਆਪ ਹੀ ਕਤਲੇਆਮ ਲਈ ਖ਼ੁਦ ਨੂੰ ਬੜੇ ਸਸਤੇ ਜਿਹੇ ਢੰਗ ਨਾਲ ਬਰੀ ਕਰ ਲਿਆ।

# ਜਨਮ ਦੇ ਨੁਕਸ ਤੋਂ ਜ਼ਰੂਰੀ ਹੈ ਬਚਾਅ



## ਵਿਸ਼ਵ ਜਨਮ ਤੋਂ ਬਿਮਾਰੀ ਦਿਵਸ-2025

*''ਵਿਸ਼ਵ ਭਰ 'ਚ 3 ਮਾਰਚ, 2025 ਨੂੰ ਵਿਸ਼ਵ ਡਿਫੈਕਟਿਵ ਜਨਮ ਪ੍ਰਤੀ ਜਾਗਰੂਕਤਾ ਬਾਰੇ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਵਿਸ਼ਵ ਭਰ ਲਈ ਲਗਾਤਾਰ ਜਨਮ ਸਮੇਂ ਤੋਂ ਹੀ ਬਿਮਾਰੀਆਂ ਦਾ ਵੱਧ ਰਿਹਾ ਅੰਕੜਾ ਚਿੰਤਾ ਬਣ ਗਿਆ ਹੈ। ਇਸ ਸਾਲ ਦਾ ਥੀਮ ਹੈ- ਜਨਮ ਦੇ ਨੁਕਸ ਦੀ ਹਰ ਪੱਧਰ 'ਤੇ ਰੋਕਥਾਮ। ਔਰਤਾਂ 'ਚ ਅਲਕੋਹਲ, ਮਾਰਿਜੁਆਨਾ, ਵੇਪਸ, ਡਰੱਗਜ਼, ਸਿਗਰੇਟ ਦੇ ਨਸ਼ੇ ਦੀ ਲਗਾਤਾਰ ਵੱਧ ਰਹੀ ਵਰਤੋਂ ਖਤਰਨਾਕ ਬਿਮਾਰੀਆਂ ਦੇ ਰਹੀ ਹੈ। ਆਪਣੀ 'ਤੇ ਤੰਦਰੁਸਤ ਬੱਚੇ ਲਈ ਪ੍ਰੈਗਨੈਂਸੀ ਤੋਂ ਪਹਿਲਾਂ, ਦੌਰਾਣ ਅਤੇ ਬਾਅਦ 'ਚ ਖਿਆਲ ਰੱਖਣਾ ਜਰੂਰੀ ਹੋ ਗਿਆ ਹੈ''-ਡਾ. ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਹੈਲਥ ਮੀਡੀਆ ਕੈਨੇਡਾ: ਵਿਸ਼ਵ ਭਰ 'ਚ 3 ਮਾਰਚ 2025 ਨੂੰ ਵਿਸ਼ਵ ਜਨਮ ਡਿਫੈਕਟ ਦਿਵਸ ਵਾਲੇ ਦਿਨ ਜਾਗਰੁਕਤਾ ਨਾਲ, ਪੈਦਾ ਹੋ ਰਹੇ ਨੁਕਸ ਵਾਲੇ ਬੱਚਿਆਂ ਦਾ ਅੰਕੜਾ ਘੱਟ ਕਰਨ 'ਤੇ ਜੋਰ ਦਿੱਤਾ ਜਾ ਰਿਹਾ ਹੈ। ਅੱਜ ਪੂਰੀ ਦੁਨੀਆ 'ਚ ਨੁਕਸ ਵਾਲੇ ਯਾਨਿ ਡਿਫੈਕਟਿਵ ਬੱਚੇ ਪੈਦਾ ਹੋ ਰਹੇ ਹਨ। ਅਮਰੀਕਾ 'ਚ ਹਰ 4 ਮਿੰਟ 'ਚ 1 ਨੁਕਸ ਵਾਲਾ ਬੱਚਾ ਯਾਨਿ ਹਰ ਸਾਲ 121,000 ਤੋਂ ਵੱਧ ਪੈਦਾ ਹੋ ਰਹੇ ਹਨ। ਜਨਮ ਦੇ ਸਮੇਂ ਮੌਜੂਦ ਢਾਂਚਾਗਤ ਤਬਦੀਲੀਆਂ ਹਨ ਜੋ ਸਰੀਰ ਦੇ ਲਗਭਗ ਕਿਸੇ ਵੀ ਹਿੱਸੇ ਜਾਂ ਅੰਗਾਂ (ਦਿਲ, ਦਿਮਾਗ, ਪੈਰ) ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਸਰੀਰ ਕਿਵੇਂ ਦਿਸਦਾ ਜਾਂ ਕੰਮ ਕਰਦਾ ਹੈ। ਜਨਮ ਦੇ ਬਿਮਾਰੀਆਂ ਆਮ ਤੋਂ ਲੈ ਕੇ ਗੰਭੀਰ 'ਤੇ ਵੱਖ-ਵੱਖ ਵੀ ਹੋ ਸਕਦੀਆਂ ਹਨ। ਜਨਮ ਦੇ ਨੁਕਸ ਨਾਲ ਪ੍ਰਭਾਵਿਤ ਹਰੇਕ ਬੱਚੇ ਦੀ ਤੰਦਰੁਸਤੀ ਜ਼ਿਆਦਾਤਰ ਇਸ ਗੱਲ 'ਤੇ ਨਿਰਭਰ ਕਿ ਕਿਸ ਅੰਗ ਜਾਂ ਸਰੀਰ ਹਿੱਸਾ ਸ਼ਾਮਿਲ ਹੈ ਅਤੇ ਕਿੰਨਾ ਪ੍ਰਭਾਵਿਤ ਹੋਇਆ ਹੈ। ਪੀੜਿਤ ਵਿਅਕਤੀ ਦੀ ਸੰਭਾਵਿਤ ਉਮਰ ਪ੍ਰਭਾਵਿਤ ਹੋ ਸਕਦੀ ਹੈ ਜਾਂ ਨਹੀਂ।

ਜਨਮ ਦੇ ਨੁਕਸ ਦੀ ਪਛਾਣ ਕਿਵੇਂ: ਜਨਮ ਤੋਂ ਪਹਿਲਾਂ, ਜਨਮ ਵੇਲੇ, ਜਾਂ ਬਾਅਦ ਕਿਸੇ ਵੀ ਸਮੇਂ ਬਿਮਾਰੀ ਆ ਸਕਦੀ ਹੈ। ਜ਼ਿਆਦਾਤਰ ਇਹ ਨੁਕਸ ਜੀਵਨ ਦੇ ਪਹਿਲੇ ਸਾਲ ਅੰਦਰ ਦੇਖੇ ਜਾ ਰਹੇ ਹਨ। ਪ੍ਰੈਗਨੈਂਸੀ ਦੌਰਾਨ ਕਿਸੇ ਵੀ ਪੜਾਅ, ਆਮ ਤੌਰ 'ਤੇ ਪਹਿਲੇ 3 ਮਹੀਨਿਆਂ 'ਚ, ਜਦੋਂ ਬੱਚੇ ਦੇ ਅੰਗ ਬਣ ਰਹੇ




ਅਨਿਲ ਧੀਰ
ਕਾਲਮਨਿਸਟ
healthmedia1@hotmail.com


ਹੁੰਦੇ ਹਨ। ਪ੍ਰੈਗਨੈਂਸੀ ਦੇ ਆਖਰੀ 6 ਮਹੀਨੇ



ਦੇ ਦੌਰਾਣ ਟਿਸ਼ੂ ਅਤੇ ਅੰਗ ਵੱਧਦੇ 'ਤੇ ਵਿਕਾਸ ਕਰਦੇ ਰਹਿੰਦੇ ਹਨ। ਕਈ ਕਾਰਨ ਗੁੰਝਲਦਾਰ ਮਿਕਸ ਕਾਰਨਾਂ 'ਚ ਸਾਡੇ ਜੀਨ, ਵਿਵਹਾਰ, ਵਾਤਾਵਰਣ 'ਚ ਮੌਜੂਦ ਚੀਜ਼ਾਂ ਸ਼ਾਮਲ ਹਨ। ਪਰ ਅਸੀਂ ਪੂਰੀ ਤਰ੍ਹਾਂ ਨਹੀਂ ਸਮਝਦੇ ਕਿ ਇਹ ਕਾਰਕ ਜਨਮ ਦੇ ਨੁਕਸ ਪੈਦਾ ਕਰਨ ਲਈ ਇਕੱਠੇ ਕਿਵੇਂ ਕੰਮ ਕਰ ਸਕਦੇ ਹਨ। ਜਦੋਂ ਕਿ ਸਾਡੇ ਕੋਲ ਅਜੇ ਹੋਰ ਕੰਮ ਕਰਨਾ ਬਾਕੀ ਹੈ, ਅਸੀਂ ਪਿਛਲੀ ਖੋਜ ਦੁਆਰਾ ਜਨਮ ਦੇ ਨੁਕਸ ਬਾਰੇ ਬਹੁਤ ਕੁੱਝ ਸਿੱਖਿਆ ਹੈ। ਉਦਾਹਰਨ ਲਈ ਕੁੱਝ ਚੀਜਾਂ ਜਨਮ ਨੁਕਸ ਵਾਲੇ ਬੱਚੇ ਦੇ ਹੋਣ ਦੀ ਸੰਭਾਵਨਾ ਨੂੰ ਵਧਾ ਸਕਦੀਆਂ ਹਨ, ਜਿਵੇਂਕਿ ਪ੍ਰੈਗਨੈਂਸੀ ਦੌਰਾਣ ਸਿਗਰਟਨੋਸ਼ੀ, ਸ਼ਰਾਬ ਪੀਣਾ, ਕੁੱਝ ਦਵਾਈਆਂ ਲੈਣਾ, ਪ੍ਰੈਗਨੈਂਸੀ ਤੋਂ ਪਹਿਲਾਂ ਅਤੇ ਦੌਰਾਣ ਮੋਟਾਪਾ ਹੋਣਾ ਜਾਂ ਬੇਕਾਬੂ ਸ਼ੂਗਰ ਹੋਣਾ, ਆਈਸੋਟਰੇਟੀਨੋਇਨ ਦਵਾਈ, ਪ੍ਰੈਗਨੈਂਸੀ ਦੌਰਾਣ ਇਨਫੈਕਸ਼ਨ ਜ਼ੀਕਾ ਅਤੇ ਸਾਈਟੋਮੇਗਲੋ ਵਾਇਰਸ। *ਗਰਮੀ ਦੇ ਐਕਸਪੋਜ਼ਰ ਕਾਰਨ ਸਰੀਰ ਦਾ ਤਾਪਮਾਨ ਹਾਈ ਰਹਿਣਾ।* ਜ਼ਿਆਦਾ ਉਮਰ 'ਚ ਮਾਂ ਹੋਣ ਦੇ ਨਾਤੇ, ਕਿਉਂਕਿ ਉਮਰ ਦੇ ਨਾਲ ਕ੍ਰੋਮੋਸੋਮਲ ਅਸਧਾਰਨਤਾਵਾਂ ਨਾਲ ਖਤਰਾ ਵੱਧ ਸਕਦਾ ਹੈ।


ਖਿਆਲ ਰੱਖਣਾ ਜਰੂਰੀ ਹੋ ਗਿਆ ਹੈ:

- ਜਨਮ ਦੇ ਨੁਕਸ ਦੇ ਰੋਕਥਾਮ 'ਚ ਵਿਸ਼ੇਸ਼ ਟੈਸਟ: ਹੈਲਦੀ ਅਤੇ ਬੱਚੇ ਦੇ ਜਨਮ ਦੇ ਨੁਕਸ ਦੇ ਸੰਭਾਵਿਤ ਖਤਰੇ ਘੱਟ ਕਰਨ ਲਈ ਈਕੋਕਾਰਡੀਓਗਰਾਮ, ਐਕਸ-ਰੇ, ਜੈਨੇਟਿਕ ਕਾਊਂਸਲਿੰਗ, ਸਮੇਂ-ਸਮੇਂ 'ਤੇ ਡਾਕਟਰ ਦੀ ਸਲਾਹ, ਵਿਟਾਮਿਨ ਸਪਲੀਮੈਂਟ, ਪੌਸ਼ਟਿਕ ਖੁਰਾਕ, ਪ੍ਰੈਗਨੈਂਸੀ ਦੌਰਾਨ ਪ੍ਰੋਪਰ ਦੇਖਭਾਲ, ਜ਼ਰੂਰੀ ਵੈਕਸੀਨੇਸ਼ਨ ਕਰਾਓ।
- ਕੋਈ ਵੀ ਓਵਰ-ਦੀ-ਕਾਊਂਟਰ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਜ਼ਰੂਰ ਲਵੋ।
- ਫੋਲਿਕ ਏਸਿਡ ਡੇਲੀ 400 ਗ੍ਰਾਮ ਦੀ ਮਾਤਰਾ, ਦਿਮਾਗ ਅਤੇ ਰੀੜ ਦੀ ਹੱਡੀ ਦੇ ਜਨਮ ਵੇਲੇ ਦੇ ਨੁਕਸ ਨੂੰ ਰੋਕਣ 'ਚ ਹੈਲਪ ਕਰਦਾ ਹੈ।
- ਅਲਕੋਹਲ, ਡਰੱਗਸ, ਤੰਬਾਕੂ, ਦਾ ਨਸ਼ੇ ਦੂਰ ਰਹੋ। ਪ੍ਰੈਗਨੈਂਸੀ ਦੌਰਾਨ ਅਲਕੋਹਲ ਪੀਣ ਨਾਲ ਗਰਭਪਾਤ, ਮਰੇ ਹੋਏ ਬੱਚੇ ਦਾ ਜਨਮ, ਜੜਿਨ ਭਰ ਲਈ ਸਰੀਰਕ, ਵਿਹਾਰਕ, 'ਤੇ ਬੋਧਿਕ, ਅਸਮਰਥਤਾਵਾਂ ਅਤੇ ਭਰੂਣ ਅਲਕੋਹਲ ਸਪੈਕਟਰਮ ਡਿਸਆਰਡਰ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।
- ਤੰਬਾਕੂ-ਸਿਗਰੇਟ ਪੀਣ ਅਤੇ ਮਾਰਿਜੁਆਨਾ, ਨਾਲ ਅਚਨਚੇਤੀ ਜਨਮ, ਕੱਟੇ ਹੋਏ ਬੁੱਲ, ਬੱਚਾ ਅੰਡਰਵੇਟ, ਵਾਲੀ ਹਾਲਤ ਪੈਦਾ ਹੋ ਸਕਦੀ ਹੈ।
- ਔਰਤਾਂ ਸ਼ੂਗਰ ਰੋਗ ਦੀ ਹਾਲਤ 'ਚ ਵਰਕ-ਆਉਟ, ਯੋਗਾ, ਮੈਡੀਟੇਸ਼ਨ, ਸਹੀ ਖੁਰਾਕ, ਜਾਂਚ, ਦੁਆਰਾ ਕੰਟ੍ਰੋਲ 'ਚ ਰੱਖਣ। ਪ੍ਰੈਗਨੈਂਸੀ ਤੋਂ ਪਹਿਲਾਂ, ਦੌਰਾਨ ਅਤੇ ਬਾਅਦ 'ਚ ਮਾਂ-ਬੱਚੇ ਲਈ ਸੰਭਾਵਿਤ ਖਤਰੇ ਦਾ ਕਾਰਨ ਬਣ ਸਕਦੇ ਹਨ।
- ਤੰਦਰੁਸਤੀ ਅਤੇ ਤੰਦਰੁਸਤ ਬੱਚੇ ਲਈ ਗਰਭਵਤੀ ਔਰਤਾਂ ਨੂੰ ਹਰ ਜ਼ਰੂਰੀ ਸ਼ਾਟ-ਵੈਕਸੀਨੇਸ਼ਨ, ਲਈ ਸਮੇਂ-ਸਮੇਂ 'ਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਜੰਕ-ਮਸਾਲੇਦਾਰ ਖੁਰਾਕ, ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਦਾ ਜੂਸ, ਸੂਪ, ਕੈਫੀਨ ਦੀ ਵਰਤੋਂ ਘੱਟ ਕਰਨ ਦੀ ਲੋੜ ਹੈ।

ਨੋਟ : ਪ੍ਰੈਗਨੈਂਸੀ ਤੋਂ ਪਹਿਲਾਂ ਜਾਂ ਦੌਰਾਨ ਕਮਜ਼ੋਰ 'ਤੇ ਕਿਸੇ ਬਿਮਾਰੀ ਨਾਲ ਪੀੜਤਾਂ ਨੂੰ ਆਪਣੀ ਅਤੇ ਤੰਦਰੁਸਤ ਬੱਚੇ ਲਈ ਲੋੜ ਤੋਂ ਵੱਧ ਖਿਆਲ ਰੱਖਣ ਦੀ ਲੋੜ ਹੈ। ਕਿਸੇ ਵੀ ਮਾੜੇ ਲੱਛਣ ਦਿਸਣ ਦੀ ਹਾਲਤ 'ਚ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।




# ਥਾਇਰਾਇਡ ਵਿਚ ਲਾਪ੍ਰਵਾਹੀ ਠੀਕ ਨਹੀਂ



ਨਰਿੰਦਰ ਦੇਵਾਂਗਨ

ਥਾਇਰਾਇਡ ਹੌਲੀ-ਹੌਲੀ ਪੂਰੇ ਵਿਸ਼ਵ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਕੇ ਮਹਾਂ-ਸਮੱਸਿਆ ਬਣਦਾ ਜਾ ਰਿਹਾ ਹੈ। ਇਕ ਅੰਦਾਜ਼ੇ ਅਨੁਸਾਰ ਇਸ ਨੇ ਵਿਸ਼ਵ ਦੇ ਅਣਗਿਣਤ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੋਇਆ ਹੈ। ਥਾਇਰਾਇਡ ਗਰਦਨ ਦੇ ਕੋਲ ਸਥਿਤ ਇਕ ਛੋਟੀ ਜਿਹੀ ਗ੍ਰੰਥੀ ਹੁੰਦੀ ਹੈ। ਇਹ ਗ੍ਰੰਥੀ ਸਰੀਰ ਦਾ ਮੈਟਾਬੋਲੀਜ਼ਮ ਅਤੇ ਵਿਕਾਸ ਕੰਟਰੋਲ ਕਰਨ ਵਾਲੇ ਹਾਰਮੋਨ ਦਾ ਰਿਸਾਅ ਕਰਦੀ ਹੈ। ਜਦੋਂ ਇਹ ਗ੍ਰੰਥੀ ਕੁਝ ਕਾਰਨਾਂ ਕਰਕੇ ਸਰੀਰ ਲਈ ਜ਼ਰੂਰੀ ਥਾਇਰਾਇਡ ਹਾਰਮੋਨ ਦਾ ਰਿਸਾਵ ਨਹੀਂ ਕਰ ਪਾਉਂਦੀ ਤਾਂ ਵਿਅਕਤੀ ਥਾਇਰਾਇਡ ਤੋਂ ਪੀੜਤ ਹੋ ਜਾਂਦਾ ਹੈ। ਜੇਕਰ ਇਹ ਗ੍ਰੰਥੀ ਖ਼ੂਨ ਵਿਚ ਜ਼ਿਆਦਾ ਮਾਤਰਾ ਵਿਚ ਹਾਰਮੋਨ ਦਾ ਰਿਸਾਵ ਕਰਦੀ ਹੈ ਤਾਂ ਹਾਈਪਰ ਥਾਇਰਾਇਡਇਜ਼ਮ ਅਤੇ ਜੇਕਰ ਘੱਟ ਮਾਤਰਾ ਵਿਚ ਹਾਰਮੋਨ ਦਾ ਰਿਸਾਵ ਕਰਦੀ ਹੈ ਤਾਂ ਹਾਈਪੋ ਥਾਇਰਾਇਡਇਜ਼ਮ ਕਹਾਉਂਦਾ ਹੈ।

ਇਕ ਰਿਪੋਰਟ ਅਨੁਸਾਰ ਔਰਤਾਂ ਵਿਚ ਮਰਦਾਂ ਦੇ ਮੁਕਾਬਲੇ ਥਾਰਾਈਡ ਦੀ ਸਮੱਸਿਆ ਜ਼ਿਆਦਾ ਪਾਈ ਜਾਂਦੀ ਹੈ। ਇਕ ਅੰਦਾਜ਼ਾ ਹੈ ਕਿ ਥਾਇਰਾਇਡ ਤੋਂ ਪ੍ਰਭਾਵਿਤ ਲੋਕਾਂ ਵਿਚੋਂ 80 ਫ਼ੀਸਦੀ ਔਰਤਾਂ ਹੁੰਦੀਆਂ ਹਨ। ਥਾਇਰਾਇਡ ਸ਼ੂਗਰ ਦੀ ਤਰ੍ਹਾਂ ਹੀ ਫੈਲ ਰਿਹਾ ਹੈ ਪਰ ਇਸ ਦਾ ਪਤਾ ਛੇਤੀ ਨਹੀਂ ਲਗਦਾ।

ਹਾਈਪਰ ਥਾਇਰਾਇਡਇਜ਼ਮ ਅਤੇ ਹਾਈਪੋ ਥਾਇਰਾਇਡਇਜ਼ਮ ਦੋਵਾਂ ਦੇ ਹੀ ਲੱਛਣ ਹੌਲੀ-ਹੌਲੀ ਸਾਹਮਣੇ ਆਉਂਦੇ ਹਨ ਅਤੇ ਸ਼ੁਰੂ ਵਿਚ ਇਹ ਕਮਜ਼ੋਰ ਹੁੰਦੇ ਹਨ ਕਿ ਇਸ ਪਾਸੇ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ। ਹਾਈਪਰ ਥਾਈਰਾਈਇਜ਼ਮ ਵਿਚ ਜਿਥੇ ਵਜ਼ਨ ਘੱਟ ਹੋਣ ਲਗਦਾ ਹੈ, ਉਥੇ ਹਾਈਪੋ ਥਾਇਰਾਇਡਇਜ਼ਮ ਵਿਚ ਵਜ਼ਨ ਬੇਵਜ੍ਹਾ ਵਧਣ ਲਗਦਾ ਹੈ।

ਥਾਇਰਾਇਡ ਦੇ ਹੋਰ ਲੱਛਣ ਗਰਭ ਧਾਰਨ ਨਾ ਹੋ ਸਕਣਾ, ਵਾਲ ਝੜਨਾ, ਤਣਾਅ, ਥਕਾਵਟ, ਚਮੜੀ ਰੁੱਖੀ ਹੋਣਾ, ਧਿਆਨ ਇਕਾਗਰ ਕਰਨ ਵਿਚ ਕਮੀ ਹੋਣਾ, ਦਿਮਾਗ਼ ਦੀ ਸ਼ਿਥਿਲਤਾ ਕਾਰਨ ਅਕਸਰ ਗੱਲਾਂ ਭੁੱਲ ਜਾਣਾ, ਅੱਖਾਂ ਦੇ ਆਲੇ-ਦੁਆਲੇ ਜਾਂ ਸਰੀਰ ਵਿਚ ਸੋਜ਼ ਆਉਣਾ, ਮਾਹਵਾਰੀ ਦਾ ਬੇਤਰਤੀਬ ਹੋਣਾ, ਅੱਲ੍ਹੜ ਉਮਰ ਦੀ ਲੜਕੀਆਂ ਦਾ ਕੱਦ ਨਾ ਵਧਣਾ, ਨੀਂਦ ਨਾ ਆਉਣਾ, ਦਿਲ ਦੀ ਧੜਕਣ ਬੇਕਾਬੂ ਰਹਿਣੀ ਆਦਿ। ਇਹ ਸਾਰੇ ਲੱਛਣ ਇਸ ਤਰ੍ਹਾਂ ਦੇ ਹਨ ਕਿ ਕਿਸੇ ਵੀ ਵਿਅਕਤੀ ਦਾ ਧਿਆਨ ਇਕਦਮ ਨਹੀਂ ਖਿੱਚਦੇ। ਆਮ ਤੌਰ 'ਤੇ ਸਭ ਇਨ੍ਹਾਂ ਨੂੰ ਜ਼ਿਆਦਾ ਭੱਜ-ਦੌੜ, ਕੰਮ ਦਾ ਜ਼ਿਆਦਾ ਜਾਂ ਦਫ਼ਤਰ ਦੇ ਤਣਾਅ ਨਾਲ ਜੋੜ ਲੈਂਦੇ ਹਨ, ਜਿਸ ਕਾਰਨ ਇਹ ਵਿਕਾਰ ਵਧਦਾ ਹੀ ਚਲਿਆ ਜਾਂਦਾ ਹੈ। ਕਿਉਂਕਿ ਇਹ ਸਭ ਸਮੱਸਿਆਵਾਂ ਹੌਲੀ-ਹੌਲੀ ਵਧਦੀਆਂ ਹਨ, ਇਸ ਲਈ ਵੀ ਸਮਾਂ ਬੀਤਣ ਨਾਲ ਲੋਕ ਇਨ੍ਹਾਂ ਦੇ ਆਦੀ ਹੋ ਜਾਂਦੇ ਹਨ। ਇਸ ਤੋਂ ਇਲਾਵਾ ਲੋਕਾਂ ਵਿਚ ਇਸ ਵਿਕਾਰ ਪ੍ਰਤੀ ਜਾਗਰੂਕਤਾ ਦੀ ਵੀ ਕਮੀ ਹੈ।

ਜੇਕਰ ਸਮਾਂ ਰਹਿੰਦਿਆਂ ਥਾਇਰਾਇਡ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਕਈ ਹੋਰ ਸਮੱਸਿਆਵਾਂ ਨੂੰ ਜਨਮ ਦੇ ਸਕਦਾ ਹੈ। ਜਿਵੇਂ ਜੇਕਰ ਗਰਭਵਤੀ ਮਾਂ ਥਾਇਰਾਇਡ ਤੋਂ ਪੀੜਤ ਹੋਵੇ ਤਾਂ ਬੱਚੇ ਦੀ ਯਾਦ ਸ਼ਕਤੀ ਕਮਜ਼ੋਰ ਹੋਵੇਗੀ, ਔਰਤਾਂ ਵਿਚ ਮਾਸਿਕ ਧਰਮ ਸੰਬੰਧੀ ਕਈ ਹੋਰ ਮਸੱਸਿਆਵਾਂ ਪੈਦਾ ਹੋ ਜਾਣਗੀਆਂ ਜਾਂ ਫਿਰ ਇਹ ਸਰੀਰ ਦੇ ਕਈ ਮੁੱਖ ਅੰਗਾਂ ਜਿਵੇਂ ਦਿਮਾਗ਼, ਦਿਲ ਜਾਂ ਪ੍ਰਜਣਨ ਤੰਤਰ 'ਤੇ ਵੀ ਬੁਰਾ ਪ੍ਰਭਾਵ ਪੈ ਸਕਦਾ ਹੈ। ਇਸ ਕਾਰਨ ਬਾਂਝਪਨ ਵਰਗੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ। ਕਿਉਂਕਿ ਇਸ ਨੁਕਸ ਦੇ ਪ੍ਰਭਾਵ ਗੰਭੀਰ ਹਨ ਪਰ ਇਲਾਜ ਬੇਹੱਦ ਸੌਖਾ ਹੈ। ਕੋਈ ਵੀ ਸਾਧਾਰਨ ਡਾਕਟਰ ਇਸ ਲਈ ਤੁਹਾਨੂੰ ਸਿਰਫ਼ ਇਕ ਛੋਟੀ ਜਿਹੀ ਦਵਾਈ ਖਾਣ ਦੀ ਸਲਾਹ ਦੇ ਸਕਦਾ ਹੈ। ਇਕ ਵਾਰ ਇਸ ਨੁਕਸ ਨੂੰ ਵਧਣ ਤੋਂ ਰੋਕਣ 'ਤੇ ਸਾਲ ਵਿਚ ਇਕ ਵਾਰ ਇਸ ਦਾ ਟੈਸਟ ਕਰਾਉਣ ਦੀ ਜ਼ਰੂਰਤ ਪੈਂਦੀ ਹੈ ਤੇ ਇਸ ਤਰ੍ਹਾਂ ਤੁਸੀਂ ਆਮ ਵਰਗਾ ਜੀਵਨ ਬਤੀਤ ਕਰ ਸਕਦੇ ਹੋ।

# ਘੁੰਮ ਚਰਖੜਿਆ ਘੁੰਮ ਵੇ

**ਕੁਲਦੀਪ ਸਿੰਘ ਸਾਹਿਲ**



**ਘੁੰਮ ਚਰਖੜਿਆ ਵੇ,**
**ਤੇਰੀ ਕੱਤਣ ਵਾਲੀ ਜੀਵੇ,**
**ਨਲੀਆਂ ਵੱਟਣਿ ਵਾਲੀ ਜੀਵੇ।**
**ਬੁੱਢਾ ਹੋਇਓਂ ਸ਼ਾਹ ਹੁਸੈਨਾ,**
**ਦੰਦੀਂ ਝੇਰਾਂ ਪਈਆਂ।**
**ਉਠਿ ਸਵੇਰੇ ਢੂੰਡਣਿ ਲੱਗੋਂ,**
**ਸੰਝਿ ਦੀਆਂ ਜੋ ਗਈਆਂ।**

ਸ਼ਾਹ ਹੁਸੈਨ ਦੀਆਂ ਕਾਫੀਆਂ ਇਨਸਾਨੀ ਜ਼ਿੰਦਗੀ ਬਾਰੇ ਬਹੁਤ ਕੁਝ ਬਿਆਨ ਕਰਦੀਆਂ ਹਨ। ਜ਼ਿਆਦਾਤਰ ਲੋਕ ਜ਼ਿੰਦਗੀ ਨੂੰ ਜਦੋਂ ਤੱਕ ਸਮਝਦੇ ਹਨ, ਉਦੋਂ ਤੱਕ ਸਮਾਂ ਬਹੁਤ ਗੁਜ਼ਰ ਚੁੱਕਾ ਹੁੰਦਾ ਹੈ। ਜ਼ਿੰਦਗੀ ਬਾਰੇ ਲੋਕਾਂ ਦੀ ਅਲੱਗ ਅਲੱਗ ਸੋਚ ਹੋ ਸਕਦੀ ਹੈ। ਇਹ ਸੋਚ ਉਨ੍ਹਾਂ ਦੇ ਰਹਿਣ-ਸਹਿਣ, ਅਮੀਰੀ ਅਤੇ ਗਰੀਬੀ, ਦੇਸ਼ ਅਤੇ ਵਿਚਾਰਧਾਰਾ 'ਤੇ ਨਿਰਭਰ ਕਰਦੀ ਹੈ ਜਿਵੇਂ ਕਿ ਬੱਚਿਆਂ ਲਈ ਜ਼ਿੰਦਗੀ ਇੱਕ ਖੇਡ ਹੈ, ਨੌਜਵਾਨਾਂ ਲਈ ਜ਼ਿੰਦਗੀ ਇੱਕ ਗੀਤ ਵੀ ਹੈ। ਇਸੇ ਤਰ੍ਹਾਂ ਕੋਈ ਜ਼ਿੰਦਗੀ ਨੂੰ ਕਲਾ ਦੱਸਦਾ ਹੈ, ਕੋਈ ਤਪੱਸਿਆ, ਕੋਈ ਜ਼ਿੰਦਗੀ ਨੂੰ ਜੱਦੋ-ਜਹਿਦ ਦੱਸਦਾ ਹੈ ਅਤੇ ਕੋਈ ਸਫ਼ਰ ਦਾ ਨਾਂ ਦਿੰਦਾ ਹੈ। ਕੋਈ ਜ਼ਿੰਦਗੀ ਨੂੰ ਗਲ ਪਿਆ ਢੋਲ ਵਜਾਉਣਾ ਕਹਿੰਦਾ ਹੈ, ਕੋਈ ਇਸ ਨੂੰ ਜ਼ਿੰਦਾਦਿਲੀ ਵੱਜੋਂ ਮਾਣਦਾ ਹੈ। ਕੋਈ ਕਰਮਾਂ ਦਾ ਫਲ, ਕੋਈ ਕੰਡਿਆਂ ਦੀ ਸੇਜ। ਗੱਲ ਕੀ, ਜ਼ਿੰਦਗੀ ਦੇ ਸਬੰਧ ਵਿੱਚ ਅਣਗਿਣਤ ਧਾਰਨਾਵਾਂ ਹਨ। ਫਿਰ ਵੀ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਦੇ ਵਿਚਕਾਰ ਬਚਪਨ ਤੋਂ ਜਵਾਨੀ, ਜਵਾਨੀ ਤੋਂ ਬੁਢਾਪਾ ਆਦਿ ਤੱਕ ਦਾ ਸਫ਼ਰ ਤੈਅ ਕਰਦਿਆਂ ਜਿਹੜਾ ਸਮਾਂ ਆ ਜਾਂਦਾ ਹੈ, ਉਹੀ ਜ਼ਿੰਦਗੀ ਹੈ। ਜ਼ਿੰਦਗੀ ਇੱਕ ਛੋਟਾ ਜਿਹਾ ਸ਼ਬਦ ਆਪਣੇ ਆਪ ਵਿੱਚ ਬਹੁਤ ਡੂੰਘੇ ਅਰਥ ਸਮੋਈ ਬੈਠਾ ਹੈ। ਜ਼ਿੰਦਗੀ ਨਾਂ ਹੈ ਦੁੱਖਾਂ ਅਤੇ ਸੁੱਖਾਂ ਦਾ, ਪਿਆਰ ਅਤੇ ਤਕਰਾਰ ਦਾ, ਦੋਸਤੀ ਅਤੇ ਚਾਹਤ ਦਾ, ਖ਼ੁਸ਼ੀਆਂ ਅਤੇ ਗ਼ਮੀਆਂ ਦਾ, ਪਾਉਣ ਅਤੇ ਗਵਾਉਣ ਦਾ, ਰੁੱਸਣ ਅਤੇ ਮਨਾਉਣ ਦਾ, ਇਹ ਆਸਾ ਅਤੇ ਨਿਰਾਸ਼ਾ ਦਾ ਇੱਕ ਸੰਗਮ ਹੈ।

ਅੰਗਰੇਜ਼ੀ ਕਵੀ ਵਿਲੀਅਮ ਸ਼ੇਕਸਪੀਅਰ ਅਨੁਸਾਰ, 'ਜ਼ਿੰਦਗੀ ਇੱਕ ਰੰਗਮੰਚ ਹੈ, ਜਿੱਥੇ ਹਰ ਕੋਈ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ।' ਗੋਰਕੀ ਅਨੁਸਾਰ ਜੀਵਨ ਚਾਬੁਕ ਮਾਰ ਕੇ ਚਲਾਉਣ ਵਾਲਾ ਘੋੜਾ ਨਹੀਂ ਹੈ। ਡਾਕਟਰ ਰਾਧਾ ਕ੍ਰਿਸ਼ਨਨ ਨੇ ਇੱਕ ਥਾਂ ਲਿਖਿਆ ਹੈ ਕਿ ਜ਼ਿੰਦਗੀ ਤਾਸ਼ ਦੇ ਪੱਤਿਆਂ ਦੀ ਵੰਡ ਵਾਂਗ ਹੈ। ਕਿਸੇ ਨੂੰ ਯੱਕੇ, ਬੇਗੀਆ ਅਤੇ ਬਾਦਸ਼ਾਹ ਵਰਗੇ ਭਾਰੀ ਪੱਤੇ ਆ ਜਾਂਦੇ ਹਨ ਅਤੇ ਕਿਸੇ ਨੂੰ ਕੇਵਲ ਦੁੱਕੀਆਂ ਤਿੱਕੀਆਂ ਹੀ ਆਉਂਦੀਆਂ ਹਨ। ਖੇਡਾਂ ਵਾਲੇ ਨੇ ਆਪਣੇ ਪੱਤਿਆਂ ਨਾਲ ਖੇਡਣਾ ਹੁੰਦਾ ਹੈ। ਵਧੀਆ ਖਿਡਾਰੀ ਓਹੀ ਗਿਣਿਆ ਜਾਂਦਾ ਹੈ ਜੋ ਜਿਹੜੇ ਵੀ ਪੱਤੇ ਉਸ ਦੇ ਹਿੱਸੇ ਆਏ ਹਨ, ਉਨ੍ਹਾਂ ਨੂੰ ਸਿਆਣਪ ਨਾਲ ਖੇਡੇ। ਕਈ ਵਾਰ ਬਾਦਸ਼ਾਹ ਨੂੰ ਵੀ ਦੁੱਕੀਆਂ ਤਿੱਕੀਆ ਦੀ ਈਨ ਮੰਨਣੀ ਪੈਂਦੀ ਹੈ।

ਮਨੋਵਿਗਿਆਨੀਆਂ ਨੇ ਵੀ ਵਿਗਿਆਨਕ ਆਧਾਰ 'ਤੇ ਤਜਰਬੇ ਕਰਕੇ ਵਾਰ ਵਾਰ ਸਿੱਧ ਕੀਤਾ ਹੈ ਕਿ ਸਕਾਰਾਤਮਕ ਸੋਚ, ਮਿਹਨਤ, ਪ੍ਰਤੀਬੱਧਤਾ, ਲਗਨ, ਦ੍ਰਿੜ ਵਿਸ਼ਵਾਸ ਦੇ ਸਾਹਮਣੇ ਸਭ ਮੁਸੀਬਤਾਂ ਸਿਰ ਝੁਕਾ ਦਿੰਦੀਆਂ ਹਨ ਅਤੇ ਅਜਿਹੇ ਮਨੁੱਖ ਦਾ ਕੁਦਰਤ ਵੀ ਸਾਥ ਦੇਣ ਲੱਗਦੀ ਹੈ। ਜ਼ਿੰਦਗੀ ਜਿਊਣਾ ਵੀ ਇੱਕ ਕਲਾ ਹੈ, ਕਲਾ ਹੀ ਨਹੀਂ ਸਗੋਂ ਇੱਕ ਤਪੱਸਿਆ ਹੈ। ਜੀਵਨ ਅੱਗੇ ਵਧਣ ਦਾ ਸਿਧਾਂਤ ਹੈ, ਸਥਿਰ ਰਹਿਣ ਦਾ ਨਹੀਂ। ਜ਼ਿੰਦਗੀ ਜਿਊਣਾ ਹੋਰ ਗੱਲ ਹੈ ਅਤੇ ਭੋਗਣਾ ਹੋਰ। ਇੱਕ ਚੰਗੀ ਜ਼ਿੰਦਗੀ ਜਿਊਣ ਵਾਲੇ ਬੰਦੇ, ਉਹ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਦੇ ਮਾਲਕ ਆਪ ਹੁੰਦੇ ਹਨ। ਆਪ ਇਸ ਨੂੰ ਸੇਧ ਦਿੰਦੇ ਹਨ, ਮਕਸਦ ਦਿੰਦੇ ਹਨ ਅਤੇ ਇਸ ਵਿੱਚ ਰੰਗ ਭਰਦੇ ਹਨ। ਜ਼ਿੰਦਗੀ ਭੋਗਣ ਜਾਂ ਕੱਟਣ ਵਾਲੇ ਉਹ ਇਨਸਾਨ ਹੁੰਦੇ ਹਨ ਜਿਨ੍ਹਾਂ ਨੂੰ ਜ਼ਿੰਦਗੀ ਆਪ ਚਲਾਉਂਦੀ ਹੈ। ਇਹੋ ਜਿਹੇ ਇਨਸਾਨ ਜਾਂ ਤਾਂ ਬੀਤੇ ਦਾ ਝੋਰਾ ਕਰਦੇ ਹਨ ਜਾਂ ਫਿਰ ਆਉਣ ਵਾਲੇ ਵਕਤ ਦੀ ਫ਼ ?ਕਰ। ਉਹ ਵਰਤਮਾਨ ਵਿੱਚ ਜਿਊਣ ਦੀ ਕੋਸ਼ਿਸ਼ ਨਹੀਂ ਕਰਦੇ। ਉਹ ਹਮੇਸ਼ਾਂ ਜ਼ਿੰਦਗੀ ਦੇ ਗ਼ੁਲਾਮ ਬਣੇ ਰਹਿੰਦੇ ਹਨ। ਆਪਣੀ ਮੰਦਹਾਲੀ ਲਈ ਕਰਮਾਂ ਨੂੰ ਜਾਂ ਰੱਬ ਨੂੰ ਬੁਰਾ ਭਲਾ ਕਹਿੰਦੇ ਰਹਿੰਦੇ ਹਨ।

ਜ਼ਿੰਦਗੀ ਵਿੱਚ ਦੁੱਖ ਅਤੇ ਸੁੱਖ ਨਾਲ ਨਾਲ ਚੱਲਦੇ ਹਨ। ਦੁੱਖਾਂ ਵਿੱਚ ਸਾਨੂੰ ਘਬਰਾਉਣਾ ਨਹੀਂ ਚਾਹੀਦਾ, ਸਗੋਂ ਹਿੰਮਤ ਅਤੇ ਦਲੇਰੀ ਨਾਲ ਜ਼ਿੰਦਗੀ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇੱਕ ਵਾਰ ਕਿਸੇ ਬੰਦੇ ਨੇ ਇੱਕ ਸਾਧੂ ਨੂੰ ਸਵਾਲ ਕੀਤਾ ਕਿ ਕੋਈ ਅਜਿਹਾ ਵਚਨ ਕਰੋ ਜਿਸ ਨਾਲ ਆਤਮ ਵਿਸ਼ਵਾਸ ਮਜ਼ਬੂਤ ਹੋਵੇ ਤਾਂ ਉਸ ਸਿੱਧ ਪੁਰਖ ਨੇ ਜਵਾਬ ਦਿੱਤਾ; ਇਹ ਸਮਾਂ ਵੀ ਗੁਜ਼ਰ ਜਾਵੇਗਾ।

ਸੱਚਮੁੱਚ ਉਸ ਭਲੇ ਪੁਰਖ ਦਾ ਜਵਾਬ ਬਹੁਤ ਕਮਾਲ ਦਾ ਸੀ। ਸੁੱਖ ਵਿੱਚ ਵਿਅਕਤੀ ਨੂੰ ਆਪਣੇ ਪੈਰ ਨਹੀਂ ਛੱਡਣੇ ਚਾਹੀਦੇ ਅਤੇ ਦੁੱਖ ਵਿੱਚ ਹਿੰਮਤ। ਚੰਗਾ ਅਤੇ ਮਾੜਾ ਸਮਾਂ ਨਾਲ ਨਾਲ ਚੱਲਦਾ ਹੈ। ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਤਾਂ ਚਾਹੁੰਦੇ ਹਨ, ਪਰ ਸੁਧਾਰਨਾ ਨਹੀਂ। ਇੱਥੇ ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜਿਊਂਦੇ ਹਾਂ। ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਊਂਦੇ ਹਾਂ। ਜ਼ਿੰਦਗੀ ਭਾਵੇਂ ਥੋੜ੍ਹੀ ਹੀ ਕਿਉਂ ਨਾ ਹੋਵੇ, ਪਰ ਚੰਗੀ ਹੋਣੀ ਚਾਹੀਦੀ ਹੈ। ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ। ਦੁੱਖ ਅਤੇ ਸੁੱਖ ਜ਼ਿੰਦਗੀ ਵਿੱਚ ਨਾਲ ਨਾਲ ਚੱਲਦੇ ਹਨ, ਪਰ ਜ਼ਿੰਦਗੀ ਨੂੰ ਚੰਗਾ ਜਾਂ ਘਟੀਆ ਬਣਾਉਣਾ ਮਨੁੱਖ ਦੇ ਆਪਣੇ ਹੱਥ ਹੁੰਦਾ ਹੈ। ਕਈ ਲੋਕ ਛੋਟੀਆਂ ਛੋਟੀਆਂ ਗੱਲਾਂ ਵਿੱਚ ਵੀ ਵੱਡੀਆਂ ਖ਼ੁਸ਼ੀਆਂ ਦੀ ਤਲਾਸ਼ ਕਰ ਲੈਂਦੇ ਹਨ ਅਤੇ ਕਈ ਵੱਡੀਆਂ ਖ਼ੁਸ਼ੀਆਂ ਨੂੰ ਵੀ ਅਜਾਈਂ ਗਵਾ ਦਿੰਦੇ ਹਨ। ਜੋ ਕੁਝ ਕੋਲ ਮੌਜੂਦ ਹੈ, ਉਸ ਨੂੰ ਮਾਣਨ ਦੀ ਥਾਂ ਜੋ ਕੋਲ ਨਹੀਂ ਹੈ, ਉਸ ਦਾ ਰੋਣਾ ਰੋਂਦੇ ਰਹਿੰਦੇ ਹਨ। ਵਕਤ ਅਤੇ ਕਿਸਮਤ ਨੂੰ ਕੋਸਦੇ ਰਹਿੰਦੇ ਹਨ। ਹਰ ਇਨਸਾਨ ਆਪਣੀ ਜ਼ਿੰਦਗੀ ਵਿੱਚ ਸਫਲ ਹੋਣ ਦੀ ਕੋਸ਼ਿਸ਼ ਕਰਦਾ ਹੈ, ਕੋਈ ਬੰਦਾ ਅਸਫਲ ਨਹੀਂ ਹੋਣਾ ਚਾਹੁੰਦਾ। ਕਈ ਲੋਕ ਜ਼ਿੰਦਗੀ ਵਿੱਚ ਸਫਲਤਾ ਦੀਆਂ ਕਹਾਣੀਆਂ ਸਿਰਜ ਜਾਂਦੇ ਹਨ ਅਤੇ ਕਈ ਹੱਥ ਮਲਦੇ ਰਹਿ ਜਾਂਦੇ ਹਨ। ਕਈਆਂ ਦੇ ਦਰਵਾਜ਼ੇ 'ਤੇ ਸਫਲਤਾ ਵਾਰ ਵਾਰ ਦਸਤਕ ਦਿੰਦੀ ਹੈ ਅਤੇ ਕਈਆਂ ਕੋਲੋਂ ਸਫਲਤਾ ਮੂੰਹ ਮੋੜ ਕੇ ਲੰਘ ਜਾਂਦੀ ਹੈ। ਕਈ ਲੋਕਾਂ ਨਾਲ ਸਫਲਤਾ ਪਰਛਾਵਾਂ ਬਣ ਕੇ ਚੱਲਦੀ ਹੈ ਅਤੇ ਕਈਆਂ ਨੂੰ ਸਫਲਤਾ ਖ਼ੁਆਬਾਂ ਵਿੱਚ ਵੀ ਨਸੀਬ ਨਹੀਂ ਹੁੰਦੀ। ਅਜਿਹੀ ਸਥਿਤੀ ਵਿੱਚ ਮਨੁੱਖ ਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ।

ਜੇਕਰ ਅਸੀਂ ਅਸਫਲ ਵੀ ਹੁੰਦੇ ਹਾਂ ਤਾਂ ਸਾਨੂੰ ਇਸ ਨੂੰ ਵੀ ਸਕਾਰਾਤਮਕ ਪੱਖ ਤੋਂ ਕਬੂਲਣਾ ਚਾਹੀਦਾ ਹੈ। ਅਸਫਲਤਾ ਤੋਂ ਨਿਰਾਸ਼ ਹੋ ਕੇ ਯਤਨ ਨਹੀਂ ਛੱਡਣੇ ਚਾਹੀਦੇ। ਅਸਫਲ ਰਹਿਣ ਦਾ ਮਤਲਬ ਇਹ ਨਹੀਂ ਕਿ ਅਸੀਂ ਕੁਝ ਵੀ ਪ੍ਰਾਪਤ ਨਹੀਂ ਕੀਤਾ। ਇਸ ਤੋਂ ਸਾਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਅਸੀਂ ਮੰਜ਼ਿਲ ਪ੍ਰਾਪਤੀ ਤੋਂ ਕਿੰਨੀ ਦੂਰ ਹਾਂ। ਜਿੰਨੇ ਕਦਮ ਅਸੀਂ ਸਫਲਤਾ ਵੱਲ ਜਾਣ ਨੂੰ ਪੁੱਟੇ ਹਨ, ਉਹ ਆਉਣ ਵਾਲੇ ਸਮੇਂ ਵਿੱਚ ਸਾਡੀ ਬਣਨ ਵਾਲੀ ਸਫਲਤਾ ਦੀਆਂ ਨੀਹਾਂ ਵਿੱਚ ਇੱਟਾਂ ਦਾ ਕੰਮ ਕਰਨਗੇ। ਇਸ ਲਈ ਹਿੰਮਤ ਦਾ ਪੱਲਾ ਕਦੇ ਨਾ ਛੱਡੋ। ਜ਼ਿੰਦਗੀ ਇੱਕ ਰੰਗਮੰਚ ਹੈ। ਹਰ ਇਨਸਾਨ ਇਸ ਦੁਨੀਆ ਰੂਪੀ ਰੰਗਮੰਚ ਉੱਤੇ ਆਪਣਾ ਰੋਲ ਅਦਾ ਕਰਨ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਲਈ ਸਾਨੂੰ ਹਰ ਰੋਲ ਬਾਖੂਬੀ ਨਿਭਾਉਣਾ ਚਾਹੀਦਾ ਹੈ।

**ਇੰਨੀ ਸ਼ਿੱਦਤ ਨਾਲ ਨਿਭਾਓ**
**ਜ਼ਿੰਦਗੀ ਦਾ ਕਿਰਦਾਰ**
**ਕਿ ਪਰਦਾ ਡਿੱਗਣ ਤੋਂ ਬਾਅਦ**
**ਵੀ ਵੱਜਦੀਆਂ ਰਹਿਣ ਤਾੜੀਆਂ।**

ਪੈਸੇ ਨਾਲ ਕਦੇ ਵੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਨਹੀਂ ਖ਼ਰੀਦੀਆਂ ਜਾ ਸਕਦੀਆਂ। ਮਿਹਨਤ ਕਰਕੇ ਪੈਸਾ ਕਮਾਉਣਾ ਮਾੜੀ ਗੱਲ ਨਹੀਂ, ਪਰ ਪੈਸੇ ਕਮਾ ਕੇ ਅਤੇ ਸਭ ਕੁਝ ਹੁੰਦਿਆਂ ਵੀ ਦੁਖੀ ਰਹਿਣਾ ਮਾੜੀ ਗੱਲ ਹੈ। ਮੈਂ ਬਹੁਤ ਸਾਰੇ ਅਮੀਰ ਲੋਕਾਂ ਦੇ ਚਿਹਰਿਆਂ 'ਤੇ ਹਮੇਸ਼ਾਂ ਉਦਾਸੀ ਵੇਖੀ ਹੈ ਅਤੇ ਬਹੁਤ ਵਾਰੀ ਬਿਨਾਂ ਛੱਤ ਤੋਂ ਅਤੇ ਰਾਤ ਨੂੰ ਭੁੱਖੇ ਸੌਣ ਵਾਲਿਆਂ ਨੂੰ ਵੀ ਮੁਸਕਰਾਉਂਦੇ ਵੇਖਿਆ ਹੈ। ਜ਼ਿੰਦਗੀ ਨੂੰ ਖ਼ੂਬਸੂਰਤ, ਰੰਗਦਾਰ ਅਤੇ ਖ਼ੁਸ਼ਹਾਲ ਅਸੀਂ ਆਪ ਹੀ ਬਣਾਉਣਾ ਹੁੰਦਾ ਹੈ, ਬਸ! ਇਸ ਨੂੰ ਸਮਝਣ ਦੀ ਲੋੜ ਹੈ। ਸਿਆਣੇ ਕਹਿੰਦੇ ਹਨ ਕਿ ਖ਼ੁਸ਼ੀਆਂ ਨੂੰ ਪੈਸੇ ਨਾਲ ਨਹੀਂ ਖ਼ਰੀਦਿਆ ਜਾ ਸਕਦਾ। ਇਹ ਪ੍ਰਸਥਿਤੀਆਂ 'ਤੇ ਨਿਰਭਰ ਕਰਦੀ ਹੈ ਜਿਵੇਂ ਇੱਕ ਬੱਚਾ ਗੁਬਾਰਾ ਵੇਚ ਕੇ ਖ਼ੁਸ਼ ਹੈ, ਦੂਜਾ ਗੁਬਾਰਾ ਖ਼ਰੀਦ ਕੇ ਅਤੇ ਤੀਜਾ ਬੱਚਾ ਉਸ ਗੁਬਾਰੇ ਨੂੰ ਤੋੜ ਕੇ। ਜੀਵਨ ਬਹੁਤ ਅਨਮੋਲ ਹੈ। ਇਸ ਨੂੰ ਬੇਮਤਲਬ ਤਾਣੀ ਵਾਂਗ ਨਾ ਉਲਝਾਓ, ਅਸਮਾਨ 'ਤੇ ਨਹੀਂ, ਧਰਤੀ 'ਤੇ ਜੀਓ, ਨਕਲੀ ਨਹੀਂ, ਅਸਲੀ ਜੀਵਨ ਜੀਓ। ਜ਼ਿੰਦਗੀ ਦੀ ਅਸਲੀ ਖ਼ੁਸ਼ੀ ਇਮਾਨਦਾਰੀ, ਸੱਚਾਈ ਅਤੇ ਸਾਦਗੀ ਵਿੱਚੋਂ ਲੱਭੀ ਜਾ ਸਕਦੀ ਹੈ। ਆਓ! ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾ ਕੇ ਜੀਵਨ ਬਤੀਤ ਕਰੀਏ। ਜ਼ਿੰਦਗੀ ਬਾਰੇ ਸ਼ਾਹ ਹੁਸੈਨ ਸੱਚ ਬਿਆਨ ਕਰਦੇ ਲਿਖਦੇ ਹਨ;

**ਬਾਲਪਣ ਖੇਡ ਲੈ ਕੁੜੀਏ ਨੀ,**
**ਤੇਰਾ ਅੱਜ ਕਿ ਕੱਲ ਮੁਕਲਾਵਾ।**
**ਖੇਨੂੜਾ ਖਿਡੰਦੀਏ ਕੁੜੀਏ,**
**ਕੰਨੁ ਸੋਇਨੇ ਦਾ ਵਾਲਾ।**
**ਸਾਹੁਰੜੇ ਘਰਿ ਅਲਬਤ ਜਾਣਾ।**
**ਪੇਈਏ ਕੂੜਾ ਦਾਵਾ।**
**ਸਾਵਣ ਮਾਂਹ ਸੁਰੰਗੜਾ ਆਇਆ।**
**ਦਿੱਸਣ ਸਾਵੇਂ ਤੱਲੇ।**
**ਕਹੈ ਹੁਸੈਨ ਫ਼ਕੀਰ ਸਾਈਂ ਦਾ,**
**ਅੱਜ ਆਏ ਕੱਲ ਚੱਲੇ।**

SINGH's TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

CJ Singh
Broker License # 24012019
206-295-5993
Cjs@realtorcjs.com
HOMESMART ONE REALTY

Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

# ਮੇਰੀ ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਏ



ਪਰਿਵਾਰ ਇਸ ਜਗਤ ਦੀ ਸਭ ਤੋਂ ਪਹਿਲੀ ਮੁੱਢਲੀ ਇਕਾਈ ਹੈ ਅਤੇ ਵਿਆਹ ਇਸ ਪਰਿਵਾਰ ਦੇ ਬਣਨ ਲਈ ਮੁੱਢਲਾ ਕਾਰਕ ਹੈ। ਭਾਵੇਂ ਅੱਜਕੱਲ੍ਹ ਸਮਲਿੰਗੀ ਵਿਆਹ ਵੀ ਹੋ ਰਹੇ ਨੇ ਅਤੇ ਕਈ ਦੇਸ਼ਾਂ ਵਿੱਚ ਪ੍ਰਵਾਨਿਤ ਵੀ ਹਨ, ਪਰ ਅਸਲ ਵਿੱਚ ਵਿਆਹ ਲੜਕੀ ਅਤੇ ਲੜਕੇ ਦਾ ਹੀ ਹੁੰਦਾ ਹੈ ਜਿੱਥੋਂ ਪਰਿਵਾਰ ਦਾ ਮੁੱਢ ਬੱਝਦਾ ਹੈ। ਪੁਰਾਤਨ ਸਮੇਂ ਤੋਂ ਹੀ ਇਹ ਰੀਤ ਚੱਲਦੀ ਆ ਰਹੀ ਹੈ ਕਿ ਲੜਕੀ ਨੂੰ ਵਿਆਹੁਣ ਵਾਸਤੇ ਲੜਕਾ ਬਰਾਤ ਲੈ ਕੇ ਲੜਕੀ ਦੇ ਘਰ ਆਉਂਦਾ ਹੈ ਅਤੇ ਲਾਵਾਂ ਜਾਂ ਫੇਰੇ ਆਦਿ ਤੋਂ ਬਾਅਦ ਲੜਕੀ ਨੂੰ ਹਮੇਸ਼ਾਂ ਲਈ ਆਪਣੇ ਘਰ ਲੈ ਜਾਂਦਾ ਹੈ। ਜਿਸ ਵਾਹਨ ਵਿੱਚ ਉਹ ਲੜਕੀ ਨੂੰ ਆਪਣੇ ਘਰ ਲੈ ਕੇ ਜਾਂਦਾ ਹੈ, ਉਸ ਨੂੰ ਡੋਲੀ ਕਿਹਾ ਜਾਂਦਾ ਹੈ।

ਧੀ ਨੇ ਆਪਣੇ ਬਾਬਲ ਦੇ ਵਿਹੜੇ ਵਿੱਚ ਹੱਸਦਿਆਂ, ਖੇਡਦਿਆਂ, ਪੀਂਘਾਂ ਝੂਟਦਿਆਂ, ਸਖੀਆਂ ਨਾਲ ਗੀਤ ਗਾਉਂਦਿਆਂ, ਮਾਂ-ਬਾਪ, ਭੈਣ-ਭਰਾਵਾਂ ਦਾ ਪਿਆਰ ਮਾਣਦਿਆਂ ਆਪਣੇ ਬਚਪਨ ਤੋਂ ਲੈ ਕੇ ਵਿਆਹ ਵੇਲੇ ਤੱਕ ਵਧੀਆ ਸਮਾਂ ਗੁਜ਼ਾਰਿਆ ਹੁੰਦਾ ਹੈ। ਜੱਗ ਦੇ ਦਸਤੂਰ ਅਨੁਸਾਰ ਇੱਕ ਦਿਨ ਉਸ ਨੇ ਇਹ ਸਭ ਕੁਝ ਛੱਡ ਕੇ ਇੱਕ ਨਵੇਂ ਅਤੇ ਅਣਜਾਣ ਪਰਿਵਾਰ ਕੋਲ ਹਮੇਸ਼ਾਂ ਵਾਸਤੇ ਰਹਿਣ ਲਈ ਚਲੀ ਜਾਣਾ ਹੁੰਦਾ ਹੈ। ਨਵੇਂ ਥਾਂ ਬਾਰੇ, ਉਸ ਪਰਿਵਾਰ ਬਾਰੇ, ਹੋਣ ਵਾਲੇ ਪ੍ਰਾਹੁਣੇ, ਸੱਸ, ਸਹੁਰੇ, ਨਣਦਾਂ, ਦਿਉਰ, ਜੇਠ ਆਦਿ ਰਿਸ਼ਤਿਆਂ ਬਾਰੇ ਉਸ ਨੇ ਬਹੁਤ ਕੁਝ ਚੰਗਾ ਅਤੇ ਮਾੜਾ ਸੁਣਿਆ ਹੁੰਦਾ ਹੈ ਅਤੇ ਕੁਝ ਵੇਖਿਆ ਵੀ ਹੁੰਦਾ ਹੈ। ਇਸ ਲਈ ਜਿੱਥੇ ਚੰਗੇ ਬਾਰੇ ਉਸ ਦੇ ਮਨ ਵਿੱਚ ਚਾਅ ਅਤੇ ਉਤਸ਼ਾਹ ਹੁੰਦਾ ਹੈ, ਉੱਥੇ ਇੱਕ ਅਣਜਾਣ ਕਿਸਮ ਦਾ ਡਰ ਵੀ ਉਸ ਦੇ ਅਚੇਤ ਮਨ ਵਿੱਚ ਹੁੰਦਾ ਹੈ। ਉਸ ਨੂੰ ਉਸ ਘਰ ਵਿੱਚ ਆਪਣੀ ਹੋਂਦ ਬਣਾਉਣ ਲਈ, ਮਾਣ ਸਤਿਕਾਰ ਲੈਣ ਲਈ ਬਹੁਤ ਕੁਝ ਨਵਾਂ ਕਰਨਾ ਪੈਣਾ ਹੁੰਦਾ ਹੈ। ਆਪਣੀ ਸ਼ਖ਼ਸੀਅਤ ਵਿੱਚ ਕੁਝ ਨਵੇਂ ਗੁਣ ਧਾਰਨ ਕਰਨੇ ਹੁੰਦੇ ਹਨ ਤਾਂ ਕਿ ਉਹ ਖ਼ੁਸ਼ੀ ਅਤੇ ਪਿਆਰ ਸਤਿਕਾਰ ਨਾਲ ਉੱਥੇ ਰਹਿ ਸਕੇ। ਆਪਣੇ ਬਾਬਲ ਤੋਂ ਜਿਹੜਾ ਉਸ ਦੀ ਹਰ ਮੰਗ ਆਪ ਔਖਾ ਹੋ ਕੇ ਵੀ ਪੂਰੀ ਕਰਦਾ ਰਿਹਾ ਏ, ਉਸ ਦੀ ਅੰਮੜੀ ਜਿਸ ਦੇ ਲਾਡ ਪਿਆਰ ਸਦਕਾ ਉਹ ਉੱਚੀਆਂ ਉਡਾਰੀਆਂ ਮਾਰਦੀ ਰਹੀ ਸੀ, ਉਸ ਦੀਆਂ ਸਹੇਲੀਆਂ ਵਰਗੀਆਂ ਹਮਰਾਜ਼ ਭੈਣਾਂ ਅਤੇ ਮਜ਼ਾਕ ਅਤੇ ਪਿਆਰ ਲੜਾਈ ਕਰਨ ਵਾਲਾ ਵੀਰ, ਅੱਜ ਉਸ ਨੇ ਸਭ ਤੋਂ ਵਿੱਛੜ ਜਾਣਾ ਹੈ, ਇਹ ਸੋਚਾਂ ਸੋਚ ਸੋਚ ਕੇ ਹੀ ਉਸ ਦੇ ਦਿਲ ਨੂੰ ਡੋਬੂ ਪੈਣ ਲੱਗਦੇ ਹਨ। ਕੌਣ ਕਦੋਂ ਅਤੇ ਕਿੰਨੀ ਦੇਰ ਬਾਅਦ ਮਿਲ ਸਕੇਗਾ, ਮਿਲੇਗਾ ਵੀ ਕਿ ਨਹੀਂ, ਉਸ ਨੂੰ ਕਦੋਂ ਅਤੇ ਕਿੰਨੀ ਦੇਰ ਲਈ ਪੇਕੇ ਘਰ ਆਉਣਾ ਮਿਲਦਾ ਏ, ਇਹ ਸਭ ਇੱਕ ਅਗਿਆਤ ਭਵਿੱਖ ਦੇ ਗਰਭ ਵਿੱਚ ਹੋਣ ਕਰਕੇ ਉਸ 'ਤੇ ਉਦਾਸੀ ਦਾ ਰੰਗ ਹੋਰ ਗੂੜ੍ਹਾ ਹੁੰਦਾ ਜਾਂਦਾ ਹੈ। ਚਾਵਾਂ ਅਤੇ ਖ਼ੁਸ਼ੀਆਂ ਨਾਲ ਵਿਆਹ ਦੀਆਂ ਸਾਰੀਆਂ ਰਸਮਾਂ ਨਿਪਟਾ ਲੈਣ ਬਾਅਦ ਹੁਣ ਅਲਵਿਦਾ ਕਹਿਣ ਦਾ ਵਕਤ ਆ ਗਿਆ ਹੈ। ਉਸ ਦੇ ਹੰਝੂ ਰੋਕਿਆਂ ਨਹੀਂ ਰੁਕਦੇ।

ਪੁਰਾਤਨ ਸਮੇਂ ਵਿੱਚ ਲੜਕੀ ਨੂੰ ਪਾਲਕੀ ਵਿੱਚ ਬੈਠਾ ਕੇ ਤੋਰਦੇ ਸਨ, ਜਿਸ ਨੂੰ ਡੋਲੀ ਕਿਹਾ ਜਾਂਦਾ ਸੀ। ਇਸ ਡੋਲੀ ਨੂੰ ਕਹਾਰ ਚੁੱਕਦੇ ਸਨ। ਉਦੋਂ ਅੱਜ ਵਾਂਗ ਕਾਰਾਂ ਆਦਿ ਸਾਧਨ ਨਹੀਂ ਸੀ ਹੁੰਦੇ। ਇਸੇ ਲਈ ਲੋਕ ਗੀਤਾਂ ਅਤੇ ਬੋਲੀਆਂ ਵਿੱਚ ਡੋਲੀ ਚੁੱਕਣ ਦਾ ਜ਼ਿਕਰ ਆਉਂਦਾ ਹੈ। ਲੜਕੀ ਘਰ ਤੋਂ ਤੁਰਨ ਸਮੇਂ ਬੁੱਕ ਭਰ ਕੇ ਚਾਵਲ ਪਿੱਛੇ ਨੂੰ ਸੁੱਟਦੀ ਹੈ ਜਿਸ ਦਾ ਇੱਕ ਭਾਵ ਤਾਂ ਇਹ ਹੁੰਦਾ ਹੈ ਕਿ ਅੱਜ ਤੋਂ ਬਾਅਦ ਮੇਰਾ ਇਸ ਘਰ ਦਾ ਦਾਣਾ ਪਾਣੀ ਖ਼ਤਮ ਹੋਇਆ। ਦੂਜੇ ਉਹ ਇਸ ਪਰਿਵਾਰ ਦੀ ਆਰਥਿਕ ਖੈਰ ਸੁੱਖ ਮੰਗਦੀ ਹੋਈ ਆਖਦੀ ਹੈ ਕਿ ਇਹ ਘਰ ਸਦਾ ਹਰਿਆ ਭਰਿਆ ਰਹੇ। ਉਸ ਨੇ ਚਾਵਲ ਸੁੱਟਣ ਸਮੇਂ ਪਿੱਛੇ ਨੂੰ ਨਹੀਂ ਦੇਖਣਾ ਹੁੰਦਾ। ਕਈ ਥਾਵਾਂ 'ਤੇ ਲੜਕੀ ਦੀ ਮਾਂ ਉਸ ਦੇ ਸੁੱਟੇ ਹੋਏ ਚਾਵਲ ਆਪਣੇ ਪੱਲੇ ਵਿੱਚ ਪਵਾਉਂਦੀ ਹੈ ਜਿਸ ਦਾ ਅਰਥ ਸ਼ਾਇਦ ਇਹ ਹੈ ਕਿ ਉਹ ਆਖਦੀ ਹੋਵੇ ਕਿ ਤੇਰਾ ਦਾਣਾ ਪਾਣੀ ਖ਼ਤਮ ਨਹੀਂ ਹੋਇਆ, ਸਗੋਂ ਤੂੰ ਉਸ ਨੂੰ ਚੁਗਣ ਲਈ ਆਉਂਦੀ ਰਹੀਂ।

ਜਸਵਿੰਦਰ ਸਿੰਘ ਰੁਪਾਲ
9814715796



ਕੁਝ ਥਾਵਾਂ 'ਤੇ ਵਿਆਹੁਲੀ ਕੁੜੀ ਦੀਵਾ ਬਾਲ ਕੇ ਘਰੋਂ ਜਾਂਦੀ ਹੈ ਤਾਂ ਜੋ ਪਿੱਛੋਂ ਘਰ ਵਧੇ ਫੁੱਲੇ। ਘਰੋਂ ਤੋਰਨ ਸਮੇਂ ਲੜਕੀ ਦੀ ਮਾਂ, ਚਾਚੀਆਂ, ਤਾਈਆਂ, ਮਾਮੀਆਂ, ਮਾਸੀਆਂ ਅਤੇ ਹੋਰ ਸੁਆਣੀਆਂ ਉਸ ਨੂੰ ਪਿਆਰ ਦਿੰਦੀਆਂ ਹਨ। ਸ਼ਗਨ ਵੀ ਦਿੱਤਾ ਜਾਂਦਾ ਹੈ ਅਤੇ ਹਰ ਇੱਕ ਦੇ ਗਲ਼ ਲੱਗ ਕੇ ਮਿਲਣ ਸਮੇਂ ਹੰਝੂਆਂ ਦਾ ਵਟਾਂਦਰਾ ਵੀ ਹੁੰਦਾ ਹੈ। ਡੋਲੀ ਤੋਰਨ ਸਮੇਂ ਉਹ ਕਿਹੜੀ ਅੱਖ ਹੈ ਜਿਹੜੀ ਤਰ ਨਹੀਂ ਹੁੰਦੀ। ਬਾਬਲ, ਵੀਰ ਸਭ ਆਪਣੀਆਂ ਭਾਵਨਾਵਾਂ ਨੂੰ ਅੱਖਾਂ ਰਾਹੀਂ ਵਹਿਣ ਦਿੰਦੇ ਹਨ। ਵੀਰ, ਡੋਲੀ ਨੂੰ ਧੱਕਾ ਵੀ ਲਗਾਉਂਦੇ ਹਨ। ਬੈਂਡ ਵਾਜੇ ਵਾਲੇ ਵੀ ਇਸ ਸਮੇਂ ਬੈਰਾਗੀ ਸੁਰਾਂ ਛੇੜਦੇ ਹਨ। ਉਸ ਦੀ ਹੂਕ ਉੱਠਦੀ ਹੈ;

**ਬਾਬਲ ਵਿਦਾ ਕਰੇਂਦਿਆ**
**ਮੈਨੂੰ ਰੱਖ ਲੈ ਅੱਜ ਦੀ ਰਾਤ ਵੇ।**
**ਕਿੱਕਣ ਰੱਖਾਂ ਧੀਏ ਮੇਰੀਏ**
**ਮੈਂ ਤਾਂ ਸੱਜਣ ਬੁਲਾ ਲਏ ਆਪ ਨੀਂ।**

***

**ਮੇਰੀ ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਏ**
**ਰਵਾਂ ਬਾਬਲ ਦੀ ਬਣ ਕੇ ਮੈਂ ਗੋਲੀ ਨੀਂ ਮਾਏ।**

ਬਾਬਲ ਦੀ ਮਜਬੂਰੀ ਹੈ। ਉਹ ਕਦੋਂ ਧੀ ਤੋਂ ਵੱਖ ਹੋਣਾ ਚਾਹੁੰਦਾ ਹੈ, ਪਰ ਧੀਆਂ ਤਾਂ ਰਾਜੇ-ਰਾਣੀਆਂ ਨੂੰ ਵੀ ਤੋਰਨੀਆਂ ਪੈਂਦੀਆਂ ਹਨ।

***

**ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ,**
**ਬਾਬਲ ਗੁੱਡੀਆਂ ਕੌਣ ਖੇਡੂ ?**
**ਮੇਰੀਆਂ ਖੇਡਣ ਪੋਤਰੀਆਂ ਧੀਏ ਘਰ ਜਾ ਆਪਣੇ।**

***

**ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ,**
**ਬਾਬਲ ਡੋਲਾ ਨਹੀਂ ਲੰਘਦਾ**
**ਇੱਕ ਇੱਟ ਪੁਟਾ ਦੇਵਾਂ ਧੀਏ ਘਰ ਜਾ ਆਪਣੇ।**

ਭਾਵ ਬਾਬਲ ਨੇ ਹਰ ਹਾਲਤ ਵਿੱਚ ਆਪਣੀ ਧੀ ਨੂੰ ਤੋਰਨਾ ਹੀ ਹੈ, ਭਾਵੇ ਉਸ ਨੂੰ ਵੀ ਆਪਣੇ ਦਿਲ 'ਤੇ ਕਾਬੂ ਪਾਉਣਾ ਆਸਾਨ ਨਹੀਂ ਹੁੰਦਾ। ਧੀ ਆਪਣੇ ਪਰਦੇਸਣ ਹੋਣ 'ਤੇ ਇੰਝ ਆਖਦੀ ਹੈ;

**ਮੇਰੀ ਡੋਲੀ 'ਤੇ ਪਾ ਦਿਓ ਲੋਈ**
**ਨੀਂ ਮੈਂ ਅੱਜ ਪਰਦੇਸਣ ਹੋਈ।**

ਉਹ ਆਪਣੀ ਸਰਦਾਰੀ ਛੱਡ ਕੇ ਜਾ ਰਹੀ ਹੁੰਦੀ ਹੈ ਅਤੇ ਆਪਣੀ ਅੰਮੜੀ ਨੂੰ ਸੰਬੋਧਿਤ ਹੁੰਦੀ ਹੈ;

**ਆਹ ਲੈ ਮਾਏ ਸਾਂਭ ਕੁੰਜੀਆਂ**
**ਧੀਆਂ ਕਰ ਚੱਲੀਆਂ ਸਰਦਾਰੀ।**

ਉੱਥੇ ਅੰਮੜੀ ਵੀ ਜਾਣਦੀ ਅਤੇ ਮਹਿਸੂਸਦੀ ਹੈ ਕਿ ਕਿਸੇ ਦਾ ਵੀ ਕੋਈ ਦਾਅਵਾ ਨਹੀਂ। ਇਹ ਦਸਤੂਰ ਹੈ ਅਤੇ ਇਸ ਤਰ੍ਹਾਂ ਹੋਣਾ ਹੀ ਹੈ।

**ਲਾਡੋ ਛੱਡ ਨੀਂ ਪੀੜ੍ਹੀ ਦਾ ਪਾਵਾ,**
**ਸਾਡਾ ਨਹੀਂਓ ਦਾਵਾ, ਦਾਵੇ ਵਾਲੇ ਲੈ ਨੀਂ ਚੱਲੇ।**

ਡੋਲੀ ਤੁਰਨ ਸਮੇਂ ਵੀਰ ਡੋਲੀ ਨੂੰ ਧੱਕਾ ਲਗਾਉਂਦੇ ਹਨ। ਗੱਡੀ ਦੇ ਪਹੀਆਂ 'ਤੇ ਪਾਣੀ ਡੋਲ੍ਹਿਆ ਜਾਂਦਾ ਹੈ ਕਿਉਂਕਿ ਪੁਰਾਤਨ ਸਮੇਂ ਇਹ ਪਹੀਏ ਲੱਕੜੀ ਦੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਚੀਕਣ ਤੋਂ ਬਚਾਉਣ ਲਈ ਪਾਣੀ ਡੋਲ੍ਹਿਆ ਜਾਂਦਾ ਸੀ। ਇਹ ਵੀ ਹੋ ਸਕਦਾ ਹੈ ਕਿ ਕੱਚੇ ਰਾਹਾਂ ਦੀ ਮਿੱਟੀ ਨੂੰ ਡੋਲੀ ਦੇ ਅੰਦਰ ਜਾਣ ਤੋਂ ਰੋਕਣ ਲਈ ਪਾਣੀ ਡੋਲ੍ਹਿਆ ਜਾਂਦਾ ਹੋਵੇ। ਰਸਮ ਰੂਪ ਵਿੱਚ ਅੱਜ ਵੀ ਕਾਰ ਦੇ ਟਾਇਰਾਂ 'ਤੇ ਪਾਣੀ ਪਾਇਆ ਜਾਂਦਾ ਹੈ। ਲੜਕੇ ਦਾ ਪਿਓ ਇਸ ਸਮੇਂ ਡੋਲੀ ਤੋਂ ਪੈਸੇ ਵਾਰ ਕੇ ਸੁੱਟਦਾ ਹੈ। ਇਸ ਦਾ ਭਾਵ ਵਿਆਹੁਲੀ ਜੋੜੀ ਦੀ ਖੈਰ ਸੁੱਖ ਅਤੇ ਰੱਖਿਆ ਦੀ ਮੰਗ ਕਰਨਾ ਹੁੰਦਾ ਹੈ। ਪੈਸੇ ਵਾਰਨ ਤੋਂ ਇਹ ਭਾਵ ਹੁੰਦਾ ਹੈ ਕਿ ਉਸ ਨੂੰ ਜੋੜੀ ਨਾਲੋਂ ਮਾਇਆ ਉੱਪਰ ਨਹੀਂ ਹੈ। ਡੋਲੀ ਤੋਰ ਕੇ ਮਾਵਾਂ ਘਰ ਦੀ ਦੇਹਲੀ ਨੂੰ ਲਿੱਪਦੀਆਂ ਸਨ। ਉਸ ਘਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਜਿੱਥੋਂ ਕੰਨਿਆ ਦਾ ਦਾਨ ਕੀਤਾ ਗਿਆ ਹੈ।

ਅੱਜ ਸਮਾਂ ਬਹੁਤ ਬਦਲ ਗਿਆ ਹੈ। ਵਿਆਹ ਸ਼ਾਦੀਆਂ ਵਿੱਚ ਵਪਾਰਕ ਪੱਖ ਭਾਰੂ ਹੋ ਗਿਆ ਹੈ। ਪੁਰਾਣੇ ਸਮੇਂ ਡੋਲੀ ਸਮੇਂ ਲੜਕੀ ਦਾ ਰੋਣ ਧਰਤ ਨੂੰ ਕੰਬਾ ਦੇਣ ਵਾਲਾ ਹੁੰਦਾ ਸੀ। ਤਦ ਹੀ ਤਾਂ ਵਾਰਸ ਸ਼ਾਹ ਵੀ ਇਹੀ ਲਿਖਦਾ ਹੈ;

**ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ,**
**ਮੈਨੂੰ ਲੈ ਚਲੇ ਬਾਬਲਾ ਲੈ ਚਲੇ ਵੇ।**

ਅੱਜ ਦੀ ਮੁਟਿਆਰ ਵਿਆਹ ਸਮੇਂ ਰੋਂਦੀ ਨਹੀਂ। ਇੱਕ ਕਾਰਨ ਤਾਂ ਇਹ ਹੈ ਕਿ ਉਸ ਭਾਵਨਾ ਵਿੱਚ ਵੀ ਕਮੀ ਆਈ ਹੈ। ਗੌਣ ਕਾਰਨ ਇਹ ਵੀ ਹੈ ਕਿ ਆਧੁਨਿਕ ਲੜਕੀ ਰੋ ਕੇ ਆਪਣਾ ਮੇਕਅਪ ਖ਼ਰਾਬ ਨਹੀਂ ਕਰਨਾ ਚਾਹੁੰਦੀ। ਅੱਜ ਵਿਛੋੜਾ ਵੀ ਪਹਿਲਾਂ ਵਾਂਗ ਨਹੀਂ ਰਿਹਾ, ਨਾ ਕੇਵਲ ਆਵਾਜਾਈ ਦੇ ਸਾਧਨਾਂ ਨੇ ਹੀ ਆਉਣਾ ਜਾਣਾ ਆਸਾਨ ਕਰ ਦਿੱਤਾ ਹੈ, ਸਗੋਂ ਇੱਕ ਲੜਕੀ ਵਿਆਹ ਤੋਂ ਬਾਅਦ ਵੀ ਮੋਬਾਈਲ ਰਾਹੀਂ ਹਰ ਰੋਜ਼ ਆਪਣੇ ਮਾਂ-ਬਾਪ ਦੇ ਸੰਪਰਕ ਵਿੱਚ ਰਹਿ ਸਕਦੀ ਹੈ। ਨਵੇਂ ਯੁੱਗ ਵਿੱਚ ਲੜਕੀਆਂ ਆਪ ਹੀ ਵਰ ਲੱਭਣ ਲੱਗੀਆਂ ਹਨ। ਅਜੇ ਮੰਡੀ ਦੀਆਂ ਲੋੜਾਂ ਦੇ ਸ਼ਿਕਾਰ ਅਸੀਂ ਵਿਆਹਾਂ 'ਤੇ ਬੇਅੰਤ ਖ਼ਰਚ ਕਰ ਰਹੇ ਹਾਂ। ਲੱਗਦਾ ਹੈ ਕਿ ਹੋਰ ਕੁਝ ਸਾਲਾਂ ਤੱਕ ਲੜਕੀ-ਲੜਕਾ ਸਿਰਫ਼ ਕੋਰਟ ਮੈਰਿਜ ਹੀ ਕਰਵਾਇਆ ਕਰਨਗੇ। ਮਾਂ-ਬਾਪ ਦਾ ਰੋਲ ਬਹੁਤ ਘਟ ਰਿਹਾ ਹੈ ਅਤੇ ਪੱਛਮੀ ਦੇਸ਼ਾਂ ਵਾਂਗ ਬਾਲਗ ਨੌਜਵਾਨ ਆਪਣੀ ਜ਼ਿੰਦਗੀ ਦੇ ਹਰ ਫ਼ੈਸਲੇ ਆਪ ਲੈ ਕੇ ਵਧੇਰੇ ਖ਼ੁਸ਼ ਅਤੇ ਸੰਤੁਸ਼ਟ ਹਨ। ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਰਸਮ ਬਾਰੇ ਕਿਤਾਬਾਂ ਵਿੱਚੋਂ ਜਾਂ ਵੀਡੀਓਜ਼ ਵਿੱਚੋਂ ਹੀ ਪਤਾ ਲੱਗੇਗਾ,ਪਰ ਉਹ ਉਨ੍ਹਾਂ ਭਾਵਨਾਵਾਂ ਨੂੰ ਕਿਵੇਂ ਮਹਿਸੂਸ ਕਰਨਗੇ ? ਜਿਉਂ ਜਿਉਂ ਭਾਵਨਾ ਖ਼ਤਮ ਹੁੰਦੀ ਜਾਏਗੀ, ਹੌਲੀ ਹੌਲੀ ਉਹ ਰਸਮ ਵੀ ਘਟਦੀ ਘਟਦੀ ਖ਼ਤਮ ਹੋ ਜਾਏਗੀ। ਅਜੋਕੇ ਵਿਆਹ ਪੈਲੇਸ ਵਿੱਚ ਹੁੰਦੇ ਹਨ, ਕਈ ਥਾਵਾਂ 'ਤੇ ਡੋਲੀ ਘਰੋਂ ਤੋਰਨ ਦੀ ਕੋਸ਼ਿਸ਼ ਜਾਰੀ ਹੈ, ਪਰ ਇਹ ਵੀ ਘਟ ਰਹੀ ਹੈ ਕਿਉਂਕਿ ਮੂਵੀ ਅਤੇ ਫੋਟੋਗ੍ਰਾਫੀ ਕਾਰਨ ਸਮਾਂ ਬਹੁਤ ਜ਼ਿਆਦਾ ਲੱਗ ਰਿਹਾ ਹੈ ਅਤੇ ਘਰ ਆਉਣ ਦਾ ਸਮਾਂ ਹੀ ਨਹੀਂ ਬਚਦਾ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਔਰਤਾਂ ਜਿਨ੍ਹਾਂ ਦਾ ਪਤਾ ਨਹੀਂ

ਕੁਝ ਔਰਤਾਂ ਦਾ ਕੋਈ ਪਤਾ ਨਹੀਂ ਹੁੰਦਾ
ਉਹ ਕਿਤੇ ਹੁੰਦੀਆਂ ਹਨ
ਕਿਤੇ ਨਹੀਂ ਵੀ ਹੁੰਦੀਆਂ
ਉਨ੍ਹਾਂ ਦੇ ਨਾਂ, ਪਛਾਣ, ਟੱਬਰ
ਬਾਰੇ ਨਾ ਪੁੱਛਿਓ!
ਮਹਿਜ਼ ਹਵਾ ਦਾ ਗੋਲਾ ਹੁੰਦੀਆਂ ਨੇ
ਜੇਲ 'ਚੋਂ ਨਿਕਲੀਆਂ ਔਰਤਾਂ
ਕਿਤੋਂ ਦੀਆਂ ਹੋ ਕੇ ਵੀ
ਕਿਤੋਂ ਦੀਆਂ ਨਹੀਂ ਹੁੰਦੀਆਂ
ਉਹ ਬੋਲਦੀਆਂ ਨਹੀਂ
ਉਨ੍ਹਾਂ ਦਾ ਅਣਕਿਹਾ ਹੀ ਸਭ ਕੁਝ ਕਹਿ ਜਾਂਦਾ ਹੈ
ਜੋ ਔਰਤਾਂ ਚੁੱਪ ਰਹਿੰਦੀਆਂ
ਉਹੀ ਸਭ ਤੋਂ ਵੱਧ ਬੋਲਦੀਆਂ ਨੇ
ਉਨ੍ਹਾਂ ਦੇ ਪੱਕੇ ਵਾਲ, ਅੱਖਾਂ, ਤਲੀਆਂ
ਉਨ੍ਹਾਂ ਨੂੰ ਸਮਝਣ ਖ਼ਾਤਰ
ਚੁੱਪ ਨੇ ਹੀ ਚੁੱਪ ਨਾਲ ਸੰਵਾਦ ਰਚਾਉਣਾ ਹੁੰਦੈ
ਲੋਕਾਂ ਨੂੰ ਬੇਯਕੀਨੀ ਭਰਪੂਰ ਦਿਸਦੀਆਂ
ਧੁਰ ਤੱਕ ਭਰੀਆਂ ਭਕੁੰਨੀਆਂ ਹੁੰਦੀਆਂ ਨੇ
ਇਹ ਔਰਤਾਂ
ਜੀਕੂੰ ਗੱਡ ਦਿੱਤੀਆਂ ਗਈਆਂ ਹੁੰਦੀਆਂ ਨੇ
ਇਹ ਔਰਤਾਂ
ਜਿਨ੍ਹਾਂ ਦਾ ਕੋਈ ਅਤਾ ਪਤਾ ਨਹੀਂ ਹੁੰਦਾ
ਅਸਲ 'ਚ ਸਮੁੱਚੀ ਔਰਤ ਜਾਤ ਦਾ ਚਿਹਰਾ ਹੁੰਦੀਆਂ ਨੇ
ਤਿਣਕਾ ਤਿਣਕਾ ਚੁਗਦੀਆਂ
ਇਹ ਔਰਤਾਂ
ਪੁਲਾੜ ਦੇ ਬੋਝ ਤੋਂ ਵੀ ਵੱਧ
ਭਾਰੀਆਂ ਹੁੰਦੀਆਂ ਨੇ।

ਡਾ. ਵਰਤਿਕਾ ਨੰਦਾ
ਅਨੁ: ਪ੍ਰਿੰ. ਹਰੀ ਕ੍ਰਿਸ਼ਨ ਮਾਇਰ

## ਇੱਕ ਹੀ ਪੰਜਾਬ ਹੋ ਜੇ

ਮੇਰੇ ਜਿਉਂਦੇ ਜਿਉਂਦੇ ਰੱਬਾ, ਪੂਰਾ ਮੇਰਾ ਖ਼ੁਆਬ ਹੋ ਜੇ
ਚੜ੍ਹਦਾ ਤੇ ਲਹਿੰਦਾ ਦੋਵੇਂ ਇੱਕ ਹੀ ਪੰਜਾਬ ਹੋ ਜੇ
ਰਹਿਣ ਨਾ ਇਹ ਹੱਦ ਬੰਨੇ ਤੇ ਤਾਰਾਂ ਕੰਡਿਆਲੀਆਂ
ਫਿਰ ਤੋਂ ਮਨਾਈਏ 'ਕੱਠੇ ਈਦਾਂ ਤੇ ਦੀਵਾਲੀਆਂ
ਫੇਰ ਨਾ ਕੋਈ ਤੋੜ ਸਕੇ, ਏਨੀ ਪੱਕੀ ਸਾਂਝ ਹੋ ਜੇ
ਚੜ੍ਹਦਾ ਤੇ ਲਹਿੰਦਾ ਦੋਵੇਂ ਇੱਕ ਹੀ ਪੰਜਾਬ ਹੋ ਜੇ
ਵੈਰ ਤੇ ਵਿਰੋਧ ਦਾ ਜੜ੍ਹ ਤੋਂ ਹੀ ਨਾਸ਼ ਹੋ ਜੇ
ਵਿਛੜੇ ਜੋ ਵੰਡ ਵੇਲੇ ਸਭ ਦਾ ਮਿਲਾਪ ਹੋ ਜੇ
ਵੰਡ ਪਾਉਣ ਵਾਲਿਆਂ ਦਾ, ਖਾਨਾ ਖਰਾਬ ਹੋ ਜੇ
ਚੜ੍ਹਦਾ ਤੇ ਲਹਿੰਦਾ ਦੋਵੇਂ ਇੱਕ ਹੀ ਪੰਜਾਬ ਹੋ ਜੇ
ਜੇ ਏਧਰੋਂ ਤੇ ਓਧਰੋਂ ਕਿਸੇ ਨੂੰ ਆਉਣਾ ਜਾਣਾ ਪਵੇ
ਤਾਂ ਰੱਬਾ ਮੇਰੇ ਕਿਸੇ ਨੂੰ ਨਾ ਵੀਜ਼ਾ ਲਵਾਉਣਾ ਪਵੇ
ਪਹਿਲਾਂ ਵਾਂਗ ਸਭ ਕੁਝ, ਫਿਰ ਤੋਂ ਆਬਾਦ ਹੋ ਜੇ
ਚੜ੍ਹਦਾ ਤੇ ਲਹਿੰਦਾ ਦੋਵੇਂ ਇੱਕ ਹੀ ਪੰਜਾਬ ਹੋ ਜੇ
ਜਿਵੇਂ ਅਸੀਂ ਉਨ੍ਹਾਂ ਲਈ ਇੱਥੇ ਹਾਂ ਤੜਫ਼ਦੇ
ਉਹ ਵੀ ਸਾਨੂੰ ਮਿਲਣੇ ਨੂੰ ਹੋਣਗੇ ਤਰਸਦੇ
ਦੂਰੀਆਂ ਦੇ ਰੋਗ ਦਾ, ਪੱਕਾ ਕੋਈ ਇਲਾਜ ਹੋ ਜੇ
ਚੜ੍ਹਦਾ ਤੇ ਲਹਿੰਦਾ ਦੋਵੇਂ ਇੱਕ ਹੀ ਪੰਜਾਬ ਹੋ ਜੇ
ਆਵਾਜਾਈ ਹੋ ਜੇ ਸ਼ੁਰੂ ਰਹਿਣ ਨਾ ਕਿਤੇ ਵੀ ਨਾਕੇ
ਚੰਡੀਗੜ੍ਹੋਂ ਬਸ ਬਹਿਕੇ ਮੈਂ ਉਤਰਾਂ ਲਾਹੌਰ ਜਾ ਕੇ
ਚਡਿਆਲੇ ਦੇ ਕਮਲ ਦੀ ਪੂਰੀ ਫਰਿਆਦ ਹੋ ਜੇ
ਚੜ੍ਹਦਾ ਤੇ ਲਹਿੰਦਾ ਦੋਵੇਂ ਇੱਕ ਹੀ ਪੰਜਾਬ ਹੋ ਜੇ

-ਕਮਲ ਚਡਿਆਲਾ

## ਲੂੰ ਕੰਡੇ

ਫੁੱਲ ਟਹਿਕਦਾ ਹੁੰਦਾ ਸੀ ਕਦੇ ਮੇਰਾ ਰੰਗਲਾ ਪੰਜਾਬ
ਚੰਦਰੇ ਜੇ ਨਸ਼ਿਆਂ ਨੇ ਕੈਸਾ ਝੂਠਾ ਚਾੜ੍ਹਿਆ ਨਕਾਬ
ਘਰਾਂ ਵਿੱਚ ਚੁੱਲ੍ਹੇ ਹੋ ਗਏ ਠੰਢੇ ਪਿੰਡ ਪਿੰਡ ਸਿਵੇ ਤਪਦੇ ਬੜੇ
ਜਦੋਂ ਕਿਸੇ ਮਾਂ ਦੀ ਚੀਕ ਨਿਕਲੇ ਲੂੰ ਕੰਡੇ ਕਰਦੀ ਖੜ੍ਹੇ
ਉੱਚੇ ਲੰਮੇ ਹੁੰਦੇ ਸਨ ਓਏ ਸੰਧੂਆ ਗੱਭਰੂ ਸ਼ੌਕੀਨ
ਹੱਡਾਂ ਵਿੱਚ ਬਹਿ ਗਿਆ ਚਿੱਟਾ ਜੋ ਲੱਗ ਪਏ ਪੀਣ
ਅੱਧੇ ਸਿਵਿਆਂ ਦੇ ਰਾਹ ਤੁਰ ਚੱਲੇ ਅੱਧੇ ਪ੍ਰਦੇਸ ਤੁਰ ਚੱਲੇ ਨੇ
ਮਾਪਿਆਂ ਨੂੰ ਪੁੱਛੋ ਜਿਨ੍ਹਾਂ ਚੜ੍ਹਦੀ ਜਵਾਨੀ ਪੁੱਤ ਘਰੋਂ ਘੱਲੇ ਨੇ
ਗੰਦੀਆਂ ਸਰਕਾਰਾਂ ਦੀ ਹੋ ਗਈ ਸੋਚ ਗੰਧਲੀ
ਖੌਰੇ ਦੇਸ਼ ਛੱਡ ਜਾਣ 'ਤੇ ਲੱਗਣੀ ਏ ਕਦੋਂ ਰੋਕ ਚੰਦਰੀ।

-ਬਲਤੇਜ ਸੰਧੂ

## ਕਿਹੜਾ ਪਿੰਡ ?

ਲੋੜਾਂ ਦੀ ਗਰਜ਼ ਨੇ,
ਬੇਰੁਜ਼ਗਾਰੀ ਦੇ ਕਰਜ਼ ਨੇ,
ਉਸ ਨੂੰ ਧੱਕ ਦਿੱਤਾ ਏ
ਸ਼ਹਿਰ ਵੱਲ ਨੂੰ,
ਤੇ ਉਹ 'ਕੱਲ-ਮੁਕੱਲਾ
ਕਿਰਾਏ ਦੇ ਕਮਰੇ ਦੀ ਨੁੱਕਰੇ
ਮਸਰੂਫੀਅਤ 'ਚ ਸੁਣ ਰਿਹਾ,
ਪਿੰਡ ਦੇ ਨੇੜੇ-ਨੇੜੇ ਆ ਰਹੇ,
ਸ਼ਹਿਰ ਵਿੱਚ ਵੱਜਦਾ ਗੌਣ
"ਕਿਹੜੇ ਪਿੰਡ ਦੀ ਤੂੰ ਨੀ
ਸਾਨੂੰ ਦੱਸ ਜਾ ਮੇਲਣੇ"

-ਜਗਵੀਰ ਕੌਰ

## ਵਕਤ

ਤਬਦੀਲੀ ਦੇ ਇਸ ਦੌਰ ਅੰਦਰ
ਵਕਤ
ਤੀਬਰਤਾ ਨਾਲ ਤਬਦੀਲ ਹੋ ਰਿਹੈ
ਜਿੱਥੇ ਕੱਲ੍ਹ ਲਿਆਕਤ
ਅਪਣੱਤ
ਭਾਈਚਾਰਾ
ਅਤੇ ਨਜ਼ਾਕਤ ਸੀ-
ਅੱਜਕੱਲ੍ਹ ਉੱਥੇ
ਬੇਗਾਨਗੀ ਦਾ ਅਹਿਸਾਸ ਹੈ
ਸਾੜੇ ਅਤੇ ਨਫ਼ਰਤਾਂ ਦਾ ਵਾਸ ਹੈ
ਤੇਜ਼ੀ ਨਾਲ ਬਦਲਦੇ ਵਕਤ ਅੰਦਰ
ਕਿੰਨਾ ਕੁਝ
ਪਿੱਛੇ ਛੁੱਟਦਾ ਜਾ ਰਿਹੈ
ਰਿਸ਼ਤਿਆਂ ਦੀ ਭੀੜ 'ਚ
ਕਈ ਵਾਰ ਤਾਂ ਲੱਗਦੈ
ਕਿ ਦਮ ਘੁੱਟਦਾ ਜਾ ਰਿਹੈ
ਆਰਥਿਕ ਪਾੜਾ ਹੋਰ ਵਧ ਰਿਹੈ
ਜੰਗ ਭਿਆਨਕ ਹੋਣ ਲੱਗੀ ਹੈ
ਇੱਕ-ਦੂਜੇ ਤੋਂ ਅੱਗੇ ਨਿਕਲਣ ਦੀ
ਦੌੜ ਜਿਹੀ ਲੱਗੀ ਹੈ
ਵਕਤ ਤੀਬਰਤਾ ਨਾਲ ਤਬਦੀਲ ਹੋ ਰਿਹੈ
ਗੁਨਾਹਾਂ ਦਾ ਭਰਿਆ ਬੰਦਾ
ਆਪੇ ਹੀ ਜੱਜ
ਵਕੀਲ
ਅਪੀਲ
ਤੇ ਆਪੇ ਹੀ ਦਲੀਲ ਹੋ ਰਿਹੈ
ਵਕਤ ਬਦਲ ਰਿਹੈ
ਵਕਤ ਸਦਾ ਹੀ
ਬਦਲਦਾ ਆਇਐ
ਵਕਤ ਨੇ ਬਦਲਦੇ ਹੀ ਰਹਿਣਾ ਹੈ!

-ਕੁਲਵਿੰਦਰ ਵਿਰਕ

## ਮਾਂ ਬੋਲੀ ਲਾਗੂ ਕਰੋ

ਸਭ ਸਕੂਲਾਂ ਨੂੰ ਹਾਕਮ ਨੇ ਹੁਕਮ ਚਾੜ੍ਹੇ,
ਕਰੋ ਲਾਗੂ ਆਪਣੀ ਮਾਂ ਬੋਲੀ।

ਨਹੀਂ ਤਾਂ ਕਰਾਂਗੇ ਸਖ਼ਤ ਕਾਰਵਾਈ,
ਜੇ ਨਾ ਕੀਤੀ ਹਾਂ, ਵਿੱਚ ਹਾਂ ਬੋਲੀ।

ਪੰਜਾਬੀ ਹੋ ਕੇ ਪੰਜਾਬੀ ਤੋਂ ਦੂਰ ਹੁੰਦੇ,
ਕਿਓਂ ਆਖਦੇ ਬੋਲਣੀ ਨਾਂਹ ਬੋਲੀ।

ਅਮੀਰ ਹੈ ਸਭਿਆਚਾਰ ਇਸ ਦਾ,
ਫਿਰ ਰੱਖੀਏ ਕਿਉਂ ਪਿਛਾਂਹ ਬੋਲੀ।

ਬਦੇਸ਼ੀ ਭਾਸ਼ਾ ਨੂੰ ਤੁਸੀਂ ਹੋ ਮੁੱਖ ਰੱਖਦੇ,
ਦਿੰਦੇ ਦਿਲਾਂ ਦੇ ਵਿੱਚ ਥਾਂ, ਬੋਲੀ।

ਸਖ਼ਤ ਫ਼ੈਸਲੇ ਸਰਕਾਰਾਂ ਜੇ ਲੈਣ ਏਦਾਂ,
ਇਹ ਜਾਊ ਸਭ ਤੋਂ ਅਗਾਂਹ ਬੋਲੀ।

ਘਰ ਮੁੜੇ ਨੂੰ, ਪੱਤੋ, ਨਾ ਕਹਿਣ ਭੁੱਲਿਆ,
ਹੋਵੇ ਸ਼ਗਨ, ਬਨੇਰੇ ਜਾਵੇ ਕਾਂ ਬੋਲੀ।



ਹਰਪ੍ਰੀਤ ਪੱਤੋ
94658-21417

## ਧਾਮੀ ਦੀ ਹਾਮੀ ?

ਅਹੁਦਾ ਛੱਡਿਆ ਭਾਵੇਂ 'ਪ੍ਰਧਾਨਗੀ' ਦਾ
ਫਿਰ ਵੀ ਆਪਣਾ ਹੁਕਮ ਚਲਾਈ ਜਾਵੇ।
ਪਹਿਲੇ 'ਕਾਰੇ' ਨਹੀਂ ਪੰਥ ਨੇ ਮਾਫ ਕੀਤੇ
ਹਾਂਡੀ ਕਾਠ ਦੀ ਮੁੜ ਮੁੜ ਚੜ੍ਹਾਈ ਜਾਵੇ।
ਰੱਸੀ ਸੜ ਗਈ ਵੱਟ ਨਹੀਂ ਗਿਆ ਹਾਲੇ
ਤਖਤ ਸਾਹਿਬ ਦੇ ਨਾਲ ਟਕਰਾਈ ਜਾਵੇ।
ਦੋ ਦਸੰਬਰ ਨੂੰ 'ਖੰਡਾ ਜੋ ਖੜਕਿਆ' ਸੀ
ਹੁਕਮਨਾਮੇ ਦੇ ਅਰਥ 'ਉਲਟਾਈ' ਜਾਵੇ।
ਜਥੇਦਾਰ ਨੂੰ 'ਲਾਹੁਣ' ਦਾ ਭਾਰ ਦਿਲ 'ਤੇ
ਹੁਣ ਦੁਬਾਰਾ ਗੁਨਾਹ ਨਹੀਂ ਕਰਨ ਲੱਗੇ।
ਸਾਰਾ ਲਾਣਾ ਹੁਸ਼ਿਆਰ ਪੁਰ ਜਾਈ ਜਾਂਦਾ
ਧਾਮੀ ਸਾਹਿਬ ਪਰ ਹਾਮੀ ਨਹੀਂ ਭਰਨ ਲੱਗੇ।



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਮੈਂ ਔਰਤ ਹਾਂ

ਮੈਂ ਔਰਤ ਹਾਂ ਅਤੇ ਔਰਤ ਹੀ ਰਹਾਂਗੀ
ਪਰ ਮੈਂ ਤੇਰੇ ਪਿੱਛੇ ਨਹੀਂ ਕਦਮਾਂ ਦੇ ਬਰਾਬਰ ਕਦਮ ਧਰਾਂਗੀ।
ਮੈਂ ਸੀਤਾ ਨਹੀਂ
ਜੋ ਆਪਣੇ ਸਤ ਲਈ ਤੈਨੂੰ ਅਗਨ ਪ੍ਰੀਖਿਆ ਦਿਆਂਗੀ।
ਮੈਂ ਦਰੋਪਤੀ ਵੀ ਨਹੀਂ
ਜੋ ਇੱਕ ਵਸਤੂ ਦੀ ਤਰ੍ਹਾਂ ਤੇਰੇ ਹੱਥੋਂ,
ਜੂਏ 'ਚ ਜਾ ਹਰਾਂਗੀ।
ਮੈਂ ਸੱਸੀ ਵੀ ਨਹੀਂ
ਜੋ ਤੇਰੀ ਡਾਚੀ ਦੀ ਪੈੜ ਭਾਲਦੀ ਭਾਲਦੀ
ਤਪਦੇ ਰੇਗਿਸਤਾਨ 'ਚ ਸੜ ਮਰਾਂਗੀ।
ਮੈਂ ਸੋਹਣੀ ਵੀ ਨਹੀਂ
ਜੋ ਕੱਚਿਆਂ 'ਤੇ ਤਰਦੀ ਤਰਦੀ
ਝਨਾਂ ਦੇ ਡੂੰਘੇ ਪਾਣੀਆਂ 'ਚ ਜਾ ਖਰਾਂਗੀ।
ਮੈਂ ਅਬਲਾ ਨਹੀਂ ਸਬਲਾ ਬਣਾਂਗੀ।
ਮੈਂ ਤਾਂ ਮਾਈ ਭਾਗੋ ਬਣ
ਭਟਕੇ ਹੋਏ ਵੀਰਾਂ ਨੂੰ ਰਾਹੇ ਪਾਉਣਾ ਹੈ!
ਮੈਂ ਤਾਂ ਮਲਾਲਾ ਬਣ
ਔਰਤ ਦੇ ਹੱਕ 'ਚ ਖਲੋਣਾ ਹੈ।
ਮੈਂ ਤਾਂ ਸ਼ਬਦਾਂ ਦਾ ਦੀਪ ਜਗਾ
ਹਨੇਰੇ ਰਾਹਾਂ ਨੂੰ ਰੁਸ਼ਨਾਉਣਾ ਹੈ।
ਮੈਂ ਤਾਂ ਗੋਬਿੰਦ ਦੀ ਸ਼ਮਸ਼ੀਰ ਬਣ
ਜ਼ਾਲਮ ਨੂੰ ਸਬਕ ਸਿਖਾਉਣਾ ਹੈ।
ਮੈਂ ਤਾਂ ਕਲਪਨਾ ਚਾਵਲਾ ਬਣ
ਧਰਤੀ ਹੀ ਨਹੀਂ, ਅੰਬਰ ਵੀ ਗਾਹੁਣਾ ਹੈ।
ਮੈਂ ਅਜੇ ਕਈ ਸਾਗਰ ਤਰਨੇ ਨੇ
ਮੈਂ ਅਜੇ ਪਰਬਤ ਸਰ ਕਰਨੇ ਨੇ।
ਬਹੁਤ ਕੁਝ ਹੈ ਅਜੇ ਮੇਰੇ ਕਰਨ ਲਈ
'ਦੀਸ਼' ਕੋਲ ਵਿਹਲ ਨਹੀਂ ਅਜੇ ਮਰਨ ਲਈ।
ਮੈਂ ਔਰਤ ਹਾਂ ਅਤੇ ਔਰਤ ਹੀ ਰਹਾਂਗੀ
ਪਰ ਮੈਂ ਤੇਰੇ ਪਿੱਛੇ ਨਹੀਂ ਕਦਮਾਂ ਦੇ ਬਰਾਬਰ ਕਦਮ ਧਰਾਂਗੀ।

- ਗੁਰਦੀਸ਼ ਕੌਰ ਗਰੇਵਾਲ

## ਮਿਹਨਤਕਸ਼ ਬੰਦੇ

ਤੰਗੀ ਤੁਰਸ਼ੀ ਚਲਦੀ ਰਹਿੰਦੀ,
ਅੱਗ ਦੁੱਖਾਂ ਦੀ ਬਲਦੀ ਰਹਿੰਦੀ,
ਰੁੱਤ ਬਹਾਰ ਦੀ ਢਲਦੀ ਰਹਿੰਦੀ।
ਮਾੜੇ ਲੇਖਾਂ ਨੂੰ ਰੋਈ ਨਾ,
ਤੂੰ ਰੱਬ ਤੋਂ ਮੁਨਕਰ ਹੋਈ ਨਾ।
ਮੈਂ ਮੰਨਦਾ ਤੇਰੀ ਅਜ਼ਲ ਤੋਂ,
ਦੁਖਦਾਇਕ ਕਹਾਣੀ।
ਮੈਂ ਸੁੱਕ ਕੇ ਹਰੀ ਹੁੰਦੀ ਦੇਖੀਏ,
ਇਕ ਰੁੱਖ ਦੀ ਟਾਹਣੀ।

ਫ਼ਿਕਰਾਂ ਵਿੱਚ ਡੁੱਬ ਡੁੱਬ ਕੇ,
ਇਨਸਾਨ ਹੋਵੇ ਭਾਵੇਂ ਘਾਹ,
ਪੀਲਾ ਪੈ ਜਾਂਦਾ।
ਪਰਵਰਦਿਗਾਰ ਜਦ ਨਾਲ ਹੋਵੇ ,
ਦੀਵਾ ਗੁੱਲ ਹੁੰਦਾ ਹੁੰਦਾ ਰਹਿ ਜਾਂਦਾ।
ਮਿਹਨਤਕਸ਼ ਨਹੀਓਂ ਹਾਰ ਦੇ ਹੁੰਦੇ,
ਕਦੇ ਵੀ ਪ੍ਰਾਣੀ ।
ਮੈਂ ਸੁੱਕ ਕੇ ਹਰੀ ਹੁੰਦੀ ਦੇਖੀਏ,
ਇਕ ਰੁੱਖ ਦੀ ਟਾਹਣੀ॥



ਮਨਦੀਪ ਖਾਨਪੁਰੀ
9779179060

## ਧੁੰਦ 'ਚ ਤੁਰਦਿਆਂ

ਧੁੰਦ 'ਚ ਤੁਰਦੇ ਲੋਕਾਂ ਦੇ ਨਾਲ ਕਦੇ ਵੀ ਕੁਝ ਵੀ ਹੋ ਸਕਦਾ ਹੈ,
ਖ਼ਬਰਾਂ ਸੁਣਕੇ ਭੜਕ ਨਾ ਜਾਣਾ ਨਵਾਂ ਤਾਂ ਕੁਝ ਵੀ ਹੋ ਸਕਦਾ ਹੈ।
ਗਿਰਗਿਟ ਵੀ ਹੁਣ ਰੰਗ ਬਦਲਣਾ ਸਿੱਖਦੀ ਵਿੱਚ ਅਕੈਡਮੀਆਂ,
ਕੁਦਰਤ ਵੀ ਪ੍ਰੇਸ਼ਾਨ ਕਿ ਮਾੜਾ ਉਸ ਨਾਲ ਕੁਝ ਵੀ ਹੋ ਸਕਦਾ ਹੈ।
ਕੁਝ ਤਾਂ ਰੌਸ਼ਨਦਾਨ ਮਨਾਂ ਦੇ ਖੋਲ੍ਹੋ ਫੋਨਾਂ ਕੈਮਰਿਆਂ,
ਨਹੀਂ ਤਾਂ ਕਿਰਪਾ ਲੱਭਦੇ ਭਗਤਾਂ ਦੇ ਨਾਲ ਕੁਝ ਵੀ ਹੋ ਸਕਦਾ ਹੈ।
ਭਾਵੁਕ ਹੋ ਕੇ, ਸ਼ੱਕੀ ਮਨ 'ਚੋਂ ਜੀਭੋਂ ਚੱਲੇ ਤੀਰਾਂ ਲਈ
ਮਾਫ਼ੀ ਕਹਿਕੇ ਗਲ੍ਹ ਲੱਗ ਜਾਈਏ ਤਾਂ ਹੀ ਕੁਝ ਵੀ ਹੋ ਸਕਦਾ ਹੈ।
ਮੈਲਾ ਮਨ ਵੀ ਕੁੰਜ ਬਦਲਕੇ ਸ਼ੁਕਰ ਦੀ ਬੁੱਕਲ ਬਹਿ ਜਾਵੇ
ਜ਼ਹਿਰ 'ਚੋਂ ਪੈਦਾ ਨਾਗਮਣੀ ਦੇ ਵਰਗਾ ਕੁਝ ਵੀ ਹੋ ਸਕਦਾ ਹੈ।
ਪਿਆਰ ਵਪਾਰ ਦੋਸਤੀ ਸ਼ਾਦੀ ਚੱਲ ਪਏ ਜਦੋਂ ਮੋਬਾਈਲਾਂ 'ਤੇ,
ਠੱਗੀ, ਧੋਖਾ, ਕਤਲ, ਬੇਇੱਜ਼ਤੀ ਸਮਝੋ ਕੁਝ ਵੀ ਹੋ ਸਕਦਾ ਹੈ।
ਚੁੱਪ ਜਦੋਂ ਸ਼ਮਸ਼ਾਨਾਂ ਵਰਗੀ ਬਣੇ ਪਸੰਦ ਹਕੂਮਤ ਦੀ,
ਗ਼ੈਰਤਮੰਦ ਅਵਾਮ ਦੇ ਹੱਥੋਂ ਕਦੇ ਵੀ ਕੁਝ ਵੀ ਹੋ ਸਕਦਾ ਹੈ।
ਹੱਦੋਂ ਵੱਧ ਨਿਵਾਣ ਜੇ 'ਰੱਤੜਾ' ਨਜ਼ਰ ਆਵੇ ਕਿਰਦਾਰਾਂ ਦੀ,
ਖ਼ਤਰਿਆਂ ਅੰਦਰ ਘਿਰੇ ਦੇਸ ਦਾ ਕਦੇ ਵੀ ਕੁਝ ਵੀ ਹੋ ਸਕਦਾ ਹੈ।

-ਕੇਵਲ ਸਿੰਘ ਰੱਤੜਾ

## ਜਜ਼ਬਾਤ

ਜਜ਼ਬਾਤਾਂ ਦੀ ਕੁੱਖ 'ਚੋਂ ਜਨਮ ਜਜ਼ਬਾਤ ਹੀ ਲੈਂਦੇ ਨੇ।
ਤੂੰ ਪਰਵਾਹ ਨਾ ਕਰੀਂ ਕਹੀ ਜਾਣਦੇ ਲੋਕ ਜੋ ਕਹਿੰਦੇ ਨੇ।
ਜਦ ਪਤਾ ਲੋਕਾਂ ਨੂੰ ਸੁਪਨੇ ਰੀਝਾਂ ਅਰਮਾਨ ਮੇਰੇ ਨੇ।
ਫਿਰ ਕਿਉਂ ਲੋਕ ਕਿਸੇ ਦੇ ਨਿੱਜੀ ਮਾਮਲਿਆਂ 'ਚ ਪੈਂਦੇ ਨੇ।
ਕਲਮ ਵੀ ਅੱਜਕਲ੍ਹ ਬਸ ਨਿੱਜਤਾ ਦੀ ਵਡਿਆਈ ਕਰਦੀ।
ਨਾਨਕ ਵਰਗੇ ਸਮਾਜ ਨੂੰ ਸੁਧਾਰਨ ਵਿੱਚ ਲੱਗੇ ਰਹਿੰਦੇ ਨੇ।
ਧਰਮ ਬੰਦੇ ਦੀ ਕਮਜ਼ੋਰੀ ਗ਼ੁਲਾਮੀ ਤੋਂ ਸਿਵਾ ਕੁਝ ਵੀ ਨਹੀਂ।
ਕਿਸਮਤ ਨੂੰ ਦੋਸ਼ ਦਿੰਦੇ ਨਹੀਂ ਕਾਫ਼ਰਾਂ ਦੇ ਹੌਸਲੇ ਜਦ ਢਹਿੰਦੇ ਨੇ।
ਗੂੜ੍ਹੀ ਨੀਂਦਰ ਸੁੱਤੇ ਪਏ ਸੀ ਹੁਣ ਜਾਗੇ ਨੇ ਹੱਕਾਂ ਲਈ।
ਬੇਇਨਸਾਫ਼ੀ ਖ਼ਿਲਾਫ਼ ਬਾਗ਼ੀ ਇਨਸਾਫ਼ ਲਈ ਜ਼ੁਲਮ ਸਹਿੰਦੇ ਨੇ।
ਚੰਦ ਸਾਹਾਂ ਲਈ ਡਰਪੋਕ ਡਰ ਜਾਣ ਡੰਡੇ ਦੇ ਡਰ ਤੋਂ।
ਦੂਜੇ ਪਾਸੇ ਸੂਰਮੇ ਸਮੇਂ ਦੀਆਂ ਸਰਕਾਰਾਂ ਨਾਲ ਖਹਿੰਦੇ ਨੇ।
ਕਦੇ ਮਿਟਦੇ ਨਾ ਕਦੇ ਮਰਦੇ ਨਾ ਹੋ ਜਾਣ ਅਮਰ ਸਦਾ।
ਜਜ਼ਬਾਤਾਂ ਦੀ ਕੁੱਖ 'ਚੋਂ ਜਨਮ ਜਜ਼ਬਾਤ ਹੀ ਲੈਂਦੇ ਨੇ।


-ਸਤਨਾਮ ਸ਼ਾਇਰ

## ਨਾਰੀ ਜੰਨਤ ਦੀ ਪਰਿਭਾਸ਼ਾ

ਨਾਰੀ ਜੰਨਤ ਦੀ ਪਰਿਭਾਸ਼ਾ।
ਨਾਰੀ ਪੀੜੀ ਦੀ ਅਭਿਲਾਸਾ।
ਨਾਰੀ ਮੰਦਿਰ ਵਿਚ ਜਿਉਂ ਜਯੋਤੀ।
ਨਾਰੀ ਮਮਤਾ ਵਾਲੀ ਗੋਦੀ।
ਨਾਰੀ ਸ਼ੀਤਲ ਨੀਰ ਸਮੁੰਦਰ।
ਨਾਰੀ ਸੱਚ ਖੰਡ ਵਿਚ ਹਰਿ ਮੰਦਰ।
ਨਾਰੀ ਧਰਤੀ ਨਾਰੀ ਅੰਬਰ।
ਨਾਰੀ ਸੁਖਮਨੀ ਦੁੱਖ ਅੰਦਰ।
ਨਾਰੀ ਸ਼ੁਭ ਮੰਗਲ ਅਭਿਵਾਦਨ।
ਨਾਰੀ ਮਾਰੂਥਲ ਵਿਚ ਸਾਵਣ।
ਨਾਰੀ ਅਗਨੀ ਵਾਲਾ ਮੰਜ਼ਰ।
ਨਾਰੀ ਦੁਸ਼ਮਣ ਦੇ ਲਈ ਖੰਜ਼ਰ।
ਨਾਰੀ ਸਤਿਅਮ ਸੁੰਦਰਮ ਸ਼ਕਤੀ।
ਨਾਰੀ ਪੂਜਾ ਨਾਰੀ ਭਗਤੀ।
ਨਾਰੀ ਬੰਦਨਵਾਰ ਜਿਉਂ ਦਰ 'ਤੇ।
ਨਾਰੀ ਕਿਰਪਾ ਦ੍ਰਿਸ਼ਟੀ ਘਰ 'ਤੇ।
ਨਾਰੀ ਜਿਉਂ ਖਿੜਦੀ ਖੁਸ਼ਹਾਲੀ।
ਨਾਰੀ ਸਾਰੇ ਜਗ ਦੀ ਵਾਲੀ।
ਨਾਰੀ ਵਗਦਾ ਦਰਿਆ ਹੈ ਪਰ।
ਨਾਰੀ ਚੜ੍ਹਦੇ ਹੜ੍ਹ ਦਾ ਹੈ ਡਰ੍।
ਨਾਰੀ ਮੰਗਲ ਕਲਸ਼ ਪਿਆਰਾ।
ਨਾਰੀ ਰੱਬ ਦਾ ਰੂਪ ਨਿਆਰਾ।
ਨਾਰੀ ਕਰਕੇ ਇਹ ਸੰਸਾਰ
ਨਾਰੀ ਕਰਕੇ ਸਭ ਭੰਡਾਰ।
ਨਾਰੀ ਮਿਹਰਾਂ ਵਾਲੀ ਦਾਤੀ।
ਨਾਰੀ ਸੂਰਜ ਵਾਲੀ ਝਾਤੀ।
ਨਾਰੀ ਕੋਮਲ ਗੰਦਲ ਵਾਂਗੂੰ।
ਨਾਰੀ ਖੁਸ਼ਬੂ ਚੰਦਨ ਵਾਂਗੂੰ।
ਨਾਰੀ ਵੇਲ ਮੁਹੱਬਤ ਵਾਲੀ।
ਨਾਰੀ ਫੁੱਲਾਂ ਲੱਦੀ ਡਾਲੀ।
ਨਾਰੀ ਸਰਬ ਕਲਾ ਸੰਪੂਰਨ।
ਨਾਰੀ ਅਰਪਨ ਨਾਰੀ ਦਰਪਨ।
ਨਾਰੀ ਸਾਰੇ ਜਗ ਦੀ ਜਨਨੀ।
ਨਾਰੀ ਜਿਉਂ ਦੀਵੇ ਦੀ ਅਗਨੀ
ਨਾਰੀ 'ਬਾਲਮ' ਪਾਕ ਪਵਿੱਤਰ।
ਨਾਰੀ ਸਭ ਤੋਂ ਸੱਚਾ ਮਿੱਤਰ।

ਬਲਵਿੰਦਰ 'ਬਾਲਮ' ਗੁਰਦਾਸਪੁਰ
98156-25409

# ਵਿਦਿਆਰਥੀਆਂ ਵੱਲੋਂ ਸਮਾਰਟਫੋਨ ਦੀ ਬਹੁਤ ਜ਼ਿਆਦਾ ਵਰਤੋਂ ਚਿੰਤਾ ਦਾ ਕਾਰਨ ਹੈ





ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਇਸ ਸਮੇਂ ਦੇਸ਼ ਭਰ ਵਿੱਚ ਸਕੂਲੀ ਵਿਦਿਆਰਥੀਆਂ ਵੱਲੋਂ ਮੋਬਾਈਲ ਫੋਨ ਦੀ ਬੇਲੋੜੀ ਵਰਤੋਂ ਸਮਾਜਿਕ ਚਿੰਤਾਵਾਂ ਨੂੰ ਜਨਮ ਦੇ ਰਹੀ ਹੈ। ਦੇਸ਼ ਦੇ 21 ਰਾਜਾਂ ਦੇ ਪੇਂਡੂ ਭਾਈਚਾਰਿਆਂ ਵਿੱਚ 6-16 ਸਾਲ ਦੀ ਉਮਰ ਦੇ ਸਕੂਲ ਜਾਣ ਵਾਲੇ ਬੱਚਿਆਂ ਦੇ 6,229 ਮਾਪਿਆਂ ਵਿੱਚ ਕੀਤੇ ਗਏ ਇੱਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਬੱਚੇ ਪੜ੍ਹਾਈ ਦੀ ਬਜਾਏ ਮਨੋਰੰਜਨ ਅਤੇ ਅਸ਼ਲੀਲ ਸਮੱਗਰੀ ਲਈ ਸਮਾਰਟਫੋਨ ਦੀ ਵਰਤੋਂ ਕਰਦੇ ਹਨ। ਖੋਜ ਅਤੇ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਜੋ ਵਿਦਿਆਰਥੀ ਆਪਣੇ ਫ਼ੋਨ ਦੇ ਨੇੜੇ ਪੜ੍ਹਦੇ ਹਨ, ਉਨ੍ਹਾਂ ਨੂੰ ਧਿਆਨ ਕੇਂਦਰਿਤ ਕਰਨ ਵਿੱਚ ਬਹੁਤ ਮੁਸ਼ਕਲ ਆਉਂਦੀ ਹੈ, ਭਾਵੇਂ ਉਹ ਫ਼ੋਨ ਦੀ ਵਰਤੋਂ ਨਾ ਵੀ ਕਰ ਰਹੇ ਹੋਣ। ਸਮਾਰਟਫੋਨ ਦੀ ਵਰਤੋਂ ਨੇ ਨੀਂਦ ਦੀ ਗੁਣਵੱਤਾ ਵਿੱਚ ਕਮੀ, ਵਧਿਆ ਤਣਾਅ, ਇਕਾਗਰਤਾ ਵਿੱਚ ਵਿਘਨ, ਯਾਦਦਾਸ਼ਤ ਵਿੱਚ ਕਮੀ, ਅਣਚਾਹੀ ਸਮੱਗਰੀ ਦੀ ਬਹੁਤ ਜ਼ਿਆਦਾ ਵਰਤੋਂ, ਮਾਨਸਿਕ ਅਤੇ ਸਰੀਰਕ ਸਿਹਤ 'ਤੇ ਮਾੜੇ ਪ੍ਰਭਾਵ ਵਰਗੇ ਖ਼ਤਰੇ ਪੈਦਾ ਕੀਤੇ ਹਨ।

ਇਨ੍ਹਾਂ ਵਧ ਰਹੇ ਖ਼ਤਰਿਆਂ ਦੇ ਮੱਦੇਨਜ਼ਰ, ਦੁਨੀਆ ਭਰ ਦੇ ਕਈ ਸਿੱਖਿਆ ਪ੍ਰਣਾਲੀਆਂ ਨੇ ਸਕੂਲਾਂ ਵਿੱਚ ਸਮਾਰਟਫੋਨ 'ਤੇ ਪਾਬੰਦੀ ਲਗਾ ਦਿੱਤੀ ਹੈ। ਯੂਨੈਸਕੋ, ਸੰਯੁਕਤ ਰਾਸ਼ਟਰ ਸਿੱਖਿਆ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ ਦੀ ਗਲੋਬਲ ਐਜੂਕੇਸ਼ਨ ਮਾਨੀਟਰਿੰਗ (GEM) ਟੀਮ ਦੇ ਅਨੁਸਾਰ, 60 ਸਿੱਖਿਆ ਪ੍ਰਣਾਲੀਆਂ, ਜਾਂ ਵਿਸ਼ਵ ਪੱਧਰ 'ਤੇ ਰਜਿਸਟਰਡ ਸਾਰੀਆਂ ਸਿੱਖਿਆ ਪ੍ਰਣਾਲੀਆਂ ਦਾ 30 ਪ੍ਰਤੀਸ਼ਤ, ਨੇ 2023 ਦੇ ਅੰਤ ਤੱਕ ਖਾਸ ਕਾਨੂੰਨਾਂ ਜਾਂ ਨੀਤੀਆਂ ਰਾਹੀਂ ਸਕੂਲਾਂ ਵਿੱਚ ਸਮਾਰਟਫੋਨ 'ਤੇ ਪਾਬੰਦੀ ਲਗਾ ਦਿੱਤੀ ਸੀ। ਡਿਜੀਟਲ ਸਿੱਖਿਆ ਅਤੇ ਸਮਾਰਟਫੋਨ ਦੀ ਵਰਤੋਂ ਵਿੱਚ ਬੱਚਿਆਂ ਦੀ ਭਾਗੀਦਾਰੀ ਤੇਜ਼ੀ ਨਾਲ ਵੱਧ ਰਹੀ ਹੈ। ਇਹ ਕੋਈ ਬੁਰੀ ਗੱਲ ਨਹੀਂ ਹੈ। ਇਹ ਬਦਲਾਅ ਸਿੱਖਿਆ ਦੇ ਖੇਤਰ ਵਿੱਚ ਨਵੇਂ ਮੌਕੇ ਪੈਦਾ ਕਰ ਰਿਹਾ ਹੈ, ਪਰ ਇਹ ਕਈ ਚੁਣੌਤੀਆਂ ਵੀ ਲਿਆ ਰਿਹਾ ਹੈ, ਜਿਨ੍ਹਾਂ ਵਿੱਚੋਂ ਡਿਜੀਟਲ ਸਿੱਖਿਆ ਨੂੰ ਸੰਤੁਲਿਤ ਅਤੇ ਸੁਰੱਖਿਅਤ ਬਣਾਉਣਾ ਆਉਣ ਵਾਲੇ ਸਮੇਂ ਵਿੱਚ ਇੱਕ ਵੱਡੀ ਚੁਣੌਤੀ ਹੈ। ਡਿਜੀਟਲ ਸਿੱਖਿਆ ਦੇ ਵਧਦੇ ਪ੍ਰਭਾਵ ਦੇ ਨਾਲ, ਸਮਾਰਟਫੋਨ ਅਤੇ ਇੰਟਰਨੈੱਟ ਦੀ ਸਹੀ, ਸੰਜਮ ਅਤੇ ਸੁਰੱਖਿਅਤ ਵਰਤੋਂ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੋ ਗਿਆ ਹੈ।

ਇਹ ਸਭ ਜਾਣਦੇ ਹਨ ਕਿ ਵੱਖ-ਵੱਖ ਔਨਲਾਈਨ ਵਿਦਿਅਕ ਪ੍ਰੋਗਰਾਮਾਂ ਦੇ ਕਾਰਨ, ਵਿਦਿਆਰਥੀਆਂ ਵਿੱਚ ਮੋਬਾਈਲ ਫੋਨ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ। ਕਈ ਪਬਲਿਕ ਸਕੂਲਾਂ ਨੇ ਤਾਂ ਔਨਲਾਈਨ ਸਿੱਖਿਆ ਲਈ ਮੋਬਾਈਲ ਫੋਨ ਦੀ ਵਰਤੋਂ ਵੀ ਲਾਜ਼ਮੀ ਕਰ ਦਿੱਤੀ ਹੈ। ਸਰਕਾਰੀ ਸਕੂਲਾਂ ਵਿੱਚ ਘੱਟ ਜਾਂ ਵੱਧ ਅਜਿਹੀ ਕੋਈ ਮਜਬੂਰੀ ਨਹੀਂ ਹੈ। ਪਰ ਵਿਸ਼ਵ ਪੱਧਰ 'ਤੇ ਕੀਤੇ ਗਏ ਇੱਕ ਸਰਵੇਖਣ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਭਾਵੇਂ ਸਮਾਰਟਫੋਨ ਕੁਝ ਹੱਦ ਤੱਕ ਸਿੱਖਣ ਦੀ ਪ੍ਰਕਿਰਿਆ ਵਿੱਚ ਮਦਦਗਾਰ ਸਾਬਤ ਹੋਇਆ ਹੈ, ਪਰ ਇਸਦੇ ਮਾੜੇ ਪ੍ਰਭਾਵਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਅੱਜ 60 ਪ੍ਰਤੀਸ਼ਤ ਮਾਪੇ ਆਪਣੇ ਬੱਚਿਆਂ ਦੁਆਰਾ ਤਕਨਾਲੋਜੀ ਦੀ ਵਰਤੋਂ ਦੀ ਨਿਗਰਾਨੀ ਨਹੀਂ ਕਰਦੇ ਅਤੇ 75 ਪ੍ਰਤੀਸ਼ਤ ਬੱਚਿਆਂ ਨੂੰ ਆਪਣੇ ਬੈੱਡਰੂਮਾਂ ਵਿੱਚ ਤਕਨਾਲੋਜੀ ਦੀ ਵਰਤੋਂ ਕਰਨ ਦੀ ਖੁੱਲ੍ਹ ਹੈ। ਅੱਜ, ਤਕਨਾਲੋਜੀ ਦੇ ਦਖਲ ਕਾਰਨ 9-10 ਸਾਲ ਦੀ ਉਮਰ ਦੇ ਲੱਖਾਂ ਬੱਚਿਆਂ ਦੀ ਨੀਂਦ ਅਤੇ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਸਮਾਰਟਫੋਨ ਦੀ ਬੇਕਾਬੂ ਵਰਤੋਂ ਕਾਰਨ, ਬੱਚਿਆਂ ਵਿੱਚ ਡਿਪਰੈਸ਼ਨ, ਚਿੰਤਾ, ਅਟੈਚਮੈਂਟ ਡਿਸਆਰਡਰ, ਧਿਆਨ ਘਾਟਾ ਵਿਕਾਰ, ਬਾਈਪੋਲਰ ਡਿਸਆਰਡਰ, ਮੇਨੀਆ ਅਤੇ ਸਮੱਸਿਆ ਵਾਲੇ ਬਾਲ ਵਿਵਹਾਰ ਵਰਗੀਆਂ ਸਮੱਸਿਆਵਾਂ ਵੱਧ ਰਹੀਆਂ ਹਨ। ਸਕੂਲੀ ਸਿੱਖਿਆ ਨਾਲ ਜੁੜੇ ਸਾਰੇ ਲੋਕਾਂ ਲਈ ਇਸ ਤੋਂ ਪੈਦਾ ਹੋਣ ਵਾਲੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਹੋਣਾ ਜ਼ਰੂਰੀ ਜਾਪਦਾ ਹੈ ਅਤੇ ਇਸ ਲਈ ਸਾਰੇ ਜ਼ਰੂਰੀ ਕਦਮ ਚੁੱਕਣਾ ਸਮੇਂ ਦੀ ਲੋੜ ਹੈ।

# ਕਤਲ ਤੋਂ ਬਾਅਦ ਜ਼ਿੰਦਾ ਹੋ ਗਈ ਔਰਤ



ਬਲਰਾਜ ਸਿੰਘ ਸਿੱਧੂ

ਕੁਝ ਸਾਲ ਪਹਿਲਾਂ ਮੈਂ ਉਸ ਸਬ-ਡਵੀਜ਼ਨ ਵਿੱਚ ਬਤੌਰ ਐੱਸ.ਪੀ. ਤਾਇਨਾਤ ਸੀ ਜਿਸ ਅਧੀਨ ਤਤਕਾਲੀ ਮੁੱਖ ਮੰਤਰੀ ਦਾ ਚੋਣ ਹਲਕਾ ਅਤੇ ਜੱਦੀ ਪਿੰਡ ਆਉਂਦਾ ਸੀ। ਮੁੱਖ ਮੰਤਰੀ ਵੱਲੋਂ ਮਹੀਨੇ ਵਿੱਚੋਂ 20 ਦਿਨ ਹਲਕੇ ਦਾ ਦੌਰਾ ਕਰਨ ਵਿੱਚ ਹੀ ਗੁਜ਼ਾਰੇ ਜਾਂਦੇ ਸਨ ਤੇ ਸਾਰੇ ਜ਼ਿਲ੍ਹੇ ਦੀ ਪੁਲੀਸ ਦਿਨ ਰਾਤ ਡਿਊਟੀ 'ਤੇ ਚੜ੍ਹੀ ਰਹਿੰਦੀ ਸੀ। ਕੋਈ ਕਰਮਾਂ ਵਾਲਾ ਦਿਨ ਹੀ ਹੁੰਦਾ ਸੀ ਜਦੋਂ ਸਾਨੂੰ ਦਫਤਰ ਬੈਠਣ ਦਾ ਮੌਕਾ ਮਿਲਦਾ ਸੀ। ਮੈਨੂੰ ਉਥੇ ਲੱਗੇ ਨੂੰ ਅਜੇ ਦੋ ਕੁ ਹਫਤੇ ਹੀ ਹੋਏ ਸਨ ਕਿ 24-25 ਸਾਲ ਦਾ ਕੁਲਦੀਪ (ਕਾਲਪਨਿਕ ਨਾਮ) ਨਾਮਕ ਇੱਕ ਲੜਕਾ ਆਪਣੇ ਦੋਸਤ ਸੰਦੀਪ (ਕਾਲਪਨਿਕ ਨਾਮ) ਸਮੇਤ ਮੈਨੂੰ ਮਿਲਣ ਲਈ ਆ ਗਿਆ। ਜਦੋਂ ਮੈਂ ਕੰਮ ਪੁੱਛਿਆ ਤਾਂ ਉਸ ਨੇ ਮੈਨੂੰ ਆਪਣੀ ਦਰਦ ਕਹਾਣੀ ਕਹਿ ਸੁਣਾਈ।

ਉਸ ਨੇ ਦੱਸਿਆ ਕਿ ਚਾਰ ਕੁ ਸਾਲ ਪਹਿਲਾਂ ਉਸ ਦਾ ਵਿਆਹ ਪੂਜਾ ਰਾਣੀ (ਕਾਲਪਨਿਕ ਨਾਮ) ਨਾਲ ਹੋਇਆ ਸੀ। ਛੇ ਕੁ ਮਹੀਨੇ ਤਾਂ ਵਧੀਆ ਲੰਘੇ ਪਰ ਬਾਅਦ ਵਿੱਚ ਪੂਜਾ ਨੇ ਉਸ ਨਾਲ ਲੜਨਾ ਸ਼ੁਰੂ ਕਰ ਦਿੱਤਾ। ਅੱਜ ਤੋਂ ਦੋ ਕੁ ਸਾਲ ਪਹਿਲਾਂ ਪੂਜਾ ਇੱਕ ਰਾਤ ਘਰ ਛੱਡ ਕੇ ਗਾਇਬ ਹੋ ਗਈ। ਉਸ ਨੇ ਜਦੋਂ ਸਹੁਰਿਆਂ ਨੂੰ ਇਸ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ ਕਿ ਉਸ ਨੇ ਹੀ ਪੂਜਾ ਨੂੰ ਮਾਰ ਕੇ ਗਾਇਬ ਕੀਤਾ ਹੈ। ਉਨ੍ਹਾਂ ਨੇ ਕੁਲਦੀਪ ਦੇ ਖਿਲਾਫ ਸਬੰਧਿਤ ਥਾਣੇ ਵਿੱਚ ਇਸ ਸਬੰਧੀ ਦਰਖਾਸਤ ਦੇ ਦਿੱਤੀ। ਅਜੇ ਪੁਲੀਸ ਤਫਤੀਸ਼ ਕਰ ਹੀ ਰਹੀ ਸੀ ਕਿ ਮਹੀਨੇ ਕੁ ਬਾਅਦ ਇੱਕ ਔਰਤ ਦੀ ਗਲੀ ਸੜੀ ਲਾਸ਼ ਉਥੋਂ ਗੁਜ਼ਰਦੀ ਇੱਕ ਨਹਿਰ ਦੇ ਕਿਨਾਰੇ ਝਾੜੀਆਂ ਵਿੱਚ ਪਈ ਮਿਲ ਗਈ। ਜਦੋਂ ਉਸ ਦਾ ਪੂਜਾ ਦਾ ਪਰਿਵਾਰ ਮੌਕੇ 'ਤੇ ਬੁਲਾਇਆ ਗਿਆ ਤਾਂ ਉਨ੍ਹਾਂ ਨੇ ਰੌਲਾ ਪਾ ਦਿੱਤਾ ਕਿ ਇਹ ਲਾਸ਼ ਪੂਜਾ ਦੀ ਹੀ ਹੈ ਤੇ ਉਸ ਦਾ ਕਤਲ ਕੁਲਦੀਪ ਨੇ ਕੀਤਾ ਹੈ। ਲਾਸ਼ ਪਛਾਨਣ ਯੋਗ ਨਹੀਂ ਸੀ ਪਰ ਪੂਜਾ ਦੇ ਪਿਓ ਦੇ ਬਿਆਨਾਂ 'ਤੇ ਪੁਲੀਸ ਨੇ ਕੁਲਦੀਪ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਪੁਲੀਸ ਨੇ ਉਸ ਕੇਸ ਦੀ ਤਫਤੀਸ਼ ਚੰਗੇ ਢੰਗ ਨਾਲ ਨਾ ਕੀਤੀ ਤੇ ਇਥੋਂ ਤੱਕ ਲਾਸ਼ ਦਾ ਡੀਐੱਨਏ ਟੈਸਟ ਵੀ ਨਾ ਕਰਵਾਇਆ। ਕੱਚਾ-ਪੱਕਾ ਚਲਾਨ ਅਦਾਲਤ 'ਚ ਧੱਕ ਦਿੱਤਾ, ਜਿਸ ਕਾਰਨ ਡੇਢ-ਦੋ ਸਾਲ ਬਾਅਦ ਕੁਲਦੀਪ ਦੀ ਜ਼ਮਾਨਤ ਹੋ ਗਈ।

ਪਰ ਕੁਲਦੀਪ ਲਗਾਤਾਰ ਇਹ ਕਹਿੰਦਾ ਰਿਹਾ ਕਿ ਉਹ ਬੇਗੁਨਾਹ ਹੈ, ਸਿਰਫ ਉਸ ਨੂੰ ਫਸਾਉਣ ਖਾਤਰ ਉਸ ਦੇ ਸਹੁਰੇ ਨੇ ਉਸ ਲਾਸ਼ ਦੀ ਪੂਜਾ ਵਜੋਂ ਸ਼ਨਾਖਤ ਕੀਤੀ ਸੀ। ਜਦੋਂ ਮੈਂ ਸਬੰਧਿਤ ਥਾਣੇ ਦੇ ਐੱਸਐੱਚਓ ਨੂੰ ਇਸ ਬਾਬਤ ਪੁੱਛਿਆ ਤਾਂ ਉਸ ਨੇ ਉਹੋ ਪੁਰਾਣੇ ਪੁਲਸੀਆ ਅੰਦਾਜ਼ ਵਿੱਚ ਕਿਹਾ ਕਿ ਜਨਾਬ ਇਹ ਤਾਂ ਐਵੇਂ ਬਕਵਾਸ ਕਰਦਾ ਹੈ। ਕਤਲ ਇਸੇ ਨੇ ਕੀਤਾ ਹੈ, ਜੇ ਪੂਜਾ ਜ਼ਿੰਦਾ ਹੁੰਦੀ ਤਾਂ ਹੁਣ ਤੱਕ ਮਿਲ ਨਾ ਜਾਂਦੀ। ਮੈਂ ਐੱਸਐੱਚਓ ਨੂੰ ਪੁੱਛਿਆ ਕਿ ਤੁਸੀਂ ਪੂਜਾ ਨੂੰ ਲੱਭਣ ਲਈ ਹੁਣ ਤੱਕ ਕੀ ਕੋਸ਼ਿਸ਼ਾਂ ਕੀਤੀਆਂ ਹਨ ਤਾਂ ਉਸ ਨੇ ਕਿਹਾ ਕਿ ਸਰ ਜਦੋਂ ਉਹ ਮਰ ਚੁੱਕੀ ਹੈ ਤਾਂ ਕੋਸ਼ਿਸ਼ ਕੀ ਕਰਨੀ ਸੀ? ਐੱਸਐੱਚਓ ਨਾਲ ਗੱਲ ਕਰਨ ਤੋਂ ਬਾਅਦ ਮੈਂ ਸਮਝ ਗਿਆ ਕਿ ਉਸ ਨੂੰ ਕੁਲਦੀਪ ਦੀ ਮਦਦ ਕਰਨ ਲਈ ਕਹਿਣਾ ਫਜ਼ੂਲ ਹੈ। ਕੁਲਦੀਪ ਦੀ ਸ਼ਰਾਫਤ ਵੇਖ ਕੇ ਮੈਨੂੰ ਲੱਗਣ ਲੱਗ ਪਿਆ ਕਿ ਇਹ ਬੰਦਾ ਬੇਗੁਨਾਹ ਹੈ। ਮੈਂ ਉਸ ਨੂੰ ਸਪੱਸ਼ਟ ਦੱਸ ਦਿੱਤਾ ਕਿ ਥਾਣੇ ਦੀ ਪੁਲੀਸ ਤੈਨੂੰ ਕਾਤਲ ਮੰਨ ਚੁੱਕੀ ਹੈ ਇਸ ਲਈ ਤੈਨੂੰ ਆਪ ਹੀ ਹਿੰਮਤ ਕਰਨੀ ਪੈਣੀ ਹੈ। ਆਪਣੇ ਦੋਸਤਾਂ, ਵਾਕਿਫਕਾਰਾਂ ਤੇ ਰਿਸ਼ਤੇਦਾਰਾਂ ਦੀ ਮਦਦ ਲੈ। ਜਿੱਥੇ ਮੇਰੀ ਜ਼ਰੂਰਤ ਪਵੇ, ਭਾਵੇਂ ਰਾਤ ਦੇ ਬਾਰਾਂ ਵਜੇ ਫੋਨ ਕਰ ਦੇਵੀਂ, ਉਥੇ ਹੀ ਪੁਲੀਸ ਪਾਰਟੀ ਭੇਜ ਦਿਆਂਗਾ। ਮੇਰੀ ਗੱਲ ਸੁਣ ਕੇ ਉਸ ਦਾ ਹੌਸਲਾ ਵਧ ਗਿਆ ਤੇ ਉਹ ਧੰਨਵਾਦ ਕਰ ਕੇ ਚਲਾ ਗਿਆ। ਉਸ ਨੇ ਦੂਰ ਦੂਰ ਤੱਕ ਆਪਣੇ ਯਾਰਾਂ ਦੋਸਤਾਂ, ਵਾਕਿਫਾਂ ਅਤੇ ਰਿਸ਼ਤੇਦਾਰਾਂ ਨੂੰ ਪੂਜਾ ਦੀਆਂ ਫੋਟੋਆਂ ਭੇਜ ਦਿੱਤੀਆਂ। ਉਸ ਦਾ ਇੱਕ ਦੋਸਤ ਟੈਂਪੂ 'ਤੇ ਸਮਾਨ ਢੋਣ ਦਾ ਕੰਮ ਕਰਦਾ ਸੀ। ਉਸ ਨੇ ਕੁਲਦੀਪ ਨੂੰ ਦੱਸਿਆ ਕਿ ਉਹ ਹਿਸਾਰ (ਹਰਿਆਣਾ) ਨੇੜੇ ਇੱਕ ਪਿੰਡ ਹਸਨਪੁਰ (ਕਾਲਪਨਿਕ ਨਾਮ) ਮਾਲ ਲੈ ਕੇ ਗਿਆ ਸੀ ਤਾਂ ਉਸ ਨੇ ਉਥੇ ਇੱਕ ਘਰ ਦੇ ਬਾਹਰ ਬਿਲਕੁਲ ਪੂਜਾ ਵਰਗੀ ਔਰਤ ਖੜ੍ਹੀ ਵੇਖੀ ਸੀ। ਕੁਲਦੀਪ ਫਟਾਫਟ ਮੇਰੇ ਕੋਲ ਆਇਆ ਤਾਂ ਮੈਂ ਉਸ ਨੂੰ ਸਮਝਾਇਆ ਕਿ ਉਹ ਪਹਿਲਾਂ ਆਪ ਪੱਕਾ ਕਰ ਲਵੇ ਕਿ ਉਹ ਔਰਤ ਪੂਜਾ ਹੀ ਹੈ।

ਕੁਲਦੀਪ ਦਾ ਦੋਸਤ ਸੰਦੀਪ ਪੂਜਾ ਨੂੰ ਚੰਗੀ ਤਰ੍ਹਾਂ ਪਛਾਣਦਾ ਸੀ। ਉਸ ਨੇ ਭੇਸ ਬਦਲ ਲਿਆ ਤੇ ਹਸਨਪੁਰ ਵਿੱਚ ਰੇਹੜੀ ਰਾਹੀਂ ਸਬਜ਼ੀ ਆਦਿ ਵੇਚਣ ਲੱਗ ਪਿਆ। ਦਸ ਕੁ ਦਿਨਾਂ ਬਾਅਦ ਉਸ ਦੀ ਮਿਹਨਤ ਰੰਗ ਲਿਆਈ ਤੇ ਪੂਜਾ ਉਸ ਦੀ ਰੇਹੜੀ 'ਤੇ ਸਬਜ਼ੀ ਖਰੀਦਣ ਲਈ ਘਰੋਂ ਬਾਹਰ ਆ ਗਈ। ਪੂਜਾ ਨੇ ਸੰਦੀਪ ਨੂੰ ਨਾ ਪਛਾਣਿਆ ਤੇ ਕੁਲਦੀਪ ਨੇ ਉਸੇ ਵੇਲੇ ਮੈਨੂੰ ਫੋਨ ਕਰ ਦਿੱਤਾ ਤੇ ਅਗਲੇ ਦਿਨ ਮੇਰੇ ਕੋਲ ਪਹੁੰਚ ਗਿਆ। ਕੁਲਦੀਪ ਦੀ ਥਾਣੇ ਦੇ ਐੱਸਐੱਚਓ ਨਾਲ ਹੋਈ ਗੱਲਬਾਤ ਤੋਂ ਬਾਅਦ ਮੈਨੂੰ ਉਸ 'ਤੇ ਕੋਈ ਭਰੋਸਾ ਨਹੀਂ ਸੀ। ਇਸ ਕਾਰਨ ਮੈਂ ਆਪਣੇ ਅਧੀਨ ਦੂਜੇ ਥਾਣੇ ਦੇ ਤੇਜ਼ ਤੱਰਾਰ ਐੱਸਐੱਚਓ ਨੂੰ ਕੁਲਦੀਪ ਦੇ ਨਾਲ ਭੇਜ ਦਿੱਤਾ। ਉਨ੍ਹਾਂ ਨੇ ਹਿਸਾਰ ਸਦਰ ਥਾਣੇ ਦੀ ਪੁਲੀਸ ਪਾਰਟੀ ਨੂੰ ਨਾਲ ਲੈ ਕੇ ਹਸਨਪੁਰ ਰੇਡ ਕਰ ਦਿੱਤੀ ਤੇ ਪੂਜਾ ਨੂੰ ਫੜ ਲਿਆ। ਪਹਿਲਾਂ ਤਾਂ ਘਰ ਵਾਲਿਆਂ ਨੇ ਕੁਝ ਵਿਰੋਧ ਕੀਤਾ ਪਰ ਜਦੋਂ ਉਨ੍ਹਾਂ ਨੂੰ ਕੁਲਦੀਪ ਤੇ ਪੂਜਾ ਦੇ ਵਿਆਹ ਦੀ ਐਲਬਮ ਵਿਖਾਈ ਗਈ ਤਾਂ ਉਹ ਚੁੱਪ ਕਰ ਗਏ।

ਵਾਪਸ ਆ ਕੇ ਜਦੋਂ ਪੂਜਾ ਦੇ ਪਰਿਵਾਰ ਨੂੰ ਬੁਲਾਇਆ ਤਾਂ ਉਸ ਦੀ ਮਾਂ ਧਾਹਾਂ ਮਾਰ ਕੇ ਉਸ ਦੇ ਗਲ ਲੱਗ ਕੇ ਰੋਣ ਲੱਗ ਪਈ। ਪਰ ਉਸ ਦਾ ਪਿਓ ਅਜੇ ਵੀ ਨਹੀਂ ਮੰਨ ਰਿਹਾ ਸੀ ਕਿ ਪੂਜਾ ਉਸ ਦੀ ਧੀ ਹੈ। ਜਦੋਂ ਰਿਸ਼ਤੇਦਾਰਾਂ ਨੇ ਲਾਹਣਤਾਂ ਪਾਈਆਂ ਤਾਂ ਉਸ ਦੀ ਸੁਰਤ ਟਿਕਾਣੇ ਆ ਗਈ। ਅਸਲ 'ਚ ਪੂਜਾ ਬਚਪਨ ਤੋਂ ਹੀ ਝਗੜਾਲੂ ਸੁਭਾਅ ਦੀ ਸੀ। ਕੁਲਦੀਪ ਬੱਚਾ ਚਾਹੁੰਦਾ ਸੀ ਪਰ ਪੂਜਾ ਇਸ ਦੇ ਖ਼ਿਲਾਫ਼ ਸੀ। ਉਸ ਨੇ ਇੱਕ ਵਾਰ ਕੁਲਦੀਪ ਨੂੰ ਦੱਸੇ ਬਗੈਰ ਦੋ ਕੁ ਮਹੀਨੇ ਦਾ ਗਰਭ ਗਿਰਾ ਦਿੱਤਾ, ਜਿਸ ਕਾਰਨ ਘਰ 'ਚ ਝਗੜਾ ਵਧ ਗਿਆ ਸੀ। ਐਨੇ ਨੂੰ ਉਹ ਸੋਸ਼ਲ ਮੀਡੀਆ ਰਾਹੀਂ ਹਸਨਪੁਰ ਵਾਲੇ ਵਿਅਕਤੀ ਦੇ ਇਸ਼ਕ ਵਿੱਚ ਪੈ ਗਈ ਤੇ ਇੱਕ ਰਾਤ ਉਸ ਨਾਲ ਫਰਾਰ ਹੋ ਗਈ। ਇਸ ਤੋਂ ਬਾਅਦ ਪੂਜਾ ਨੂੰ ਅਦਾਲਤ 'ਚ ਪੇਸ਼ ਕਰ ਕੇ ਕਾਨੂੰਨੀ ਪ੍ਰਕਿਰਿਆ ਰਾਹੀਂ ਕੁਲਦੀਪ ਖ਼ਿਲਾਫ਼ ਕੇਸ ਰੱਦ ਕਰਵਾਇਆ ਗਿਆ। ਕੇਸ ਖਤਮ ਹੋਣ 'ਤੇ ਕੁਲਦੀਪ ਨੇ ਪੂਜਾ ਨੂੰ ਤਲਾਕ ਦੇ ਦਿੱਤਾ ਤੇ ਉਹ ਹਸਨਪੁਰ ਵਾਲੇ ਵਿਅਕਤੀ ਕੋਲ ਵਾਪਸ ਚਲੀ ਗਈ। ਪਰ ਜਿਸ ਲਾਸ਼ ਦੀ ਪੂਜਾ ਹੋਣ ਬਾਰੇ ਸ਼ਨਾਖਤ ਕੀਤੀ ਗਈ ਸੀ, ਉਸ ਬਾਰੇ ਮੈਂ ਪੰਜਾਬ ਤੇ ਹਰਿਆਣੇ ਦੇ ਸਾਰੇ ਥਾਣਿਆਂ ਨੂੰ ਸੂਚਿਤ ਕੀਤਾ ਪਰ ਕੋਈ ਸੁਰਾਗ ਨਾ ਲੱਗ ਸਕਿਆ। ਸ਼ਾਇਦ ਉਹ ਯੂਪੀ ਬਿਹਾਰ ਵਰਗੇ ਕਿਸੇ ਦੂਰ ਦੇ ਸੂਬੇ ਦੀ ਸੀ ਤੇ ਉਸ ਨੂੰ ਕਤਲ ਕਰ ਕੇ ਇੱਥੇ ਸੁੱਟ ਦਿੱਤਾ ਗਿਆ ਸੀ।

Josanjh Family
AUTO GROUP

Cadillac
CHEVROLET
INFINITI
KIA
NISSAN
BUICK
GMC
CHRYSLER
Jeep
DODGE
RAM
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD